
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 48
March 9, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਜਨਤਾ ਦਾ ਵਿਸ਼ਵਾਸ ਸਾਡੇ ਨਾਲ- ਮੋਦੀ



**ਨਵੀਂ ਦਿੱਲੀ (ਬਿਊਰੋ)–** ਪੰਜ ਸੂਬਿਆਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਲਈ ਵੋਟਾਂ ਦੀ ਗਿਣਤੀ ਜਾਰੀ ਹੈ। ਯੂਪੀ ਵਿੱਚ ਇੱਕ ਵਾਰ ਫਿਰ ਭਾਜਪਾ ਸਰਕਾਰ ਬਣ-ਾਉਂਦੀ ਨਜ਼ਰ ਆ ਰਹੀ ਹੈ। ਰੁਝਾਨਾਂ ਮੁਤਾਬਕ ਭਾਜਪਾ ਨੂੰ ਪੂਰਨ ਬਹੁਮਤ ਮਿਲਿਆ ਹੈ। ਉੱਤਰਾਖੰਡ ਵਿੱਚ ਵੀ ਭਾਜਪਾ ਵਾਪਸੀ ਕਰਦੀ ਨਜ਼ਰ ਆ ਰਹੀ ਹੈ। ਇਸ ਦੇ ਨਾਲ ਹੀ ਪੰਜਾਬ 'ਚ ਆਮ ਆਦਮੀ ਪਾਰਟੀ ਦਾ ਹੂੰਝਾ ਫੇਰੂ ਚੱਲਿਆ ਹੈ। ਗੋਆ ਅਤੇ ਮਨੀਪੁਰ ਵਿੱਚ ਭਾਜਪਾ ਬਹੁਮਤ ਦ ਪ੍ਰਾਪਤ ਕਰ ਗਈ ਹੈ।

ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਦਿੱਲੀ ਸਥਿਤ ਭਾਜਪਾ ਮੁੱਖ ਦਫਤਰ 'ਤੇ ਜਸ਼ਨ ਮਨਾਇਆ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਸ਼ਾਮ ਨੂੰ ਬੀਜੇਪੀ ਦੇ ਕੌਮੀ ਮੁੱਖ ਦਫਤਰ ਦਾ ਦੌਰਾ ਕੀਤਾ। ਪੀਐਮ ਮੋਦੀ ਨੇ ਚਾਰ ਸੂਬਿਆਂ 'ਚ ਦਮਦਾਰ ਪ੍ਰਦਰਸ਼ਨ ਲਈ ਭਾਜਪਾ ਦੇ ਵਰਕਰਾਂ ਦੀ ਸ਼ਲਾਘਾ ਕੀਤੀ। ਆਪਣੇ ਸੰਬੋਧਨ 'ਚ ਪ੍ਰਧਾਨ ਮੰਤਰੀ ਨੇ ਵਿਰੋਧੀਆਂ 'ਤੇ ਕਰਾਰਾ ਵਾਰ ਕੀਤਾ। ਨਾਲ ਹੀ ਯੂਕਰੇਨ ਸੰਕਟ ਦਾ ਵੀ ਜ਼ਿਕਰ ਕੀਤਾ।

ਪੀਐਮ ਮੋਦੀ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਸ ਯੁੱਧ ਦਾ ਅਸਰ ਹਰ ਦੇਸ਼ 'ਤੇ ਪੈ ਰਿਹਾ ਹੈ। ਜੋ ਦੇਸ਼ ਯੁੱਧ ਲੜ ਰਹੇ ਹਨ। ਉਨ੍ਹਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਨਾਲ ਨਾਤਾ ਹੈ। ਇਸ ਕਾਰਨ ਪੂਰੀ ਦੁਨੀਆ 'ਚ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ। ਪੀਐਮ ਨੇ ਕਿਹਾ ਕਿ ਭਾਰਤ ਸ਼ਾਂਤੀ ਦਾ ਪ੍ਰਤੀਕ ਹੈ। ਗੱਲਬਾਤ ਰਾਹੀਂ ਹਰ ਸਮੱਸਿਆ ਨੂੰ ਸੁਲਝਾਉਣ ਦੇ ਪੱਖ 'ਚ ਹੈ।

ਪੀਐਮ ਮੋਦੀ ਨੇ ਵਿਰੋਧੀਆਂ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਅਸੀਂ ਅੱਜ ਦੇਖ ਰਹੇ ਹਾਂ ਕਿ ਜੋ ਨਿਰਪੱਖ ਸੰਸਥਾਵਾਂ ਭ੍ਰਿਸ਼ਟਾਚਾਰ ਖ਼ਿਲਾਫ਼ ਕਾਰਵਾਈ ਕਰਦੀਆਂ ਹਨ। ਇਹ ਲੋਕ ਉਨ੍ਹਾਂ ਸੰਸਥਾਵਾਂ ਨੂੰ ਹੀ ਬਦਨਾਮ ਕਰਨ ਲੱਗਦੇ ਹਨ। ਘੁਟਾਲਿਆਂ 'ਚ ਘਿਰੇ ਹੋਏ ਲੋਕ ਇਕਜੁੱਟ ਹੋ ਕੇ ਦੇਸ਼ ਦੀ ਨਿਰਪੱਖ

(ਬਾਕੀ ਸਫਾ 3 'ਤੇ)

# ਪੰਜਾਬ 'ਚ ਆਮ ਆਦਮੀ ਪਾਰਟੀ ਦਾ ਝਾੜੂ ਚੱਲਿਆ

## ਪਾਰਟੀ ਨੇ 92 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ, ਚੰਨੀ, ਕੈਪਟਨ, ਸਿੱਧੂ, ਤਿੰਨੋਂ ਬਾਦਲ, ਮਜੀਠੀਆ ਅਤੇ ਬੀਬੀ ਭੱਠਲ ਸਮੇਤ ਕਈ ਵੱਡੇ ਸਿਆਸੀ ਥੰਮ੍ਹ ਡਿੱਗੇ, 'ਆਪ' ਦੇ ਵਧੇਰੇ ਨਵੇਂ ਚਿਹਰੇ ਵਿਧਾਨ ਸਭਾ ਪੁੱਜੇ



**ਚੰਡੀਗੜ੍ਹ- (ਬਿਊਰੋ)** ਪੰਜਾਬ ਦੇ ਲੋਕਾਂ ਨੇ ਵਿਧਾਨ ਸਭਾ 'ਚ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ 92 ਸੀਟਾਂ ਪਾ ਦਿੱਤੀਆਂ ਹਨ। ਸੂਬੇ ਦੇ ਰਾਜਨੀਤਕ ਇਤਿਹਾਸ ਵਿੱਚ ਪਹਿਲੀ ਵਾਰੀ ਕਿਸੇ ਇੱਕ ਧਿਰ ਵੱਲੋਂ ਰਵਾਇਤੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਠਿੱਬੀ ਲਾ ਕੇ ਹੂੰਝਾ ਫੇਰੂ ਜਿੱਤ ਦਰਜ ਕੀਤੀ ਗਈ ਹੈ। ਪੰਜਾਬੀ ਸੂਬੇ ਦੇ ਹੋਂਦ 'ਚ ਆਉਣ ਮਗਰੋਂ ਪਹਿਲੀ ਵਾਰੀ ਕਿਸੇ ਧਿਰ ਨੂੰ ਰਿਕਾਰਡ ਬਹੁਮੱਤ ਮਿਲਿਆ ਹੈ। 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਵੀਂ ਸਰਕਾਰ ਦੇ ਗਠਨ ਦਾ ਰਾਹ ਸਾਫ਼ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਤੋਂ ਬਿਨਾਂ ਸੂਬੇ ਵਿੱਚ ਪਹਿਲੀ ਵਾਰੀ ਕਿਸੇ ਤੀਜੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਈ ਹੈ। ਵੋਟਾਂ ਪੈਣ ਤੋਂ ਐਨ ਪਹਿਲਾਂ ਕੁਝ ਸਿਆਸੀ ਧਿਰਾਂ ਨੇ ਸੂਬੇ ਵਿੱਚ ਪ੍ਰਭਾਵਸ਼ਾਲੀ ਪ੍ਰਮੁੱਖ ਡੇਰਿਆਂ ਦੀ ਵੋਟ ਹਾਸਲ ਕਰਕੇ ਚੋਣ ਰਣਨੀਤੀ ਖੇਡੀ ਸੀ ਪਰ ਨਤੀਜਿਆਂ ਤੋਂ ਸਾਫ ਝਲਕਦਾ ਹੈ ਕਿ ਡੇਰਾਵਾਦ ਬੇਅਸਰ ਹੋ ਗਿਆ। ਪੰਜਾਬ ਚੋਣਾਂ ਦੌਰਾਨ ਮੈਦਾਨ 'ਚ ਨਿੱਤਰੇ ਦੋ ਗੱਠਜੋੜ ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੂੰ ਲੋਕਾਂ ਨੇ ਬੁਰੀ ਤਰ੍ਹਾਂ ਨਕਾਰ ਦਿੱਤਾ ਹੈ। 'ਆਪ' ਦੇ ਪੱਖ ਵਿੱਚ ਝੁੱਲੀ ਇਸ ਹਨੇਰੀ ਦੌਰਾਨ ਜਿਹੜੇ ਵੱਡੇ ਸਿਆਸੀ ਥੰਮ੍ਹ ਡਿੱਗੇ ਹਨ ਉਨ੍ਹਾਂ ਵਿੱਚ ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਬਿਕਰਮ ਸਿੰਘ ਮਜੀਠੀਆ ਆਦਿ ਸ਼ਾਮਲ ਹਨ। ਲੰਮੇ ਸਮੇਂ ਬਾਅਦ ਬਹੁਜਨ ਸਮਾਜ ਪਾਰਟੀ ਖਾਤਾ ਖੋਲ੍ਹਣ 'ਚ ਕਾਮਯਾਬ ਰਹੀ। ਪਾਰਟੀ ਉਮੀਦਵਾਰ ਨਛੱਤਰ ਪਾਲ ਨਵਾਂਸ਼ਹਿਰ ਤੋਂ ਸੀਟ ਕੱਢਣ ਵਿੱਚ ਸਫ਼ਲ ਰਿਹਾ। ਕਿਸਾਨ ਜਥੇਬੰਦੀਆਂ 'ਤੇ ਅਧਾਰਿਤ ਸੰਯੁਕਤ ਸਮਾਜ ਮੋਰਚਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਖਾਤਾ ਨਾ ਖੁੱਲ੍ਹਣ ਕਾਰਨ ਦੋਹਾਂ ਪਾਰਟੀਆਂ ਦੇ ਪੱਲੇ ਨਿਰਾਸ਼ਾ ਪਈ ਹੈ। ਅਕਾਲੀ ਦਲ ਦੇ ਹਿੱਸੇ ਮਹਿਜ਼ 3 ਸੀਟਾਂ ਆਈਆਂ ਤੇ ਭਾਜਪਾ ਨੂੰ ਦੋ ਸੀਟਾਂ ਨਾਲ ਹੀ ਸਬਰ ਕਰਨਾ ਪੈ ਰਿਹਾ ਹੈ।

ਪੰਜਾਬ ਦੀ ਸਭ ਤੋਂ ਪੁਰਾਣੀ ਪਾਰਟੀ ਅਕਾਲੀ ਦਲ ਦੀ ਵਿਧਾਨ ਸਭਾ 'ਚ ਦੂਜੀ ਵੱਡੀ ਹਾਰ ਹੈ। ਇਸ ਤੋਂ ਪਹਿਲਾਂ 2017 ਵਿੱਚ ਵੀ ਪਾਰਟੀ ਨੂੰ ਬੁਰੀ ਹਾਰ ਦਾ ਮੂੰਹ ਦੇਖਣਾ ਪਿਆ ਸੀ। ਐਤਕੀਂ ਇੱਕੋ ਆਜ਼ਾਦ ਉਮੀਦਵਾਰ ਰਾਣਾ ਇੰਦਰਪ੍ਰਤਾਪ

(ਬਾਕੀ ਸਫਾ 3 'ਤੇ)



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਕਾਮੇਡੀਅਨ ਤੋਂ ਸਿਆਸਤਦਾਨ ਅਤੇ ਮੁੱਖ ਮੰਤਰੀ ਦਾ ਸਫਰ



ਲੋਕਾਂ ਦੇ ਮਨ ਵਿਚ ਕਾਮੇਡੀਅਨ ਬਣ ਦੇ ਰਾਜ ਕਰਨ ਵਾਲੇ ਭਗਵੰਤ ਮਾਨ ਨੇ ਸਿਆਸਤ ਵਿਚ ਪ੍ਰਵੇਸ਼ ਕਰਦਿਆਂ ਪੰਜਾਬ ਦਾ ਕਿੰਗ ਬਣਨ ਦਾ ਸਫ਼ਰ ਵੀ ਤੈਅ ਕਰ ਲਿਆ ਹੈ। ਭਗਵੰਤ ਮਾਨ ਨੇ 1992 ਵਿਚ ਸਰਦੂਲ ਸਿਕੰਦਰ ਦੇ ਗੀਤ "ਫੁੱਲਾਂ ਦੀ ਕੱਚੀਏ ਵਪਾਰਨੇ" ਗੀਤ ਦੀ ਪੈਰੋਡੀ 'ਗੋਭੀ ਦੀਏ ਕੱਚੀਏ ਵਪਾਰਨੇ' ਗਾ ਕੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ। ਇਸ ਵਿੱਚ ਉਹ ਵਿਅੰਗਮਈ ਹਾਸੇ ਰਾਹੀਂ ਸਮਾਜ ਵਿੱਚ ਫੈਲੀਆਂ ਬੁਰਾਈਆਂ 'ਤੇ ਵਿਅੰਗ ਕਰਦਾ ਸੀ। ਇਨ੍ਹਾਂ ਕਿਰਦਾਰਾਂ ਵਿੱਚੋਂ ਉਸ ਦਾ ਇੱਕ ਕਿਰਦਾਰ 'ਜੁਗਨੂੰ' ਸਭ ਤੋਂ ਵੱਧ ਮਕਬੂਲ ਹੋਇਆ। ਸ਼ਹੀਦ ਊਧਮ ਸਿੰਘ ਕਾਲਜ ਸੁਨਾਮ ਵਿਚ ਪੜ੍ਹਦਿਆਂ ਹੀ ਭਗਵੰਤ ਮਾਨ ਦੀ ਆਈ ਕੈਸੇਟ ਨੇ ਸਾਰੇ ਰਿਕਾਰਡ ਤੋੜ ਦਿੱਤੇ ਉਸ ਨੂੰ ਰਾਤੋ ਰਾਤ ਸਟਾਰ ਬਣਾ ਦਿੱਤਾ।

ਇਸ ਤੋਂ ਬਾਅਦ ਇਕ ਤੋਂ ਇਕ ਕੈਸੇਟ ਦੇ ਕੇ ਮਾਨ ਨੇ ਲੋਕਾਂ ਅੱਗੇ ਰਾਜਨੀਤੀ ਵਿਚ ਆਏ ਨਿਘਾਰ ਨੂੰ ਵਿਅੰਗ ਤਰੀਕੇ ਨਾਲ ਰੱਖਿਆ। ਕੋਕੋ ਦੇ ਬੱਚੇ, ਲੱਲੂ ਕਰੇ ਕਵੱਲੀਆਂ, ਭਗਵੰਤ ਮਾਨ ਫੁੱਲ ਸਪੀਡ, ਜਾਗਦੇ ਰਹੋ ਆਦਿ ਕਈ ਸਾਰੀਆਂ ਮਕਬੂਲ ਕੈਸੇਟਾਂ ਸਰੋਤਿਆਂ ਦੀ ਝੋਲੀ ਪਾਈਆਂ। ਐਨਾ ਹੀ ਨਹੀਂ ਭਗਵੰਤ ਮਾਨ ਨੇ ਪੰਜਾਬੀ ਅਤੇ ਹਿੰਦੀ ਸਿਨੇਮਾ ਵਿਚ ਆਪਣੀ ਕਲਾ ਦਾ ਲੋਹਾ ਮਨਵਾਇਆ ਅਤੇ ਕਾਮੇਡੀ ਸ਼ੋਅ ਦਾ ਲਾਫਟਰ ਚੈਲੰਜ ਵਿਚ ਵੀ ਭਗਵੰਤ ਮਾਨ ਨੇ ਆਪਣੇ ਵਿਅੰਗਮਈ ਤੀਰ ਛੱਡ ਕੇ ਲੋਕਾਂ ਦੇ ਢਿੱਡੀਂ ਪੀੜਾਂ ਪਾ ਦਿੱਤੀਆਂ। ਦਿਲਚਸਪ ਗੱਲ ਇਹ ਰਹੀ ਕਿ ਇਸ ਸ਼ੋਅ ਵਿਚ ਭਗਵੰਤ ਮਾਨ ਦੇ ਸਿਆਸੀ ਸ਼ਰੀਕ ਨਵਜੋਤ ਸਿੰਘ ਸਿੱਧੂ ਉਹਨਾਂ ਦੇ ਜੱਜ ਰਹੇ। 2007-08 ਦੌਰਾਨ ਭਗਵੰਤ ਮਾਨ ਦੀ ਅਕਾਲੀ ਦਲ ਨਾਲ ਨਜ਼ਦੀਕੀ ਰਹੀ ਪਰ ਕਿਸੇ ਤਣ-ਪੱਤਣ ਨਹੀਂ ਲੱਗ ਸਕੀ। ਇਸ ਤੋਂ ਬਾਅਦ ਭਗਵੰਤ ਮਾਨ ਨੇ ਆਪਣੇ ਸਿਆਸੀ ਸਫ਼ਰ ਦੀ ਸ਼ੁਰੂਆਤ 2011 ਵਿਚ ਮਨਪ੍ਰੀਤ ਬਾਦਲ ਦੀ ਪਾਰਟੀ ਪੀਪਲਜ਼ ਪਾਰਟੀ ਆਫ਼ ਪੰਜਾਬ ਤੋਂ ਕੀਤੀ। ਬਾਅਦ ਵਿੱਹ ਉਨ੍ਹਾਂ ਵਿਧਾਨ ਸਭਾ ਚੋਣਾਂ 2012 ਦੌਰਾਨ ਲਹਿਰਾਗਾਗਾ ਵਿਧਾਨ ਸਭਾ ਹਲਕੇ ਤੋਂ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਖ਼ਿਲਾਫ਼ ਚੋਣ ਲੜੀ ਪਰ ਹਾਰ ਦਾ ਸਾਹਮਣਾ ਕਰਨਾ ਪਿਆ।

ਪਰ ਇਹ 'ਪੀਪਲਜ਼ ਪਾਰਟੀ ਆਫ਼ ਪੰਜਾਬ' ਦਾ 2012 ਵਿਚ ਹੀ ਢਹਿ ਢੇਰੀ ਹੋ ਗਈ ਅਤੇ ਮਨਪ੍ਰੀਤ ਬਾਦਲ ਨੇ ਕਾਂਗਰਸ ਦਾ ਲੜ ਫੜ ਲਿਆ। ਮਾਨ ਦੀ ਮੁਲਾਕਾਤ ਅਰਵਿੰਦ ਕੇਜਰੀਵਾਲ ਦੇ ਨਾਲ ਹੋਈ ਜਿਸ ਤੋਂ ਬਾਅਦ ਭਗਵੰਤ ਮਾਨ ਆਮ ਆਦਮੀ ਪਾਰਟੀ ਦਾ ਹਿੱਸਾ ਬਣੇ ਅਤੇ 2014 ਵਿਚ ਸੰ-ਗਰੂਰ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਦੀ ਟਿਕਟ ਮਿਲੀ ਅਤੇ ਲੋਕ ਸਭਾ ਚੋਣ ਲੜੀ ਅਤੇ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਨੂੰ 2 ਲੱਖ ਤੋਂ ਜ਼ਿਆਦਾ ਵੋਟਾਂ ਨਾਲ ਹਰਾਇਆ। 2017 ਵਿਧਾਨ ਸਭਾ ਚੋਣਾਂ ਵੇਲੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਇਕ ਵੱਡੀ ਲਹਿਰ ਚੱਲੀ ਪਰ ਵਿਧਾਨ ਸਭਾ ਤੱਕ ਆਮ ਆਦਮੀ ਪਾਰਟੀ ਮਹਿਜ਼ ਵਿਰੋਧੀ ਧਿਰ ਦੀ ਭੂਮਿਕਾ ਤੱਕ ਹੀ ਸਿਮਟ ਗਈ।

ਜਿਸ ਤੋਂ ਬਾਅਦ ਪਾਰਟੀ ਅੰਦਰ ਭਾਰੀ ਉਤਾਰ ਚੜ੍ਹਾਅ ਆਏ ਪਰ 2019 ਵਿਚ ਸੰਗਰੂਰ ਲੋਕ ਸਭਾ ਸੀਟ ਜਿੱਤ ਕੇ ਭਗਵੰਤ ਮਾਨ ਨੇ ਪਾਰਟੀ ਦੀ ਸਾਖ ਬਚਾ ਲਈ। ਭਗਵੰਤ ਮਾਨ ਨੂੰ ਲੋਕ ਸਭਾ ਵਿਚ ਪੂਰੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਇਕਲੌਤੇ ਮੈਂਬਰ ਹੋਣ ਦਾ ਮਾਣ ਵੀ ਹਾਸਲ ਹੈ। ਲੋਕ ਸਭਾ ਵਿਚ ਕੋਈ ਮੁੱਦਾ ਹੋਵੇ, ਭਗਵੰਤ ਮਾਨ ਨੇ ਬੇਬਾਕੀ ਦੇ ਨਾਲ ਗੱਲ ਕਰਕੇ ਲੋਕਾਂ ਦਾ ਦਿਲ ਜਿੱਤ ਲਿਆ।

## 16 ਮਾਰਚ ਨੂੰ ਸਹੁੰ ਚੁੱਕੇਗੀ ਪੰਜਾਬ ਦੀ ਆਪ ਸਰਕਾਰ

**ਚੰਡੀਗੜ੍ਹ-** ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਵਿੱਚ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਭਗਵੰਤ ਮਾਨ ਦੀ ਅਗਵਾਈ ਹੇਠ ਨਵੀਂ ਸਰਕਾਰ 16 ਮਾਰਚ ਨੂੰ ਸਹੁੰ ਚੁੱਕੇਗੀ। ਸ੍ਰੀ ਮਾਨ ਅੱਜ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਮਿਲਣ ਲਈ ਦਿੱਲੀ ਗਏ ਹਨ। ਇਹ ਪਾਰਟੀ ਪੰਜਾਬ ਵਿੱਚ ਕਾਂਗਰਸ ਅਤੇ ਅਕਾਲੀ-ਬਸਪਾ ਗੱਠਜੋੜ ਨੂੰ ਪਛਾੜ ਕੇ ਸੱਤਾ ਵਿੱਚ ਆਈ ਹੈ। ਕੌਮੀ ਰਾਜਧਾਨੀ ਲਈ ਰਵਾਨਾ ਹੋਣ ਤੋਂ ਪਹਿਲਾਂ ਸੰਗਰੂਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਉਹ ਕੇਜਰੀਵਾਲ ਨੂੰ ਮਿਲਣ ਜਾ ਰਹੇ ਹਨ ਅਤੇ ਪੰਜਾਬ ਚੋਣਾਂ ਵਿੱਚ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਉਨ੍ਹਾਂ ਨੂੰ ਵਧਾਈ ਦੇਣਗੇ। ਸਰਕਾਰ ਬਾਰੇ ਸਵਾਲ ਦੇ ਜਵਾਬ ਵਿੱਚ ਮਾਨ ਨੇ ਕਿਹਾ, 'ਮੈਂ ਭਲਕੇ ਰਾਜਪਾਲ ਨੂੰ ਮਿਲਾਂਗਾ। ਅਸੀਂ ਅੱਜ ਉਨ੍ਹਾਂ ਤੋਂ ਸਮਾਂ ਮੰਗਾਂਗੇ।' ਸਹੁੰ ਚੁੱਕ ਸਮਾਗਮ ਨਵਾਂਸ਼ਹਿਰ ਜ਼ਿਲ੍ਹੇ ਦੇ ਮਹਾਨ ਆਜ਼ਾਦੀ ਘੁਲਾਟੀਏ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਹੋਵੇਗਾ।

# ਨਵੇਂ ਅਤੇ ਅਣਜਾਣ ਚਿਹਰਿਆਂ ਨੇ ਵੱਡੇ ਆਗੂਆਂ ਨੂੰ ਹਰਾਇਆ

ਪੰਜਾਬ ਵਿਧਾਨ ਸਭਾ ਚੋਣਾਂ ਦੇ ਅਸਲ ਨਾਇਕ ਉਹ ਹਨ, ਜਿਨ੍ਹਾਂ ਨੇ ਵੱਡੇ ਸਿਆਸੀ ਆਗੂਆਂ ਨੂੰ ਚਿੱਤ ਕੀਤਾ ਹੈ। ਇਹ ਸਭ ਅਣਜਾਣ ਚਿਹਰੇ ਹਨ ਅਤੇ ਉਨ੍ਹਾਂ ਨੇ ਰਾਜਸੀ ਪਿੜ ਵਿੱਚ ਪਹਿਲਾ ਪੈਰ ਰੱਖਿਆ ਹੈ, ਜੋ ਯਾਦਗਾਰੀ ਬਣ ਗਿਆ ਹੈ। ਹਲਕਾ ਭਦੌੜ ਤੋਂ ਦੋ ਕਮਰਿਆਂ ਦੇ ਘਰ ਦੇ ਬਾਸ਼ਿੰਦੇ 'ਆਪ' ਦੇ ਉ-ਮੀਦਵਾਰ ਲਾਭ ਸਿੰਘ ਉੱਗੋਕੇ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਦਿੱਤਾ ਹੈ। ਚੰਨੀ ਕੋਲ ਕਰੋੜਾਂ ਦੀ ਸੰਪਤੀ ਹੈ ਅਤੇ ਕਾਂਗਰਸ ਦੀ ਟੇਕ ਚੰਨੀ 'ਤੇ ਲੱਗੀ ਹੋਈ ਸੀ। ਰਾਖਵੇਂ ਹਲਕੇ ਦੇ ਪਿੰਡ ਉੱਗੋਕੇ ਦੇ ਲਾਭ ਸਿੰਘ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਹਲਕਾ ਲੰਬੀ ਤੋਂ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਸਮੁੱਚੇ ਪੰਜਾਬ ਦਾ ਸਿਆਸੀ ਭਰਮ ਤੋੜ ਦਿੱਤਾ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜ ਦਫਾ ਪੰਜਾਬ ਦੇ ਮੁੱਖ ਮੰਤਰੀ ਰਹਿ ਚੁੱਕੇ ਅਤੇ ਸਭ ਤੋਂ ਵੱਡੀ ਉਮਰ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾ ਦਿੱਤਾ ਹੈ। ਫ਼ਖਰ-ਏ-ਕੌਮ ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਜ਼ਿੰਦਗੀ ਦੇ ਆਖਰੀ ਮੋੜ 'ਤੇ ਹਾਰ ਝੋਲੀ ਪਾਉਣੀ ਪਈ ਹੈ। ਇਸ ਹਾਰ ਦੇ ਜ਼ਖ਼ਮ ਬਾਦਲ ਪਰਿਵਾਰ ਲਈ ਹਮੇਸ਼ਾ ਹਰੇ ਰਹਿਣਗੇ। ਪਹਿਲੀ ਦਫਾ ਹੈ ਕਿ ਹਲਕਾ ਲੰਬੀ ਤੋਂ ਬਾਦਲ ਪਰਿਵਾਰ ਦੇ ਪੈਰ ਉਖੜੇ ਹਨ। ਹਲਕਾ ਜਲਾਲਾਬਾਦ ਤੋਂ 'ਆਪ' ਉਮੀਦਵਾਰ ਜਗਦੀਪ ਕੰਬੋਜ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਹਰਾ ਕੇ ਸਾਬਤ ਕਰ ਦਿੱਤਾ ਹੈ ਕਿ ਨੇਤਾ ਲੋਕ ਬਣ-ਾਉਂਦੇ ਹਨ।




ਹਲਕਾ ਬਠਿੰਡਾ ਸ਼ਹਿਰੀ ਤੋਂ ਖਜ਼ਾਨਾ ਮੰਤਰੀ ਮਨ-ਪ੍ਰੀਤ ਸਿੰਘ ਬਾਦਲ ਨੂੰ ਉਸ 'ਆਪ' ਉਮੀਦਵਾਰ ਐਡਵੋਕੇਟ ਜਗਰੂਪ ਗਿੱਲ ਨੇ ਵੱਡੀ ਗਿਣਤੀ ਵੋਟਾਂ ਦੇ ਫਰਕ ਨਾਲ ਹਰਾਇਆ ਹੈ, ਜਿਨ੍ਹਾਂ ਨੂੰ ਵਿੱਤ ਮੰਤਰੀ ਨੇ ਨਗਰ ਨਿਗਮ ਬਠਿੰਡਾ ਦਾ ਮੇਅਰ ਨਾ ਬਣਾ ਕੇ ਸਿਆਸੀ ਜ਼ਲਾਲਤ ਦਿੱਤੀ ਸੀ। ਜਗਰੂਪ ਸਿੰਘ ਗਿੱਲ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਹਰਾ ਕੇ ਸਿੱਧ ਕੀਤਾ ਹੈ ਕਿ ਲੋਕ ਤਾਕਤ ਵੱਡੀ ਹੁੰਦੀ ਹੈ।

ਹਲਕਾ ਅੰਮ੍ਰਿਤਸਰ ਪੂਰਬੀ ਤੋਂ 'ਆਪ' ਉਮੀਦ-ਵਾਰ ਜੀਵਨਜੋਤ ਕੌਰ ਅਜਿਹੀ ਨਾਇਕਾ ਬਣ ਗਈ ਹੈ, ਜਿਸ ਨੇ ਦੋ ਰਾਜਸੀ ਹਸਤੀਆਂ ਨੂੰ ਚਿੱਤ ਕੀਤਾ ਹੈ। ਜੀਵਨਜੀਤ ਕੌਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਰਾਇਆ ਹੈ। ਇਨ੍ਹਾਂ ਦੋਵੇਂ ਆਗੂਆਂ ਨੂੰ ਕਦੇ ਹਾਰ ਦਾ ਮੂੰਹ ਨਹੀਂ ਦੇਖਣਾ ਪਿਆ ਸੀ। ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ 2017 ਵਿੱਚ ਪਾਰਟੀ ਦੀ ਝੋਲੀ 77 ਸੀਟਾਂ ਪਾਈਆਂ ਸਨ, ਹੁਣ 'ਆਪ' ਉਮੀਦਵਾਰ ਅਜੀਤਪਾਲ ਸਿੰਘ ਕੋਹਲੀ ਤੋਂ ਚੋਣ ਹਾਰ ਗਏ ਹਨ। ਉਮੀਦਵਾਰ ਕੋਹਲੀ ਨੇ ਮਹਾਰਾਜੇ ਨੂੰ ਹਰਾ ਕੇ ਦਰਸਾ ਦਿੱਤਾ ਹੈ ਕਿ ਅਸਲ ਨਾਇਕ ਹੁਣ ਉਹ ਹਨ। ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ ਰਹੇ ਹਨ ਅਤੇ ਉਨ੍ਹਾਂ ਨੂੰ ਜੀਵਨ ਦੇ ਇਸ ਮੋੜ 'ਤੇ ਆਪਣੇ ਜੱਦੀ ਹਲਕੇ ਤੋਂ ਹਾਰ ਦੇਖਣੀ ਪਈ ਹੈ। ਅਮਰਿੰਦਰ ਸਿੰਘ ਦੀ ਹਾਰ ਤੋਂ ਇਹ ਗੱਲ ਉਭਰੀ ਹੈ ਕਿ ਕੈਪਟਨ ਅਮਰਿੰਦਰ ਸਿੰਘ ਹੁਣ ਲੋਕਾਂ ਦੇ ਦਿਲਾਂ ਦੇ ਮਹਾਰਾਜਾ ਨਹੀਂ ਰਹੇ ਹਨ। ਹਲਕਾ ਲਹਿਰਾਗਾਗਾ ਤੋਂ ਬਰਿੰਦਰ ਕੁਮਾਰ ਗੋਇਲ ਵੀ ਵੱਡੇ ਨਾਇਕ ਬਣੇ ਹਨ, ਜਿਨ੍ਹਾਂ ਨੇ ਇੱਕ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੂੰ ਹਰਾਇਆ ਹੈ। ਢੀਂਡਸਾ ਕਦੇ ਵੀ ਚੋਣ ਨਹੀਂ ਹਾਰੇ ਸਨ। ਹਲਕਾ ਪੱਟੀ ਵਿੱਚ 'ਆਪ' ਉਮੀਦਵਾਰ ਲਾਲਜੀਤ ਸਿੰਘ ਭੁੱਲਰ ਨੇ ਇੱਕ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜੋ ਕਿ ਬਾਦਲ ਪਰਿਵਾਰ ਦੇ ਜਵਾਈ ਹਨ, ਤੋਂ ਇਲਾਵਾ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੂੰ ਹਰਾ ਦਿੱਤਾ ਹੈ।

ਹਲਕਾ ਮੌੜ ਤੋਂ 'ਆਪ' ਉਮੀਦਵਾਰ ਸੁਖਬੀਰ ਸਿੰਘ ਮਾਈਸਰਖਾਨਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਗਮੀਤ ਸਿੰਘ ਬਰਾੜ ਨੂੰ ਹਰਾ ਦਿੱਤਾ ਹੈ। ਇਸੇ ਤਰ੍ਹਾਂ ਹਲਕਾ ਸਰਦੂਲਗੜ੍ਹ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਦੋ ਵੱਡੇ ਸਿਆਸੀ ਪਰਿਵਾਰਾਂ ਨੂੰ ਮਾਤ ਪਾਈ ਹੈ। ਇਸ ਉਮੀਦਵਾਰ ਨੇ ਅਕਾਲੀ ਦਲ ਦੇ ਵੱਡੇ ਨਾਮ ਬਲਵਿੰਦਰ ਸਿੰਘ ਭੂੰਦੜ ਦੇ ਲੜਕੇ ਅਤੇ ਕਾਂਗਰਸੀ ਆਗੂ ਅਜੀਤ ਇੰਦਰ ਸਿੰਘ ਮੋਫਰ ਦੇ ਲੜਕੇ ਨੂੰ ਹਰਾਇਆ ਹੈ।



ਹਲਕਾ ਸੰਗਰੂਰ ਤੋਂ ਆਮ ਘਰ ਦੀ ਕੁੜੀ 'ਆਪ' ਉਮੀਦਵਾਰ ਨਰਿੰਦਰ ਕੌਰ ਭਰਾਜ ਨੇ ਕਰੋੜਪਤੀ ਉਮੀਦਵਾਰਾਂ ਨੂੰ ਸਿਆਸੀ ਤੌਰ 'ਤੇ ਝਟਕਾ ਦੇ ਦਿੱਤਾ ਹੈ। ਨਰਿੰਦਰ ਕੌਰ ਦੇ ਆਪਣੇ ਨਾਮ 'ਤੇ ਨਾ ਘਰ ਹੈ ਅਤੇ ਨਾ ਹੀ ਕੋਈ ਜਾਇਦਾਦ। ਇਸ ਆਮ ਕੁੜੀ ਨੇ ਭਾਜਪਾ ਆਗੂ ਅਰਵਿੰਦ ਖੰਨਾ ਅਤੇ ਸਾਬਕਾ ਮੰਤਰੀ ਵਿਜੈਇੰਦਰ ਸਿੰਘ ਸਿੰਗਲਾ ਨੂੰ ਕੁਰਸੀ ਤੋਂ ਲਾਹ ਦਿੱਤਾ ਹੈ। ਬਾਲੀਵੁੱਡ ਅਦਾਕਾਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ ਨੂੰ ਹਲਕਾ ਮੋਗਾ ਤੋਂ 'ਆਪ' ਉਮੀਦਵਾਰ ਡਾ। ਅਮਨਇੰਦਰ ਕੌਰ ਅਰੋੜਾ ਨੇ ਹਰਾ ਦਿੱਤਾ ਹੈ। ਹਲਕਾ ਮਾਨਸਾ ਤੋਂ ਸਿੱਧੂ ਮੂਸੇਵਾਲਾ ਜੋ ਗਾਇਕੀ ਦੇ ਖੇਤਰ ਵਿੱਚ ਕੌਮਾਂਤਰੀ ਨਾਮਣਾ ਰੱਖਦੇ ਹਨ, ਨੂੰ 'ਆਪ' ਉਮੀਦਵਾਰ ਡਾ। ਵਿਜੈ ਸਿੰਗਲਾ ਨੇ ਹਰਾ ਦਿੱਤਾ ਹੈ। ਇਨ੍ਹਾਂ ਸਾਰੇ ਉਮੀਦ-ਵਾਰਾਂ ਦਾ ਕੋਈ ਸਿਆਸੀ ਪਿਛੋਕੜ ਨਹੀਂ ਹੈ ਅਤੇ ਇਨ੍ਹਾਂ ਸਭਨਾਂ ਦੇ ਪਹਿਲੀ ਦਫਾ ਚੋਣ ਲੜੀ ਹੈ।

### ਬਾਦਲ ਨੂੰ ਹਰਾਉਣ ਦੀ ਰੀਝ ਪੂਰੀ ਹੋਈ: ਖੁੱਡੀਆਂ

ਪੰਜ ਦਫਾ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਸਿਆਸੀ ਤੌਰ 'ਤੇ ਚਿੱਤ ਕਰਨ ਵਾਲੇ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਜਿੱਤ ਮਗਰੋਂ ਕਿਹਾ ਕਿ ਅੱਜ ਉਨ੍ਹਾਂ ਦੀ ਚਿਰਾਂ ਪੁਰਾਣੀ ਰੀਝ ਪੂਰੀ ਹੋ ਗਈ ਹੈ। ਉਨ੍ਹਾਂ ਦੀ ਦਿਲੀ ਖ਼ਾਹਿਸ਼ ਸੀ ਕਿ ਉਹ ਇੱਕ ਦਫਾ ਜ਼ਰੂਰ ਬਾਦਲ ਪਰਿਵਾਰ ਖ਼ਿਲਾਫ਼ ਮੈਦਾਨ ਵਿੱਚ ਉਤਰਨਗੇ। ਉਨ੍ਹਾਂ ਕਿਹਾ ਕਿ ਅੱਜ ਹਲਕਾ ਲੰਬੀ ਦੇ ਲੋਕਾਂ ਨੇ ਸਾਥ ਦੇ ਕੇ ਇਸ ਰੀਝ ਨੂੰ ਪੂਰਾ ਕਰ ਦਿੱਤਾ ਹੈ। ਹੁਣ ਉਹ ਹਲਕਾ ਲੰਬੀ ਨੂੰ ਬਾਦਲ ਪਰਿਵਾਰ ਦੇ ਖੌਫ ਤੋਂ ਮੁਕਤ ਕਰਨਗੇ।

ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਹਰਾਉਣ ਵਾਲੇ 'ਆਪ' ਉਮੀਦਵਾਰ ਲਾਭ ਸਿੰਘ ਉਗੋਕੇ ਦੀ ਜਿੱਤ ਮਗਰੋਂ ਟਿੱਪਣੀ ਸੀ, 'ਮੈਨੂੰ ਪਹਿਲਾਂ ਹਲਕਾ ਜਾਣਦਾ ਸੀ, ਹੁਣ ਪੰਜਾਬ ਜਾਣੇਗਾ।' ਉਸ ਨੇ ਕਿਹਾ ਕਿ ਉਹ ਹਲਕੇ ਦੇ ਪੁੱਤ ਅਤੇ ਭਰਾ ਬਣ ਕੇ ਅੱਠ ਵਰ੍ਹਿਆਂ ਤੋਂ ਵਿਚਰ ਰਹੇ ਸਨ ਅਤੇ ਅੱਜ ਹਲਕੇ ਦੇ ਪਿਆਰ ਨੇ ਜਿੱਤ ਦਾ ਮਾਣ ਬਖਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਸ ਨੇ ਪਲੰਬਰੀ ਦਾ ਕੋਰਸ ਕੀਤਾ ਹੈ ਅਤੇ ਉਹ ਇੱਕ ਦਫਾ ਨਿਰਾਸ਼ ਹੋ ਕੇ ਘਰ ਬੈਠ ਗਿਆ ਸੀ। 'ਆਪ' ਦੇ ਆਉਣ ਮਗਰੋਂ ਉਸ ਨੂੰ ਆਸ ਬੱਝੀ ਸੀ, ਜੋ ਉਸ ਨੂੰ ਅੱਜ ਇਸ ਮੋੜ ਤੱਕ ਲੈ ਆਈ ਹੈ।

# ਜਨਤਾ ਦਾ ਵਿਸ਼ਵਾਸ ਸਾਡੇ ਨਾਲ- ਮੋਦੀ

(ਸਫਾ 1 ਦੀ ਬਾਕੀ)

ਸੰਸਥਾਵਾਂ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰਨ ਲੱਗਦੇ ਹਨ। ਇਨ੍ਹਾਂ ਨੂੰ ਦੇਸ਼ ਦੀ ਨਿਆ ਪਾਲਿਕਾ 'ਤੇ ਭਰੋਸਾ ਨਹੀਂ। ਪਹਿਲਾਂ ਹਜਾਰਾਂ ਕਰੋੜਾਂ ਦਾ ਭ੍ਰਿਸ਼ਟਾਚਾਰ ਕਰੋ ਤੇ ਫਿਰ ਜਾਂਚ ਵੀ ਨਾ ਹੋਣ ਦਿਓ ਉਹਨਾਂ ਲੋਕਾਂ ਦੀ ਆਦਤ ਬਣ ਗਈ ਹੈ।

**ਪਰਿਵਾਰਵਾਦੀ ਰਾਜਨੀਤੀ ਦਾ ਹੋਵੇਗਾ ਅੰਤ**

ਮੋਦੀ ਨੇ ਕਿਹਾ ਕਿ ਮੈਂ ਇਨ੍ਹਾਂ ਚੋਣਾਂ 'ਚ ਲਗਾਤਾਰ ਹਰ ਵਿਸ਼ੇ 'ਤੇ ਭਾਜਪਾ ਦੇ ਵਿਜ਼ਨ ਨੂੰ ਲੋਕਾਂ ਦੇ ਸਾਹਮਣੇ ਰੱਖਿਆ ਹੈ। ਮੈਂ ਘੋਰ ਪਰਿਵਾਰਵਾਦ 'ਤੇ ਚਿੰਤਾ ਪ੍ਰਗਟਾਈ ਹੈ। ਮੇਰੀ ਕਿਸੇ ਨਾਲ ਵੀ ਜਾਤੀ ਦੁਸ਼ਮਣੀ ਨਹੀਂ ਹੈ। ਮੈਂ ਸਿਰਫ ਲੋਕਤੰਤਰ ਦੀ ਚਿੰਤਾ ਕਰਦਾ ਹਾਂ। ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਇਕ ਦਿਨ ਅਜਿਹਾ ਆਵੇਗਾ ਜਦੋਂ ਭਾਰਤ ਦੇ ਲੋਕ ਪਰਿਵਾਰਵਾਦ ਦੀ ਰਾਜਨੀਤੀ ਦਾ ਅੰਤ ਕਰ ਦੇਣਗੇ। ਇਨ੍ਹਾਂ ਚੋਣਾਂ 'ਚ ਦੇਸ਼ ਦੇ ਵੋਟਰਾਂ ਨੇ ਭਵਿੱਖ ਦਾ ਖਾਕਾ ਖਿਚ ਦਿੱਤਾ ਹੈ।

# ਕੀ ਕਹਿੰਦੇ ਨੇ ਹਾਰੇ ਲੀਡਰ

ਅਸੀਂ ਲੋਕ ਫਤਵੇ ਨੂੰ ਪ੍ਰਵਾਨ ਕਰਦੇ ਹਾਂ ਅਤੇ ਇਸ ਹਾਰ ਤੋਂ ਸਬਕ ਸਿੱਖਾਂਗੇ। ਚੋਣਾਂ ਜਿੱਤਣ ਵਾਲੀਆਂ ਪਾਰਟੀਆਂ ਨੂੰ ਸ਼ੁਭ ਕਾਮਨਾਵਾਂ। ਚੋਣਾਂ ਦੌਰਾਨ ਪਾਰਟੀ ਲਈ ਮਿਹਨਤ ਕਰਨ ਵਾਲੇ ਪਾਰਟੀ ਵਰਕਰਾਂ ਤੇ ਆਗੂਆਂ ਦਾ ਵੀ ਧੰਨਵਾਦ। ਅਸੀਂ ਹਾਰ ਤੋਂ ਸਬਕ ਲੈ ਕੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਦੇ ਰਹਾਂਗੇ।

–ਰਾਹੁਲ ਗਾਂਧੀ

ਅਸੀਂ ਪੰਜਾਬ ਦੇ ਲੋਕਾਂ ਦੇ ਫਤਵੇ ਨੂੰ ਸਵੀਕਾਰ ਕਰਦੇ ਹਾਂ। ਆਮ ਆਦਮੀ ਪਾਰਟੀ ਅਤੇ ਉਨ੍ਹਾਂ ਦੇ ਚੁਣੇ ਗਏ ਮੁੱਖ ਮੰਤਰੀ ਭਗਵੰਤ ਮਾਨ ਜੀ ਨੂੰ ਜਿੱਤ ਲਈ ਵਧਾਈ। ਮੈਂ ਆਸ ਕਰਦਾ ਹਾਂ ਕਿ ਉਹ ਲੋਕਾਂ ਦੀਆਂ ਆਸਾਂ 'ਤੇ ਖਰਾ ਉਤਰਨਗੇ।

–ਚਰਨਜੀਤ ਸਿੰਘ ਚੰਨੀ

ਮੈਂ ਲੋਕਾਂ ਵੱਲੋਂ ਦਿੱਤੇ ਫ਼ਤਵੇ ਨੂੰ ਪੂਰੀ ਨਿਮ–ਰਤਾ ਨਾਲ ਸਵੀਕਾਰ ਕਰਦਾ ਹਾਂ। ਜਮਹੂਰੀਅਤ ਦੀ ਜਿੱਤ ਹੋਈ ਹੈ। ਪੰਜਾਬੀਆਂ ਨੇ ਜਾਤ–ਪਾਤ ਤੇ ਫਿਰਕੂਵਾਦ ਤੋਂ ਉਪਰ ਉੱਠ ਕੇ ਵੋਟਾਂ ਪਾ ਕੇ ਪੰਜਾਬੀਅਤ ਦੀ ਅਸਲ ਭਾਵਨਾ ਨੂੰ ਦਰਸਾਇਆ ਹੈ। 'ਆਪ' ਪੰਜਾਬ ਤੇ ਭਗਵੰਤ ਮਾਨ ਨੂੰ ਵਧਾਈ।

–ਕੈਪਟਨ ਅਮਰਿੰਦਰ ਸਿੰਘ

ਕਾਂਗਰਸ ਪਾਰਟੀ ਨਿਮਰਤਾ ਸਹਿਤ ਲੋਕਾਂ ਦੇ ਫਤਵੇ ਨੂੰ ਸਵੀਕਾਰ ਕਰਦੀ ਹੈ। ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਜਿੱਤਣ 'ਤੇ ਵਧਾਈ। ਜਨਤਾ ਦੀ ਆਵਾਜ਼, ਪਰਮਾਤਮਾ ਦੀ ਆਵਾਜ਼ ਹੈ। ਪੰਜਾਬ ਦੇ ਲੋਕਾਂ ਦਾ ਫ਼ੈਸਲਾ ਨਿਮਰਤਾ ਸਹਿਤ ਸਵੀਕਾਰ ਕਰਦੇ ਹਾਂ।।।'ਆਪ' ਨੂੰ ਵਧਾਈ।'

–ਨਵਜੋਤ ਸਿੰਘ ਸਿੱਧੂ

ਲੋਕਾਂ ਵੱਲੋਂ ਜਿਹੜੀ ਸਾਡੀ ਡਿਊਟੀ ਲਾਈ ਗਈ ਹੈ, ਅਸੀਂ ਉਸ ਨੂੰ ਪੂਰੀ ਨਿਮਰਤਾ ਨਾਲ ਨਿਭਾਵਾਂਗੇ। ਮੈਂ ਲੱਖਾਂ ਪੰਜਾਬੀਆਂ ਵੱਲੋਂ ਜਤਾਏ ਗਏ ਭਰੋਸੇ ਅਤੇ ਸ਼੍ਰੋਮਣੀ ਅਕਾਲੀ ਦਲ–ਬਸਪਾ ਵਰਕਰਾਂ ਦਾ ਧੰਨਵਾਦੀ ਹਾਂ। ਆਮ ਆਦਮੀ ਪਾਰਟੀ ਅਤੇ ਭਗਵੰਤ ਮਾਨ ਨੂੰ ਜਿੱਤ ਦੀ ਵਧਾਈ। ਉਹ ਯਕੀਨੀ ਤੌਰ 'ਤੇ ਲੋਕਾਂ ਦੀਆਂ ਆਸਾਂ 'ਤੇ ਪੂਰੇ ਉਤਰਨਗੇ।

–ਸੁਖਬੀਰ ਸਿੰਘ ਬਾਦਲ

'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਵਧਾਈ। ਪੰਜਾਬ ਵਿਚ 'ਆਪ' ਨੂੰ ਪੂਰਨ ਫਤਵਾ ਮਿਲ ਗਿਆ ਹੈ। ਉਮੀਦ ਹੈ ਕਿ ਇਸ ਫਤਵੇ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਵਰਤਿਆ ਜਾਵੇਗਾ। ਅਬੋਹਰ ਹਲਕੇ ਦੇ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਕਾਂਗਰਸ ਦੇ ਸੰਦੀਪ ਜਾਖੜ ਨੂੰ ਜਿਤਾਇਆ ਹੈ।

–ਸੁਨੀਲ ਜਾਖੜ

# ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਯਾਦ ਵਿੱਚ ਨਿਊਯਾਰਕ 'ਚ ਤਿੰਨ ਰੋਜ਼ਾ ਵਿਸ਼ੇਸ਼ ਸਮਾਗਮ 18 ਮਾਰਚ ਤੋ 20 ਮਾਰਚ ਤੱਕ ਹੋਣਗੇ

**ਨਿਊਯਾਰਕ (ਰਾਜ ਗੋਗਨਾ )**—ਸੰਤ ਬਾਬਾ ਹਰੀ ਸਿੰਘ ਨੈਕੀ ਵਾਲ਼ਿਆਂ ਦਾ ਬਰਸੀ ਸਮਾਗਮ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ 95–30, 118 ਸਟ੍ਰੀਟ ਰਿੱਚਮੰਡ ਹਿੱਲ ਨਿਊਯਾਰਕ 11419 ਵਿਖੇ 18,19 ,20 ਮਾਰਚ 2022 ਨੂੰ ਸਭ ਸੰਗਤ ਦੇ ਸਹਿਯੋਗ ਨਾਲ ਮਨਾਇਆਂ ਜਾ ਰਿਹਾ ਹੈ। ਜਿਸ ਵਿੱਚ 18 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ–ਪਾਠ ਅਰੰਭ ਹੋਕੇ 20 ਮਾਰਚ ਦਿਨ ਐਤਵਾਰ ਨੂੰ ਸਵੇਰੇ 9।30 ਭੋਗ ਉਪਰੰਤ ਸਾਰੇ ਦਿਨ ਦੇ ਅਤੇ ਸ਼ੁੱਕਰਵਾਰ ਸਨੀਵਾਰ ਸ਼ਾਮ ਦੇ ਦੀਵਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਹਾਂਪੁਰਸ਼ਾਂ ਦੀ ਯਾਦ ਵਿੱਚ ਸਜਾਏ ਜਾ ਰਹੇ ਹਨ।ਇਹਨਾਂ ਤਿੰਨ ਦਿਨ ਦੇ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਢਾਡੀ ਸਾਹਿਬਾਨ ਗੁਰਬਾਣੀ ਕੀਰਤਨ , ਸੰਤਾ ਮਹਾਂਪੁਰਸ਼ਾਂ ਦੇ ਜੀਵਨ ਉਪਦੇਸ਼ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਆਪ ਜੀ ਨੂੰ ਇਹਨਾਂ ਤਿੰਨ ਦਿਨ ਦੇ ਦੀਵਾਨਾ ਵਿੱਚ ਪਰਿਵਾਰ ਸਮੇਤ ਪਹੁੰਚਣ ਲਈ ਸਨਿਮਰ ਬੇਨਤੀ ਹੈ ਜੀ। ਸਮਾਗਮ ਬਾਰੇ ਹੋਰ ਜਾਣਕਾਰੀ ਲਈ ਫ਼ੋਨ ਨੰਬਰ 347–992–0008, 347–538–8296 ਹੈ।

# ਪੰਜਾਬ 'ਚ ਆਮ ਆਦਮੀ ਪਾਰਟੀ ਦਾ ਝਾੜੂ ਚੱਲਿਆ

(ਸਫਾ 1 ਦੀ ਬਾਕੀ)

ਸਿੰਘ ਨੇ ਸੁਲਤਾਨਪੁਰ ਲੋਧੀ ਤੋਂ ਜਿੱਤ ਹਾਸਲ ਕੀਤੀ। ਲੁਧਿਆਣਾ ਸ਼ਹਿਰ ਵਿੱਚ ਬੈਂਸ ਭਰਾਵਾਂ ਨੂੰ ਸਿਕਸ਼ਤ ਦੇ ਕੇ ਲੋਕਾਂ ਨੇ ਇੱਕ ਵੱਖਰਾ ਰੂਪ ਦਿਖਾਇਆ ਹੈ। ਜੇਤੂ ਪਾਰਟੀ ਦਾ ਇਤਿਹਾਸ ਦੇਖਿਆ ਜਾਵੇ ਤਾਂ 'ਆਪ' ਨੂੰ 2014 ਦੀਆਂ ਸੰਸਦੀ ਚੋਣਾਂ 'ਚ ਪੰਜਾਬੀਆਂ ਵੱਲੋਂ ਮਿਲੇ ਜ਼ਬਰਦਸਤ ਹੁੰਗਾਰੇ ਮਗਰੋਂ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਮਹਿਜ਼ 20 ਸੀਟਾਂ ਨਾਲ ਗੁਜ਼ਾਰਾ ਕਰਨਾ ਪਿਆ ਸੀ। ਉਸ ਤੋਂ ਬਾਅਦ ਸਾਲ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਭਗਵੰਤ ਮਾਨ ਹੀ ਜਿੱਤ ਸਕਿਆ ਸੀ। ਵਿਧਾਨ ਸਭਾ ਚੋਣਾਂ ਦੇ ਤਾਜ਼ਾ ਨਤੀਜੇ ਸਾਬਤ ਕਰਦੇ ਹਨ ਕਿ ਲੋਕਾਂ ਨੇ ਰਵਾਇਤੀ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੂੰ ਬੁਰੀ ਤਰ੍ਹਾਂ ਰੱਦ ਕਰਕੇ ਸਪੱਸ਼ਟ ਫਤਵਾ ਦਿੱਤਾ ਹੈ। ਸੂਬੇ ਵਿੱਚ ਰਵਾਇਤੀ ਸਿਆਸੀ ਧਿਰਾਂ ਵੱਲੋਂ ਚੋਣਾਂ ਜਿੱਤਣ ਲਈ ਧਰਮ ਅਤੇ ਜਾਤ ਦੇ ਆਧਾਰ 'ਤੇ ਲੋਕਾਂ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਵੀ 'ਆਪ' ਦੇ ਪੱਖ 'ਚ ਚੱਲੀ ਹਵਾ ਨੂੰ ਕਿਸੇ ਵੀ ਤਰ੍ਹਾਂ ਠੱਲ ਨਹੀਂ ਸਕੀਆਂ। ਪੰਜਾਬ ਦੇ ਲੋਕਾਂ ਨੇ 'ਆਪ' ਦੇ ਜਿਨ੍ਹਾਂ ਵੱਡੇ ਆਗੂਆਂ ਨੂੰ ਜਿੱਤ ਬਖਸ਼ੀ ਹੈ ਉਨ੍ਹਾਂ ਵਿੱਚ ਧੂਰੀ ਤੋਂ ਭਗਵੰਤ ਮਾਨ, ਦਿੜ੍ਹਬਾ ਤੋਂ ਹਰਪਾਲ ਸਿੰਘ ਚੀਮਾ, ਕੋਟਕਪੂਰਾ ਤੋਂ ਕੁਲਤਾਰ ਸਿੰਘ ਸੰਧਵਾਂ, ਬੁਢਲਾਡਾ ਤੋਂ ਪ੍ਰਿੰਸੀਪਲ ਬੁੱਧ ਰਾਮ, ਸੁਨਾਮ ਤੋਂ ਅਮਨ ਅਰੋੜਾ, ਬਰਨਾਲਾ ਤੋਂ ਗੁਰਮੀਤ ਸਿੰਘ ਮੀਤ ਹੇਅਰ, ਜਗਰਾਓਂ ਤੋਂ ਸਰਬਜੀਤ ਕੌਰ ਮਾਣੂੰਕੇ, ਪਟਿਆਲਾ ਦਿਹਾਤੀ ਤੋਂ ਡਾ। ਬਲਬੀਰ ਸਿੰਘ, ਅੰਮ੍ਰਿਤਸਰ (ਉੱਤਰੀ) ਤੋਂ ਡਾ। ਨਿੱਝਰ, ਅਜਨਾਲਾ ਤੋਂ ਕੁਲਦੀਪ ਸਿੰਘ ਧਾਲੀਵਾਲ, ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ, ਆਨੰਦਪੁਰ ਸਾਹਿਬ ਤੋਂ ਹਰਜੋਤ ਸਿੰਘ ਬੈਂਸ, ਸਾਬਕਾ ਆਈਪੀਐੱਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਆਦਿ ਸ਼ਾਮਲ ਹਨ। ਆਮ ਆਦਮੀ ਪਾਰਟੀ ਦੇ ਜੇਤੂ ਰਹਿਣ ਵਾਲੇ ਜ਼ਿਆਦਾਤਰ ਚਿਹਰੇ ਨਵੇਂ ਹਨ ਜਦੋਂ ਕਿ 10 ਦੇ ਕਰੀਬ ਆਗੂ ਦੂਜੀ ਵਾਰ ਵਿਧਾਨ ਸਭਾ ਲਈ ਚੁਣੇ ਗਏ ਹਨ।

ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਕਾਂਗਰਸ ਦੇ ਜ਼ਿਆਦਾਤਰ ਮੰਤਰੀਆਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਹੈ। ਪਰਗਟ ਸਿੰਘ, ਰਾਣਾ ਗੁਰਜੀਤ ਸਿੰਘ, ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਅਰੁਣਾ ਚੌਧਰੀ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ ਸਮੇਤ 17 ਉਮੀਦਵਾਰਾਂ ਨੇ ਜਿੱਤ ਹਾਸਲ ਕਰਕੇ ਕਾਂਗਰਸ ਦੀ ਲਾਜ ਰੱਖੀ ਹੈ। ਨਵਜੋਤ ਸਿੰਘ ਸਿੱਧੂ, ਰਾਜਿੰਦਰ ਕੌਰ ਭੱਠਲ, ਮਨ–ਪ੍ਰੀਤ ਸਿੰਘ ਬਾਦਲ, ਭਾਰਤ ਭੂਸ਼ਨ ਆਸ਼ੂ, ਸਪੀਕਰ ਰਾਣਾ ਕੇਪੀ ਸਿੰਘ, ਸੰਗਤ ਸਿੰਘ ਗਿਲਜ਼ੀਆਂ, ਰਣਦੀਪ ਸਿੰਘ ਕਾਕਾ, ਵਿਜੈ ਇੰਦਰ ਸਿੰਗਲਾ, ਗੁਰਪ੍ਰੀਤ ਸਿੰਘ ਕਾਂਗੜ, ਸੁੰਦਰ ਸ਼ਾਮ ਅਰੋੜਾ, ਬਲਬੀਰ ਸਿੰਘ ਸਿੱਧੂ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ। ਸਾਧੂ ਸਿੰਘ ਧਰਮਸੋਤ ਦੀ ਤਾਂ ਜ਼ਮਾਨਤ ਹੀ ਜ਼ਬਤ ਹੋ ਗਈ। ਅਕਾਲੀ ਦਲ ਤੇ ਭਾਜਪਾ ਦੇ ਜਿਨ੍ਹਾਂ ਵੱਡੇ ਆਗੂਆਂ ਨੂੰ ਹਾਰ ਨਸੀਬ ਹੋਈ, ਉਨ੍ਹਾਂ ਵਿੱਚ ਬਿਕਰਮ ਸਿੰਘ ਮਜੀਠੀਆ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬੀਬੀ ਜਗੀਰ ਕੌਰ, ਗੋਬਿੰਦ ਸਿੰਘ ਲੌਂਗੋਵਾਲ, ਸਿਕੰਦਰ ਸਿੰਘ ਮਲੂਕਾ, ਜਥੇਦਾਰ ਤੋਤਾ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਸ਼ਰਨਜੀਤ ਸਿੰਘ ਢਿੱਲੋਂ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜਨ–ਮੇਜਾ ਸਿੰਘ ਸੇਖੋਂ, ਜਗਮੀਤ ਸਿੰਘ ਬਰਾੜ, ਮਨੋਰੰਜਨ ਕਾਲੀਆ, ਤੀਕਸ਼ਣ ਸੂਦ, ਰਾਣਾ ਗੁਰਮੀਤ ਸਿੰਘ ਸੋਢੀ, ਫਤਿਹਜੰਗ ਸਿੰਘ ਬਾਜਵਾ, ਪਰਮਿੰਦਰ ਸਿੰਘ ਢੀਂਡਸਾ ਆਦਿ ਸ਼ਾਮਲ ਹਨ। ਲੰਘੀ ਰਾਤ ਤੱਕ ਸਰਕਾਰ ਦੇ ਗਠਨ ਦੇ ਸੁਪਨੇ ਲੈਣ ਵਾਲੀ ਕਾਂਗਰਸ ਦੇ ਹਿੱਸੇ ਕੁੱਲ 18 ਸੀਟਾਂ ਆਈਆਂ ਸਨ। ਪੰਜਾਬ ਵਿੱਚ 20 ਫਰਵਰੀ ਨੂੰ ਪਈਆਂ ਵੋਟਾਂ ਦੀ ਗਿਣਤੀ ਅੱਜ ਸਵੇਰੇ ਅੱਠ ਵਜੇ ਸ਼ੁਰੂ ਹੋਈ ਤਾਂ ਮੁੱ–ਢਲੇ ਰੁਝਾਨਾਂ ਦੌਰਾਨ ਹੀ 'ਆਪ' ਨੇ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੂੰ ਪਛਾੜਨਾ ਸ਼ੁਰੂ ਕਰ ਦਿੱਤਾ ਸੀ। ਗਿਣਤੀ ਕੇਂਦਰਾਂ 'ਤੇ ਜਿਵੇਂ ਜਿਵੇਂ ਵੋਟਾਂ ਦੀ ਗਿਣਤੀ ਦੇ ਗੇੜ ਵਧਦੇ ਗਏ, 'ਆਪ' ਵਿਧ–ਾਇਕਾਂ ਦੀ ਜੇਤੂ ਗਿਣਤੀ ਵੀ ਵਧ ਲੱਗ ਗਈ। ਦੁਪਹਿਰ ਤੱਕ ਤਸਵੀਰ ਪੂਰੀ ਤਰ੍ਹਾਂ ਸਾਫ਼ ਹੋ ਗਈ ਸੀ ਕਿ ਪੰਜਾਬੀਆਂ ਨੇ ਅਗਲੇ ਪੰਜ ਸਾਲਾਂ ਲਈ ਹਕੂਮਤ ਦੀ ਵਾਗਡੋਰ ਭਗਵੰਤ ਮਾਨ ਦੇ ਹੱਥ ਫੜਾ ਦਿੱਤੀ ਹੈ। ਉਧਰ ਕਾਂਗਰਸ ਪਾਰਟੀ ਨੂੰ ਦਲਿਤ ਪੱਤਾ ਖੇਡਣਾ ਰਾਸ ਨਾ ਆਇਆ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੋਹਾਂ ਹਲਕਿਆਂ ਭਦੌੜ ਅਤੇ ਚਮਕੌਰ ਸਾਹਿਬ ਤੋਂ ਹਾਰ ਗਏ। ਇਨ੍ਹਾਂ ਚੋਣਾਂ ਦੀ ਸਭ ਤੋਂ ਵੱਡੀ ਵਿਲ–ੱਖਣਤਾ ਇਹ ਰਹੀ ਕਿ ਛੇ ਦਹਾਕਿਆਂ ਤੋਂ ਸਰਗਰਮ ਤੇ ਪੰਜ ਵਾਰੀ ਮੁੱਖ ਮੰਤਰੀ ਰਹੇ ਸੂਬੇ ਦੇ ਬਜ਼ੁਰਗ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਹਾਰ ਦਾ ਮੂੰਹ ਦੇਖਣਾ ਪਿਆ ਤੇ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪਟਿਆਲਾ ਸ਼ਹਿਰ ਦੇ ਲੋਕਾਂ ਨੇ ਮਾਣ ਨਹੀਂ ਬਖਸ਼ਿਆ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਉਮੀਦਵਾਰ ਹੱਥੋਂ ਵੱਡੀ ਹਾਰ ਮਿਲੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਲੁਧਿਆਣਾ ਤੋਂ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਵੀ ਹਾਰ ਗਏ। ਮਾਝੇ ਦੇ ਕਾਂ–ਗਰਸੀ ਆਗੂ ਓਮ ਪ੍ਰਕਾਸ਼ ਸੋਨੀ ਤੇ ਸੁਖਬਿੰਦਰ ਸਿੰਘ ਸਰਕਾਰੀਆ, ਜੋ ਲਗਾਤਾਰ ਜਿੱਤ ਹਾਸਲ ਕਰਦੇ ਆ ਰਹੇ ਸਨ, ਐਤਕੀਂ ਆਪਣੀ ਸੀਟ ਨਹੀਂ ਬਚਾ ਸਕੇ। ਰੋਚਕ ਤੱਥ ਇਹ ਵੀ ਹੈ ਕਿ ਬਾਦਲਾਂ, ਕੈਪਟਨ, ਸਿੱਧੂ ਅਤੇ ਮਜੀਠੀਆ ਨੂੰ ਪਹਿਲੀ ਵਾਰੀ 'ਆਪ' ਦੀ ਟਿਕਟ 'ਤੇ ਚੋਣ ਲੜ ਰਹੇ ਉਮੀਦਵਾਰਾਂ ਨੇ ਹਰਾ ਕੇ ਇਤਿਹਾਸ ਸਿਰਜਿਆ ਹੈ। ਪੰਜਾਬ ਵਿਧਾਨ ਸਭਾ ਵਿੱਚ ਪਹੁੰਚੇ ਜ਼ਿਆਦਾਤਰ ਚਿਹਰੇ ਨਵੇਂ ਹਨ। ਅਕਾਲੀ ਦਲ ਦੀ ਗਨੀਵ ਮਜੀਠੀਆ ਇੱਕ ਅਜਿਹੀ ਵਿਧਾਇਕ ਹੈ, ਜੋ ਮਜੀਠਾ ਪਰਿਵਾਰ ਵਿੱਚੋਂ ਪਹਿਲੀ ਮਹਿਲਾ ਹੈ, ਜੋ ਰਾਜਨੀਤੀ ਵਿਚ ਆਈ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540


Email: skytransportsolution@gmail.com

Give us a chance to provide you best services

121 E 11th St. Tracy, CA 95376

# ਪੰਜਾਬ ਵਿਧਾਨ ਸਭਾ ਵਿਚ ਪਹੁੰਚੇ ਨਵੇਂ ਵਿਧਾਇਕਾਂ ਦੀ ਲਿਸਟ

| Constituency Number | Constituency Name | Winning Candidate | Party Name |
|---|---|---|---|
| 1 | Sujanpur | NARESH PURI (Leading) | Congress |
| 2 | Bhoa | JOGINDER PAL (leading) | Congress |
| 3 | Pathankot | ASHWANI KUMAR SHARMA | BJP |
| 4 | Gurdaspur | GURBACHAN SINGH BABEHALI | SAD |
| 5 | Dina Nagar | SHAMSHER SINGH (leading) | AAP |
| 6 | Qadian | PARTAP SINGH BAJWA | Congress |
| 7 | Batala | AMANSHER SINGH (SHERY KALSI) | AAP |
| 8 | Sri Hargobindpur | AMARPAL SINGH | AAP |
| 9 | Fatehgarh Churian | TRIPT RAJINDER SINGH BAJWA | Congress |
| 10 | Dera Baba Nanak | SUKHJINDER SINGH RANDHAWA | Congress |
| 11 | Ajnala | KULDEEP SINGH DHALIWAL | AAP |
| 12 | Raja Sansi | SUKHBINDER SINGH SARKARIA) | Congress |
| 13 | Majitha | Ganieve Kaur Majithia | SAD |
| 14 | Jandiala | HARBHAJAN SINGH E.T.O. | AAP |
| 15 | Amritsar North | KUNWAR VIJAY PRATAP SINGH | AAP |
| 16 | Amritsar West | DR. JASBIR SINGH SANDHU (leading) | AAP |
| 17 | Amritsar Central | AJAY GUPTA | AAP |
| 18 | Amritsar East | JEEVAN JYOT KAUR | AAP |
| 19 | Amritsar South | INDERBIR SINGH NIJJAR | AAP |
| 20 | Attari | JASWINDER SINGH | AAP |
| 21 | Tarn Taran | Dr. Kashmir Singh Sohal | AAP |
| 22 | Khem Karan | SARVAN SINGH DHUN | AAP |
| 23 | Patti | Laljit Singh Bhullar (leading) | AAP |
| 24 | Khadoor Sahib | MANJINDER SINGH LALPURA | AAP |
| 25 | Baba Bakala | DALBIR SINGH TONG (leading) | AAP |
| 26 | Bholath | SUKHPAL SINGH KHAIRA | Congress |
| 27 | Kapurthala | Rana Gurjeet Singh | Congress |
| 28 | Sultanpur Lodhi | RANA INDER PARTAP SINGH | Independent |
| 29 | Phagwara | Balwinder Singh Dhaliwal | Congress |
| 30 | Phillaur | Vikramjit Singh Chaudhary | Congress |
| 31 | Nakodar | Inderjit Kaur Mann | AAP |
| 32 | Shahkot | Hardev Singh Laddi | Congress |
| 33 | Kartarpur | BALKAR SINGH | AAP |
| 34 | Jalandhar West | SHEETAL ANGURAL (leading) | AAP |
| 35 | Jalandhar Central | RAMAN ARORA | AAP |
| 36 | Jalandhar North | Avtar Singh Junior | Congress |
| 37 | Jalandhar Cantt | PARGAT SINGH POWAR | Congress |
| 38 | Adampur | SUKHWINDER SINGH KOTLI | Congress |
| 39 | Mukerian | JANGI LAL MAHAJAN | BJP |
| 40 | Dasuya | KARAMBIR SINGH | AAP |
| 41 | Urmar | Jasvir Singh Raja Gill | AAP |
| 42 | Sham Chaurasi | DR.RAVJOT SINGH | AAP |
| 43 | Hoshiarpur | BRAM SHANKER (JIMPA) | AAP |
| 44 | Chabbewal | DR. RAJ KUMAR | Congress |
| 45 | Garhshankar | JAI KRISHAN | AAP |
| 46 | Banga | SUKHWINDER KUMAR SUKHI DR. | SAD |
| 47 | Nawan Shahr | DR. NACHHATAR PAL | BSP |
| 48 | Balachaur | SANTOSH KUMARI KATARIAA (leading) | AAP |
| 49 | Anandpur Sahib | HARJOT SINGH BAINS | AAP |
| 50 | Rupnagar | DINESH KUMAR CHADHA | AAP |
| 51 | Chamkaur Sahib | CHARANJIT SINGH | AAP |
| 52 | Kharar | Anmol Gagan Maan | AAP |
| 53 | S.A.S Nagar | KULWANT SINGH | AAP |
| 54 | Bassi Pathana | RUPINDER SINGH | AAP |
| 55 | Fatehgarh Sahib | Lakhbir Singh Rai | AAP |
| 56 | Amloh | Gurinder Singh Garry Birring | AAP |
| 57 | Khanna | TARUNPREET SINGH SOND | AAP |
| 58 | Samrala | JAGTAR SINGH DIYALPURA | AAP |
| 59 | Sahnewal | HARDEEP SINGH MUNDIAN | AAP |
| 60 | Ludhiana East | DALJIT SINGH GREWAL (BHOLA) | AAP |
| 61 | Ludhiana South | RAJINDER PAL KAUR | AAP |
| 62 | Atam Nagar | KULWANT SINGH SIDHU | AAP |
| 63 | Ludhiana Central | Ashok Parashar (Pappi) (leading) | AAP |
| 64 | Ludhiana West | GURPREET BASSI GOGI | AAP |
| 65 | Ludhiana North | MADAN LAL BAGGA | AAP |
| 66 | Gill | Jiwan Singh Sangowal | AAP |
| 67 | Payal | MANWINDER SINGH GIASPURA | AAP |
| 68 | Dakha | MANPREET SINGH AYALI | SAD |
| 69 | Raikot | HAKAM SINGH THEKEDAR | AAP |
| 70 | Jagraon | SARVJIT KAUR MANUKE | AAP |
| 71 | Nihal Singhwala | MANJIT SINGH BILASPUR | AAP |
| 72 | Bhagha Purana | AMRITPAL SINGH SUKHANAND | AAP |
| 73 | Moga | DR. AMANDEEP KAUR ARORA | AAP |
| 74 | Dharamkot | DEVINDERJEET SINGH LADDI DHOSE | AAP |
| 75 | Zira | Naresh Kataria (leading) | AAP |
| 76 | Firozpur City | RANBIR SINGH | AAP |
| 77 | Firozpur Rural | RAJNEESH KUMAR DAHIYA | AAP |
| 78 | Guru Har Sahai | FAUJA SINGH | AAP |
| 79 | Jalalabad | JAGDEEP KAMBOJ | AAP |
| 80 | Fazilka | NARINDER PAL SINGH SAWNA | AAP |
| 81 | Abohar | Sandeep Jakhar | Congress |
| 82 | Balluana | AMANDEEP SINGH MUSAFIR | AAP |
| 83 | Lambi G | URMEET SINGH KHUDIAN | AAP |
| 84 | Gidderbaha | Amrinder Singh Raja Warring | Congress |
| 85 | Malout | Dr. Baljit Kaur | AAP |
| 86 | Muktsar | JAGDEEP SINGH 'KAKA BRAR | AAP |
| 87 | Faridkot | GURDIT SINGH SEKHON | AAP |
| 88 | Kotkapura | KULTAR SINGH SANDHWAN | AAP |
| 89 | Jaitu | AMOLAK SINGH | AAP |
| 90 | Rampura Phul | Balkar Singh Sidhu (leading) | AAP |
| 91 | Bhucho Mandi | JAGSIR SINGH | AAP |
| 92 | Bathinda Urban | Jagroop Singh Gill | AAP |
| 93 | Bathinda Rural | AMIT RATTAN KOTFATTA | AAP |
| 94 | Talwandi Sabo | Prof. Baljinder Kaur | AAP |
| 95 | Maur | SUKHVEER SINGH MAISERKHANA | AAP |
| 96 | Mansa | Dr.Vijay Singla | AAP |
| 97 | Sardulgarh | Gurpreet Singh Banawali | AAP |
| 98 | Budhlada | BUDH RAM (leading) | AAP |
| 99 | Lehra | Barinder Kumar Goyal Vakeel | AAP |
| 100 | Dirba | Harpal Singh Cheema | AAP |
| 101 | Sunam | AMAN ARORA | AAP |
| 102 | Bhadaur | LABH SINGH UGOKE | AAP |
| 103 | Barnala | GURMEET SINGH MEET HAYER (leading) | AAP |
| 104 | Mehal Kalan | Kulwant Singh Pandori | AAP |
| 105 | Malerkotla | MOHAMMAD JAMIL UR RAHMAN | AAP |
| 106 | Amargarh | PROF. JASWANT SINGH GAJJAN MAJRA | AAP |
| 107 | Dhuri | BHAGWANT MANN | AAP |
| 108 | Sangrur | Narinder Kaur Bharaj | AAP |
| 109 | Nabha | GURDEV SINGH DEV MAAN | AAP |
| 110 | Patiala Rural | Dr. Balbir Singh | AAP |
| 111 | Rajpura | Neena Mittal | AAP |
| 112 | Dera Bassi | KULJIT SINGH RANDHAWA | AAP |
| 113 | Ghanaur | GURLAL GHANAUR | AAP |
| 114 | Sanour | HARMIT SINGH PATHANMAJRA | AAP |
| 115 | Patiala | Ajit Pal Singh Kohli | AAP |
| 116 | Samana | CHETAN SINGH JOURAMAJRA | AAP |
| 117 | Shutrana | Kulwant Singh Bazigar | AAP |










ਦੇਸ਼ ਦੁਆਬਾ

# ਸਤਿਗੁਰੂ ਰਵਿਦਾਸ ਜੀ ਅਤੇ ਦਲਿਤ ਮੁਕਤੀ ਦਾ ਮਾਰਗ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖਾਸ ਨੁਕਤੇ ਦੇ ਉਤੇ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ, ਜਿਸ ਵਿਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ-ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਅਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ 'ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ' ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਲ ਕਰਨ ਦਾ ਸਿਧਾਂਤ ਆਪਣੇ ਆਪ ਵਿਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ-ਪਾਤ ਸਿਧਾਂਤ ਨੇ ਭਾਰਤ ਦੇ ਮੂਲ ਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਹਨਾਂ ਦੇ ਅਪਰਾਧ ਤੋਂ ਆਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿਚ ਉਨ੍ਹਾਂ ਦਾ ਯੋਗਦਾਨ ਹਾਸਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜਾਤ-ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ 'ਜੋ ਹਮ ਸਹਰੀ ਸੋ ਮੀਤ ਹਮਾਰਾ' ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਣਾਉਂਦਾ ਹੈ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਣਾ ਲਿਆ ਹੈ।

ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿੱਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਣਾਇਆ, ਜਿਸ ਵਿਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਹਨਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ, ਉਥੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਣਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ ਹੈ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਣੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ, ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਉਥੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ। ਦੇਸ਼ ਦੁਆਬਾ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪਾਵਨ ਆਗਮਨ ਪੁਰਬ ਉਤੇ ਅਦਾਰਾ 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮਾਣਯੋਗ ਪਾਠਕਾਂ, ਇਸ਼ਤਿਹਾਰਦਾਤਾ ਅਤੇ ਹੋਰ ਸੁਨੇਹੀਆਂ ਨੂੰ ਇਸ ਸ਼ੁਭ ਦਿਹਾੜੇ ਤੇ ਬਹੁਤ-ਬਹੁਤ ਵਧਾਈਆਂ ਦਿੰਦਾ ਹੈ ਅਤੇ ਆਸ ਕਰਦਾ ਹੈ ਕਿ ਉਹਨਾਂ ਦਾ ਸਹਿਯੋਗ ਅਦਾਰੇ ਨੂੰ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ ਅਤੇ ਅਦਾਰਾ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਬਹੁਜਨ ਦੇ ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਰਹੇਗਾ।

**- ਪ੍ਰੇਮ ਕੁਮਾਰ ਚੁੰਬਰ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਇੱਕ ਗ੍ਰੰਥ, ਪੰਥ, ਮਰਯਾਦਾ ਅਤੇ ਕੈਲੰਡਰ ਤੇ ਹਮਲੇ ਕਿਉਂ?



ਅਵਤਾਰ ਸਿੰਘ ਮਿਸ਼ਨਰੀ
510-432-5827

ਅੱਜ ਸਿੱਖ ਸਿਧਾਂਤਾਂ ਉੱਤੇ ਸਿੱਖ ਸੋਚ ਵਿਰੋਧੀਆਂ, ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਨਾਂ ਸਮਝਣ ਵਾਲੇ ਡੇਰੇਦਾਰ ਅਤੇ ਭੇਖੀ ਸਿੱਖਾਂ ਵੱਲੋਂ ਜੋਰਦਾਰ ਹਮਲੇ ਹੋ ਰਹੇ ਹਨ। ਇਨ੍ਹਾਂ ਹਮਲਿਆਂ ਵਿੱਚ ਹੈਂਕੜ, ਬੇਇਨਸਾਫੀ, ਬਹੁਗਿਣਤੀ ਦਾ ਰੋਹਬ, ਚੌਧਰੀ ਰਾਜਨੀਤੀ, ਬੇਈਮਾਨੀ ਅਤੇ ਅਗਿਆਨਤਾ ਭਾਰੂ ਹੈ। ਇਨ੍ਹਾਂ ਹਮਲਿਆਂ ਨੇ ਸਭ ਤੋਂ ਜਿਆਦਾ ਨੁਕਸਾਨ ਸਿੱਖ ਲਿਟ੍ਰੇਚਰ ਦਾ ਕੀਤਾ, ਜਿਸ ਵਿੱਚ ਬੇਹੱਦ ਰਲੇ ਕੀਤੇ ਗਏ ਹਨ। ਸੰਪ੍ਰਦਾਵਾਂ ਅਤੇ ਡੇਰੇ ਪੈਦਾ ਕਰਕੇ, ਸਿੱਖ ਜਥੇਬੰਦੀਆਂ ਵਿੱਚ ਬ੍ਰਾਹਮਣਵਾਦ ਦਾ ਮਿਲਗੋਭਾਪਨ ਪੈਦਾ ਕੀਤਾ ਗਿਆ ਹੈ। ਸਿੱਖੀ ਸਰੂਪ ਧਾਰ ਕੇ ਸਿੱਖ ਸਿਧਾਂਤਾਂ ਦਾ ਘਾਣ ਕਰਦੇ ਹੋਏ, ਅਕਾਲ ਪੁਰਖ ਦੇ ਸਿਧਾਂਤ ਨਾਲੋਂ ਤੋੜਿਆ ਜਾ ਰਿਹਾ ਹੈ। ਇੱਕ ਰੱਬੀ ਸਿਧਾਂਤ ਨੂੰ ਮੰਨਣ ਵਾਲੀ ਕੌਮ ਨੂੰ ਅਨੇਕਾਂ ਕਰਮਕਾਂਡਾਂ, ਵਹਿਮਾਂ-ਭਰਮਾਂ, ਵੱਖ-ਵੱਖ ਭੇਖਾਂ ਵਿੱਚ ਵੰਡ ਦਿੱਤਾ ਹੈ। ਨਾਨਕ ਨਿਰੰਕਾਰੀ ਦੇ ਨਿਰਮਲ ਪੰਥ ਜਿਸ ਨੂੰ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦਾ ਨਾਂ ਦਿੱਤਾ ਨੂੰ ਵਹਿਮਾਂ-ਭਰਮਾਂ ਦੀ ਸੋਚ ਦਾ ਮਿਲਗੋਭਾ ਪੰਥ ਬਣਾਇਆ ਜਾ ਰਿਹਾ ਹੈ।

ਸਿੱਖ ਅਕਾਲ ਦਾ ਨਾਂ ਕਿ ਕਿਸੇ ਇੱਕ ਸ਼ਖਸ਼ੀਅਤ ਦਾ ਉਪਾਸ਼ਕ ਹੈ "ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦਿਦਾਰ ਖਾਲਸੇ ਕਾ" ਪਰ ਅਜੋਕਾ ਸਿੱਖ ਸਮਾਜ, ਇੱਕ ਨਹੀਂ ਰਿਹਾ ਸਗੋਂ ਉਹ ਬਹੁਤੇ ਡੇਰਿਆਂ, ਸੰਪ੍ਰਦਾਵਾਂ ਅਤੇ ਧੜੇਬੰਦੀਆਂ ਵਿੱਚ ਵੰਡਿਆ ਜਾ ਚੁੱਕਾ ਹੈ। ਗੁਰੂ ਨੇ ਖਾਲਸਾ ਪੰਥ ਨਾਂ ਕਿ ਸੰਪ੍ਰਦਾਵਾਂ, ਟਕਸਾਲਾਂ ਤੇ ਡੇਰੇ ਸਾਜੇ ਸਨ? ਗੁਰੂ ਨੇ ਸਿੱਖਾਂ ਨੂੰ ਗੁਰਬਾਣੀ ਦੇ ਸਿਧਾਂਤ ਵਾਲੀ ਮਰਯਾਦਾ ਦਿੱਤੀ ਨਾਂ ਕਿ ਵੱਖ-ਵੱਖ ਚੋਲਾਧਾਰੀ ਡੇਰੇਦਾਰ ਸਾਧਾਂ ਸੰਤਾਂ ਵਾਲੀ। ਗੁਰੂ ਨੇ ਅਕਾਲ ਤਖਤ ਦਿੱਤਾ ਨਾਂ ਕੇ ਅਨੇਕਾਂ ਤਖਤ, ਤਖਤ ਦਾ ਮਤਲਵ ਬਿਲਡਿੰਗ ਨਹੀਂ ਸਗੋਂ ਰਾਜ ਸਿੰਘਾਸਣ, ਸੁਪਰੀਮ ਕੋਰਟ ਹੈ।

ਗੁਰੂ ਨੇ ਇੱਕ (ਸ਼ਬਦ ਗੁਰੂ ਗ੍ਰੰਥ) ਦੇ ਲੜ ਲਾਇਆ ਨਾਂ ਕਿ ਕਿਸੇ ਹੋਰ ਗ੍ਰੰਥ ਦੇ। ਜਿਨਾ ਚਿਰ ਸਿੱਖ ਕੌਮ ਨੇ ਇਸ ਇੱਕ ਦੇ ਸਿਧਾਂਤ ਤੇ ਪਹਿਰਾ ਦਿੱਤਾ ਸਦਾ ਹੀ ਚੜ੍ਹਦੀਆਂ ਕਲਾਂ ਵਿੱਚ ਰਹੀ। ਯਾਦ ਰੱਖੋ! ਸਿੱਖਾਂ ਨੇ ਜੋ ਵੀ ਸਿਧਾਂਤ ਜਾਂ ਰਹਿਤ ਮਰਯਾਦਾ, ਉਹ "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤ ਨਾਂ ਕਿ ਕਿਸੇ ਹੋਰ ਸੰਤ, ਗ੍ਰੰਥ ਜਾਂ ਜਥੇਦਾਰ ਦੇ ਆਪੂੰ ਬਣਾਏ ਕਰਮਕਾਂਡਾਂ 'ਤੇ ਘੜਨੀ ਹੈ।

ਅੱਜ ਅਕਾਲ ਤਖਤ ਨੂੰ ਸਮਰਪਤ ਦਾ ਨਾਅਰਾ ਲਾਉਣ ਵਾਲੇ, ਹੁਕਮ ਤਾਂ ਆਪੋ ਆਪਣੇ ਸੰਤ, ਡੇਰੇ ਜਾਂ ਜਥੇਬੰਦੀ ਦਾ ਮੰਨਦੇ ਹਨ। ਸਿੱਖ ਰਹਿਤ ਮਰਯਾਦਾ ਗੁਰਦੁਆਰਿਆਂ ਵਿੱਚ ਲਾਗੂ ਨਹੀਂ ਕਰਦੇ ਓਥੇ ਤਾਂ ਦਮਦਮੀ ਟਕਸਾਲ ਅਤੇ ਡੇਰਿਆਂ ਦੀ ਮਰਯਾਦਾ "ਰਾਮ ਕਥਾ ਜੁਗ ਜੁਗ ਅਟੱਲ" ਲਾਗੂ ਕਰੀ ਬੈਠੇ ਹਨ। ਨਾਅਰੇ ਖਾਲਿਸਤਾਨ ਦੇ, ਵਿਧਾਨ ਬ੍ਰਾਹਮਣਵਾਦ ਦਾ, ਇਹ ਕਿੱਧਰ ਦਾ ਅਕਾਲ ਤਖਤ ਨੂੰ ਸਮਰਪਤ ਦੋਗਲਾਪਨ ਹੈ? ਜੇ ਸਾਡਾ ਸੁਪ੍ਰੀਮ ਕੋਰਟ ਅਕਾਲ ਤਖਤ ਫਿਰ ਉਸ ਦਾ ਜੋ ਵਿਧਾਨ (ਮਰਯਾਦਾ) "ਸ਼ਬਦ ਗੁਰੂ ਗ੍ਰੰਥ" ਦੇ ਸਿਧਾਂਤ, ਉਹ ਹਰ ਗੁਰਦੁਆਰੇ ਲਾਗੂ ਕਿਉਂ ਨਹੀਂ ਹਨ? ਕੀ ਪ੍ਰਬੰਧਕ ਅਤੇ ਗ੍ਰੰਥੀ ਇਸ ਗੱਲੋਂ ਅਣਜਾਣ ਹਨ? ਕੀ ਸ਼ਬਦ ਗੁਰੂ ਗ੍ਰੰਥ ਕੇਵਲ ਮੱਥੇ ਟੇਕਣ, ਭਾੜੇ ਦੇ ਪਾਠ ਕਰਾਉਣ, ਮਹਿੰਗੇ ਮਹਿੰਗੇ ਰੁਮਾਲੇ ਭੇਂਟ ਕਰਨ ਅਤੇ ਧੂਫਾਂ ਧੁਖਾਉਣ ਲਈ ਹੀ ਹਨ? ਦਿਹਾੜੀ ਵਿੱਚ ਕਈ-ਕਈ ਵਾਰ ਸਭ ਸਿੱਖਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ਕਹਿਣ ਵਾਲੇ, ਅਰਦਾਸਾਂ ਕਰਨ ਵਾਲੇ ਕਦੇ (ਸ਼ਬਦ ਗੁਰੂ ਗ੍ਰੰਥ) ਨੂੰ ਪੂਰਨ ਤੌਰ ਤੇ ਮੰਨਣਗੇ ਵੀ ਜਾਂ ਭਾਂਤ ਸੁਭਾਂਤੇ ਸੰਤ ਬਾਬੇ ਅਤੇ ਗ੍ਰੰਥਾਂ ਦੇ ਮੱਗਰ ਹੀ ਲੱਗੇ ਫਿਰਨਗੇ?

ਦੇਖੋ! ਈਸਾਈ ਅਤੇ ਮੁਸਲਮ ਬਾਈਬਲ ਅਤੇ ਕੁਰਾਨ ਦੇ ਭਾੜੇ ਦੇ ਭਾਂਤ ਸੁਭਾਂਤੇ ਪਾਠ ਨਹੀਂ ਕਰਾਉਂਦੇ ਸਗੋਂ ਆਪ ਪੜ੍ਹਦੇ, ਵਿਚਾਰਦੇ ਅਤੇ ਧਾਰਦੇ ਹਨ। ਸੋ ਦਾਸ ਦੀ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਨਿਮਰਤਾ ਸਹਿਤ ਹੱਥ ਜੋੜ ਕੇ ਅਰਜ਼ ਹੈ ਕਿ ਅਜੋਕੇ ਨਾਜ਼ਕ ਸਮੇਂ ਆਪੋ ਆਪਣਾ ਵੱਖਰੇਵਾਂ ਛੱਡ ਕੇ ਇੱਕ ਗ੍ਰੰਥ, ਪੰਥ, ਨਿਸ਼ਾਨ ਅਤੇ ਵਿਧਾਨ ਦੇ ਸਿਧਾਂਤ ਨੂੰ ਅਪਣਾ ਲਈਏ, ਇਹ ਹੀ ਗੁਰੂ ਦਾ ਹੁਕਮ ਹੈ। ਏਕੇ ਵਿੱਚ ਬਰਕਤ ਅਤੇ ਵੱਖਰੇਵੇਂ ਵਿੱਚ ਖਜਲ ਖੁਆਰੀਆਂ ਹੁੰਦੀਆਂ ਹਨ। ਆਓ ਨਿਰਾਸ਼ਤਾ ਦੇ ਦੌਰ ਚੋਂ ਨਿਕਲ ਕੇ, ਇੱਕ ਗ੍ਰੰਥ, ਪੰਥ, ਮਰਯਾਦਾ ਅਤੇ ਕੈਲੰਡਰ ਦੀ ਆਸਤਾ ਵਾਲੇ ਦੌਰ ਵਿੱਚ ਸ਼ਾਮਲ ਹੋਈਏ। ਸ਼ਬਦ ਗੁਰੂ ਗ੍ਰੰਥ ਦੇ ਸੁਨਹਿਰੀ ਸਿਧਾਂਤਾਂ ਦੇ ਨਾਅਰੇ ਲਾਈਏ ਨਾਂ ਕਿ ਕਿਸੇ ਬਿਲਡਿੰਗ, ਜਥੇਦਾਰ, ਸੰਤ-ਬਾਬੇ ਜਾਂ ਡੇਰੇਦਾਰ ਦੇ ਹੀ ਗੁਣ ਗਾਉਂਦੇ ਰਹੀਏ। ਜੇ ਸਿੱਖ ਦਾ ਪਾਰ ਉਤਾਰਾ "ਸ਼ਬਦ ਗੁਰੂ ਗ੍ਰੰਥ" ਦਾ ਗਿਆਨ ਕਰ ਸਕਦੈ ਫਿਰ ਕਿਸੇ ਹੋਰ ਗ੍ਰੰਥ ਮੱਗਰ ਲੱਗਣ ਦੀ ਕੀ ਲੋੜ ਹੈ? ਜੋ ਅਸ਼ਲੀਲਤਾ ਨਾਲ ਭਰਿਆ ਪਿਆ ਹੈ। ਜੇ ਸਾਰਾ ਪੰਥ ਹੀ ਇਹ ਪ੍ਰਣ ਕਰ ਲਵੇ ਕਿ ਅੱਜ ਤੋਂ ਬਾਅਦ ਅਸੀਂ ਕੇਵਲ "ਸ਼ਬਦ ਗੁਰੂ ਗ੍ਰੰਥ" ਨੂੰ ਆਪ ਪੜ੍ਹਨਾ, ਵਿਚਾਰਨਾ, ਧਾਰਨਾ ਅਤੇ ਸੱਚੀ ਬਾਣੀ ਦਾ ਹੀ ਪ੍ਰਚਾਰ ਕਰਨੈ ਤਾਂ ਉਹ ਦਿਨ ਦੂਰ ਨਹੀਂ ਜਦੋਂ ਖਾਲਸੇ ਦਾ ਰਾਜ ਹਰ ਪਾਸੇ ਹੋਵੇਗਾ। ਸਿੱਖ ਕੌਮ ਨੇ "ਸ਼ਬਦ ਗੁਰੂ ਗ੍ਰੰਥ" ਨੂੰ ਸਰਬਉਚ ਮੰਨ ਕੇ ਉਸ ਦੇ ਸਿਧਾਂਤ ਜੀਵਨ ਵਿੱਚ ਲਾਗੂ ਕਰਨੇ ਨਾ ਕਿ ਕਿਸੇ ਵਿਸ਼ੇਸ਼ ਵਿਅਕਤੀ ਜਾਂ ਡੇਰੇ ਸੰਪ੍ਰਦਾਵਾਂ ਦੀ ਵੱਖ-ਵੱਖ ਮਰਯਾਦਾ ਹੀ ਪਾਲਦੇ ਰਹਿਣਾ ਹੈ।


ਗੁਰਦੁਆਰਿਆਂ ਵਿੱਚ "ਸ਼ਬਦ ਗੁਰੂ ਗ੍ਰੰਥ" ਦੀ ਕਸਵੱਟੀ ਤੇ ਸੋਧੀ, ਸਿੱਖ ਮਰਯਾਦਾ ਲਾਗੂ ਕਰਕੇ, ਭਾੜੇ ਦੇ ਕੀਰਤਨ ਪਾਠਾਂ ਤੇ ਡੈਕੋਰੇਸ਼ਨਾਂ ਦੀ ਥਾਂ ਸ਼ਬਦ ਗੁਰੂ ਵਿਚਾਰ ਦੀਆਂ ਲੜੀਆਂ ਚਲਾਉਣੀਆਂ ਚਾਹੀਦੀਆਂ ਤਾਂ ਕਿ ਸਾਡੀ ਬਹਾਦਰ ਸਿੱਖ ਕੌਮ ਵਿੱਚ ਏਕਤਾ ਇਤਫਾਕ, ਦ੍ਰਿੜਤਾ ਅਤੇ ਚੜ੍ਹਦੀ ਕਲਾ ਆ ਸੱਕੇ। ਸਾਨੂੰ ਧਰਮ ਦੇ ਨਾਂ ਤੇ ਚਲਾ ਦਿੱਤੇ ਗਏ, ਬ੍ਰਾਹਮਣੀ ਕਰਮਕਾਂਡਾਂ ਅਤੇ ਸੰਪ੍ਰਦਾਈ ਮਰਯਾਦਾਵਾਂ ਨੂੰ, ਗੁਰੂ ਘਰਾਂ ਚੋਂ ਕੱਢਣਾ ਪਵੇਗਾ ਵਰਨਾ ਅਸੀਂ ਮਿਲਗੋਬੇ ਹੋ ਕੇ, ਆਪਸ ਵਿੱਚ ਹੀ ਲੜਦੇ ਰਹਾਂਗੇ ਅਤੇ ਸਿੱਖੀ ਭੇਖ ਧਾਰ ਚੁੱਕਾ ਡੇਰੇਦਾਰ ਤੇ ਪੁਜਾਰੀ ਵਕਤੀ ਸਰਕਾਰਾਂ ਨਾਲ ਮਿਲ ਕੇ ਸਾਨੂੰ ਇਕੱਲੇ-ਇਕੱਲੇ ਨੂੰ ਫਾਹੇ ਟੰਗਦਾ ਰਹੇਗਾ। ਸਿੱਖ ਸਰਦਾਰੋ! ਕਰੋ ਹਿੰਮਤ ਸਭ ਤੋਂ ਪਹਿਲਾਂ ਗੁਰਦੁਆਰਿਆਂ ਚੋਂ ਸੰਪ੍ਰਦਾਈ ਮਰਯਾਦਾ ਬਾਹਰ ਕੱਢੋ, ਸਿੱਖ ਮਰਯਾਦਾ "ਸ਼ਬਦ ਗੁਰੂ ਗ੍ਰੰਥ" ਦੀ ਕਸਵੱਟੀ ਤੇ ਸੋਧ ਕੇ ਲਾਗੂ ਕਰੋ ਅਤੇ "ਇਕਾ ਬਾਣੀ ਇੱਕ ਗੁਰ" ਦੇ ਸਿਧਾਤ ਤੇ ਪਹਿਰਾ ਦੇਂਦੇ ਹੋਏ ਸਮੁੱਚੀ ਮਾਨਵਤਾ ਦੇ ਸੱਚੇ-ਸੁੱਚੇ ਸਰਬਕਾਲੀ ਰਹਿਬਰ, "ਸ਼ਬਦ ਗੁਰੂ ਗ੍ਰੰਥ" ਦੇ ਬਰਾਬਰ ਕਿਸੇ ਅਖੌਤੀ ਗ੍ਰੰਥ ਜਾਂ ਪੋਥੀ ਦਾ ਪ੍ਰਕਾਸ਼ ਨਾਂ ਕਰੋ ਇਸ ਨਾਲ "ਸ਼ਬਦ ਗੁਰੂ" ਦੀ ਮਹਾਨਤਾ ਘਟਦੀ, ਵੱਖਰੇਵੇਂ ਪੈਂਦੇ ਅਤੇ ਸਿੱਖ ਸਿਧਾਂਤਾਂ ਨੂੰ ਢਾਹ ਲਗਦੀ ਹੈ।

ਸਿੱਖ ਕੌਮ ਸਿਧਾਂਤਵਾਦੀ ਨਾਂ ਕਿ ਅੰਧਵਿਸ਼ਵਾਸ਼ੀ ਲਕੀਰ ਦੀ ਫਕੀਰ ਹੈ। ੴ ਦਾ ਸਿਧਾਂਤ ਸਾਡੇ ਸਾਰੇ ਵੱਖਰੇਵੇਂ ਦੂਰ ਕਰਕੇ, ਏਕੇ ਦੇ ਰਾਹੇ ਪਾਉਂਦਾ ਹੈ। ਜਰਾ ਸੋਚੋ! ਫਿਰ ਅਸੀਂ ਵੱਖ-ਵੱਖ ਗ੍ਰੰਥਾਂ, ਪੰਥਾਂ ਅਤੇ ਮਰਯਾਦਾਵਾਂ ਦੇ ਦੁਰਾਹੇ ਕਿਉਂ ਪੈ ਜਾਂਦੇ ਹਾਂ? ਇਹ ਵਖਰੇਵਾਂਵਾਦ ਦੇ ਹਮਲੇ ਸਾਡੇ ਤੇ ਕਿਉਂ ਹੋ ਰਹੇ ਹਨ? ਇਨ੍ਹਾਂ ਦਾ ਇੱਕੋ ਇੱਕ ਹੱਲ ਡੇਰੇ, ਸੰਤ, ਬਾਬੇ ਅਤੇ ਸੰਪ੍ਰਦਾਵਾਂ ਨੂੰ ਤਿਆਗ ਕੇ, ਇੱਕ ਤੇ ਯਕੀਨ ਕਰਨਾ ਅਤੇ "ਸ਼ਬਦ ਗੁਰੂ ਗ੍ਰੰਥ" ਦੇ ਦੱਸੇ ਪੰਥਕ ਮਾਰਗ ਤੇ ਚਲਣਾ ਹੈ। ਅਤਿ ਅਫਸੋਸ ਕਿਉਂਕਿ ਅੱਜੋਕੇ ਬਹੁਤੇ ਵਿਦਵਾਨ "ਸ਼ਬਦ ਗੁਰੂ" ਦੇ ਸਿਧਾਤਾਂ ਦੀ ਥਾਂ ਸੀਨਾ ਬਸੀਨਾ ਰਹੁਰੀਤਾਂ ਨੂੰ ਵੱਧ ਮਾਣਤਾ ਦਿੰਦੇ ਹਨ!

# ਵਿਗਿਆਨੀਆਂ ਨੇ ਖੋਜਿਆ ਮੌਤ ਤੋਂ ਬਾਅਦ ਜੀਵਨ ਦਾ ਰਾਜ਼!

ਸੈਂਕੜੇ ਸਾਲਾਂ ਤੋਂ ਵਿਗਿਆਨੀ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੌਤ ਤੋਂ ਬਾਅਦ ਦਿਮਾਗ ਦਾ ਕੀ ਹੁੰਦਾ ਹੈ। ਹਾਲ ਹੀ ਵਿੱਚ ਪ੍ਰਕਾਸ਼ਿਤ ਇੱਕ ਨਵੇਂ ਅਧਿਐਨ ਦੇ ਅਨੁਸਾਰ ਮਨੁੱਖੀ ਦਿਮਾਗ ਮੌਤ ਦੇ ਦੌਰਾਨ ਵੀ ਕਿਰਿਆਸ਼ੀਲ ਅਤੇ ਤਾਲਮੇਲ (ਅਚਟਿਵੲ ਅਨਦ ਚੋਰਦਿਨਅਟੲਦ) ਵਿਚ ਰਹਿ ਸਕਦਾ ਹੈ। ਇਸ ਸਾਰੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਪ੍ਰੋਗਰਾਮ ਕੀਤਾ ਜਾ ਸਕਦਾ ਹੈ।

ਇਸ ਦੇ ਲਈ ਐਸਟੋਨੀਆ ਟਾਰਟੂ ਦੀ ਯੂਨੀਵਰਸਿਟੀ ਦੇ ਡਾ: ਰਾਉਲ ਵਿਸੇਂਟ ਨੇ 87 ਸਾਲਾ ਬਜ਼ੁਰਗ ਮਰੀਜ਼ ਦਾ ਅਧਿਐਨ ਕੀਤਾ ਜਿਸ ਨੂੰ ਮਿਰਗੀ ਦੀ



ਬਿਮਾਰੀ ਸੀ। ਵਿਸੇਂਟ ਅਤੇ ਖੋਜਕਰਤਾਵਾਂ ਦੀ ਟੀਮ ਨੇ ਮਰੀਜ਼ ਦੇ ਇਲਾਜ ਅਤੇ ਦੌਰੇ ਦਾ ਪਤਾ ਲਗਾਉਣ ਲਈ ਉਸ ਉਤੇ ਇਲੈਕਟ੍ਰੋਐਂਸੈਫਲੋਗ੍ਰਾਫੀ (ਈਈਜੀ) ਦੀ ਲਗਾਤਾਰ ਵਰਤੋਂ ਕੀਤੀ। ਇਸ ਰਿਕਾਰਡਿੰਗ ਦੌਰਾਨ ਮਰੀਜ਼ ਨੂੰ ਦਿਲ ਦਾ ਦੌਰਾ ਪਿਆ ਅਤੇ ਉਸ ਦੀ ਮੌਤ ਹੋ ਗਈ। ਇਸ ਅਣਕਿਆਸੀ ਘਟਨਾ ਕਾਰਨ ਵਿਗਿਆਨੀਆਂ ਨੂੰ ਪਹਿਲੀ ਵਾਰ ਮਰਨ ਵਾਲੇ ਵਿਅਕਤੀ ਦੇ ਦਿਮਾਗ ਦੀ ਗਤੀਵਿਧੀ ਰਿਕਾਰਡ ਕਰਨ ਦਾ ਮੌਕਾ ਮਿਲਿਆ।

ਇਸ ਅਧਿਐਨ ਨੂੰ ਕਰਨ ਵਾਲੇ ਯੂਨੀਵਰਸਿਟੀ ਆਫ ਲੁਈਸਵਿਲੇ ਦੇ ਨਿਊਰੋਸਰਜਨ ਡਾਕਟਰ ਅਜਮਲ ਜ਼ੇਮੱਰ ਨੇ ਕਿਹਾ ਕਿ ਅਸੀਂ ਮੌਤ ਤੋਂ ਬਾਅਦ 900 ਸਕਿੰਟਾਂ ਤੱਕ ਦਿਮਾਗ ਦੀ ਗਤੀਵਿਧੀ ਨੂੰ ਰਿਕਾਰਡ ਕੀਤਾ। ਇਸ ਵਿਚ ਵੀ ਵਿਗਿਆਨੀਆਂ ਦਾ ਵਿਸ਼ੇਸ਼ ਧਿਆਨ ਦਿਲ ਦੀ ਧੜਕਣ ਬੰਦ ਹੋਣ ਤੋਂ 30 ਸਕਿੰਟ ਪਹਿਲਾਂ ਅਤੇ ਬਾਅਦ ਉਤੇ ਦਿੱਤਾ ਗਿਆ। ਵਿਗਿਆਨੀਆਂ ਨੇ ਕਿਹਾ ਕਿ ਦਿਲ ਦੇ ਕੰਮ ਕਰਨਾ ਬੰਦ ਕਰਨ ਤੋਂ ਤੁਰੰਤ ਬਾਅਦ ਅਤੇ ਉਸ ਤੋਂ ਪਹਿਲਾਂ, ਉਨ੍ਹਾਂ ਨੇ ਦਿਮਾਗ ਦੀਆਂ ਵਾਈਬ੍ਰੇਸ਼ਨਾਂ ਅਤੇ ਵਿਸ਼ੇਸ਼ ਬੈਂਡਾਂ ਵਿੱਚ ਬਦਲਾਅ ਦੇਖਿਆ। ਇਸ ਵਿੱਚ ਕਥਿਤ ਤੌਰ ਉਤੇ ਗਾਮਾ ਵਾਈਬ੍ਰੇਸ਼ਨ ਸੀ, ਪਰ ਇਸ ਨੇ ਡੈਲਟਾ, ਥੀਟਾ, ਅਲਫ਼ਾ ਅਤੇ ਬੀਟਾ ਵਾਈਬ੍ਰੇਸ਼ਨਾਂ ਵਿੱਚ ਤਬਦੀਲੀਆਂ ਵੀ ਦਿਖਾਈਆਂ। ਦਿਮਾਗ ਵਿਚ ਵਾਈਬ੍ਰੇਸ਼ਨ ਨੂੰ ਆਮ ਤੌਰ ਉਤੇ ਦਿਮਾਗੀ ਤਰੰਗ ਵਜੋਂ ਜਾਣਿਆ ਜਾਂਦਾ ਹੈ, ਜੋ ਜੀਵਤ ਮਨੁੱਖੀ ਦਿਮਾਗ ਵਿੱਚ ਇੱਕ ਸਰਗਰਮ ਤਰੰਗ ਬਣਾਉਂਦੀ ਹੈ। ਇਹ ਗਾਮਾ ਸਮੇਤ ਵੱਖ-ਵੱਖ ਕਿਸਮ ਦੀਆਂ ਤਰੰਗਾਂ, ਉੱਚ ਪੱਧਰੀ ਬੋਧਾਤਮਕ ਪ੍ਰਕਿਰਿਆਵਾਂ ਜਿਵੇਂ ਕਿ ਧਿਆਨ, ਸੁਪਨੇ ਦੇਖਣਾ, ਧਿਆਨ ਕੇਂ-ਦਰਤ ਕਰਨਾ, ਯਾਦਾਂ ਨੂੰ ਸਟੋਰ ਕਰਨਾ, ਜਾਣਕਾਰੀ ਦੀ ਪ੍ਰਕਿਰਿਆ ਕਰਨਾ, ਅਤੇ ਚੇਤੰਨ ਧਾਰਨਾ ਵਿੱਚ ਸ਼ਾਮਲ ਹੁੰਦੀਆਂ ਹਨ।

ਇਸ ਤਰ੍ਹਾਂ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹੀਆਂ ਵਾਈਬ੍ਰੇਸ਼ਨਾਂ ਰਾਹੀਂ ਦਿਮਾਗ ਮਰਨ ਤੋਂ ਪਹਿਲਾਂ ਆਪਣੀ ਜ਼ਿੰਦਗੀ ਦੇ ਅਹਿਮ ਪਲਾਂ ਨੂੰ ਯਾਦ ਕਰ ਸਕਦਾ ਹੈ।

ਬਿਲਕੁਲ ਇਸ ਤਰ੍ਹਾਂ ਮੌਤ ਦੇ ਨੇੜੇ ਦੇ ਅਨੁਭਵਾਂ ਦਾ ਵਰਣਨ ਕੀਤਾ ਗਿਆ ਹੈ। ਇਹ ਜਾਣਕਾਰੀ ਸਾਡੀ ਸਮਝ ਨੂੰ ਚੁਣੌਤੀ ਦਿੰਦੀ ਹੈ ਕਿ ਜੀਵਨ ਕਦੋਂ ਖਤਮ ਹੁੰਦਾ ਹੈ।

ਇਹ ਇੱਕ ਅਜਿਹਾ ਸਵਾਲ ਹੈ ਜੋ ਆਮ ਤੌਰ 'ਤੇ ਅੰਗਦਾਨ ਕਰਨ ਵੇਲੇ ਵੀ ਆਉਂਦਾ ਹੈ। ਹਾਲਾਂਕਿ, ਵਿਗਿਆਨੀਆਂ ਦਾ ਮੰਨਣਾ ਹੈ ਕਿ ਜਿਸ ਦਿਮਾਗ ਦਾ ਉਨ੍ਹਾਂ ਨੇ ਹੁਣੇ ਅਧਿਐਨ ਕੀਤਾ ਹੈ, ਉਹ ਕਈ ਤਰ੍ਹਾਂ ਦੀਆਂ ਪੇਚੀਦਗੀਆਂ ਵਾਲੇ ਮਰੀਜ਼ ਦਾ ਸੀ, ਇਸ ਲਈ ਇਸ ਤੋਂ ਪ੍ਰਾਪਤ ਡੇਟਾ ਦੀ ਵਿਆਖਿਆ ਕਰਨਾ ਥੋੜਾ ਮੁਸ਼ਕਲ ਸੀ। ਪਰ ਅੱਗੇ ਜਾ ਕੇ ਇਸ ਅਧਿਐਨ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ, ਭਾਵੇਂ ਕਿਸੇ ਦਾ ਪਿਆਰਾ ਅੱਖਾਂ ਬੰਦ ਕਰਕੇ ਇਸ ਸੰਸਾਰ ਨੂੰ ਛੱਡਣ ਦੀ ਤਿਆਰੀ ਕਰ ਰਿਹਾ ਹੁੰਦਾ ਹੈ ਪਰ ਉਸ ਦਾ ਮਨ ਇਸ ਦੌਰਾਨ ਆਪਣੀ ਜ਼ਿੰਦਗੀ ਵਿਚ ਬਿਤਾਏ ਖੂਬਸੂਰਤ ਪਲਾਂ ਨੂੰ ਯਾਦ ਕਰ ਰਿਹਾ ਹੁੰਦਾ ਹੈ। ਅਸੀਂ ਭਵਿੱਖ ਵਿੱਚ ਇਨ੍ਹਾਂ ਯਾਦਾਂ ਨੂੰ ਸੰਭਾਲਣ ਦੇ ਯੋਗ ਵੀ ਹੋ ਸਕਦੇ ਹਾਂ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਪੁਲਿਸ ਅਫਸਰ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ

**ਸੈਕਰਾਮੈਂਟੋ 4 ਮਾਰਚ–** ਫਲੋਰਿਡਾ ਦੀ ਇਕ ਅਦਾਲਤ ਨੇ ਓਰਲੈਂਡੋ ਦੀ ਪੁਲਿਸ ਅਫਸਰ ਲੈਫਟੀਨੈਂਟ ਡੈਬਰਾ ਕਲੇਟਨ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਮਰਕੀਥ ਲਾਇਡ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਤਕਰੀਬਨ 3 ਮਹੀਨੇ ਪਹਿਲਾਂ ਜਿਊਰੀ ਵੱਲੋਂ ਮੌਤ ਦੀ ਸਜ਼ਾ ਦੀ ਸਿਫਾਰਿਸ਼ ਕਰਨ ਉਪਰੰਤ 9 ਵੀਂ ਸਰਕਟ ਜੱਜ ਲੈਟੀਸੀਆ ਮਾਰਕਸ ਨੇ ਆਪਣਾ ਫੈਸਲਾ ਸੁਣਾਇਆ। ਮਰਕੀਥ ਲਾਇਡ ਨੇ 5 ਸਾਲ ਤੋਂ ਵਧ ਸਮਾਂ ਪਹਿਲਾਂ ਡੈਬਰਾ ਕਲੇਟਨ ਦੀ ਉਸ ਵੇਲੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦ ਉਹ ਡਿਊਟੀ ਉਪਰ ਸੀ। ਪਿਛਲੇ ਸਾਲ ਨਵੰਬਰ ਵਿਚ ਜਿਊਰੀ ਨੇ ਲਾਇਡ ਨੂੰ ਦੋਸ਼ੀ ਕਰਾਰ ਦਿੱਤਾ ਸੀ ਤੇ ਉਸ ਨੂੰ ਸਿਰੇ ਦੀ ਮੌਤ ਦੀ ਸਜ਼ਾ ਦੇਣ ਦੀ ਸਿਫਾਰਿਸ਼ ਕੀਤੀ ਸੀ। ਕਲੇਟਨ ਦੀ ਹੱਤਿਆ ਉਸ ਵੇਲੇ ਕੀਤੀ ਗਈ ਸੀ ਜਦੋਂ ਦਸੰਬਰ 2016 ਵਿਚ ਲਾਇਡ ਆਪਣੀ ਸਾਬਕਾ ਮਿੱਤਰ ਕੁੜੀ ਤੇ ਉਸ ਦੇ ਗਰਭ ਵਿਚਲੇ ਬੱਚੇ ਦੀ ਹੱਤਿਆ ਕਰਕੇ ਫਰਾਰ ਹੋ ਗਿਆ ਸੀ। ਜਨਵਰੀ 2017 ਵਿਚ ਇਕ ਵਾਲਮਾਰਟ ਦੇ ਬਾਹਰ ਜਦੋਂ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰਨ ਦਾ ਯਤਨ




ਕੀਤਾ ਤਾਂ ਉਸ ਨੇ ਗੋਲੀਆਂ ਮਾਰ ਕੇ ਕਲੇਟਨ ਦੀ ਹੱਤਿਆ ਕਰ ਦਿੱਤੀ। ਬਾਅਦ ਵਿਚ ਲਾਇਡ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਅਦਾਲਤ ਨੇ ਜਦੋਂ ਸਜ਼ਾ ਸੁਣਾਈ ਤਾਂ ਲਾਇਡ ਬੁਰੀ ਤਰਾਂ ਬੁਖਲਾ ਗਿਆ। ਉਹ ਉਚੀ ਸੁਰ ਵਿਚ ਚੀਕਿਆ ਤੇ ਉਸ ਦੇ ਚੇਹਰੇ ਦਾ ਰੰਗ ਫਿਕਾ ਪੈ ਗਿਆ।

ਇਥੇ ਜਿਕਰਯੋਗ ਹੈ ਕਿ ਅਕਤੂਬਰ 2019 ਵਿਚ ਲਾਇਡ ਨੂੰ ਆਪਣੀ ਸਾਬਕਾ ਦੋਸਤ ਕੁੜੀ ਸੇਡ ਡਿਕਸਨ ਦੀ ਹੱਤਿਆ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ ਪਰੰਤੂ ਜਿਊਰੀ ਦੀ ਸਿਫਾਰਿਸ਼ 'ਤੇ ਉਸ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਹੋ ਗਈ ਸੀ। ਹੱਤਿਆ ਵੇਲੇ 42 ਸਾਲਾ ਕਲੇਟਨ ਪੁਲਿਸ ਵਿਭਾਗ ਵਿਚ ਮਾਸਟਰ ਸਾਰਜੈਂਟ ਸੀ ਪਰੰਤੂ ਮੌਤ ਤੋਂ ਬਾਅਦ ਉਸ ਨੂੰ ਤਰੱਕੀ ਦੇ ਕੇ ਲੈਫਟੀਨੈਂਟ ਬਣਾ ਦਿੱਤਾ ਗਿਆ ਸੀ। ਓਰਲੈਂਡੋ ਦੇ ਪੁਲਿਸ ਮੁੱਖੀ ਓਰਲੈਂਡੋ ਰੋਲੋਨ ਨੇ ਸਜ਼ਾ ਉਪਰ ਟਿਪਣੀ ਕਰਦਿਆਂ ਕਿਹਾ ਹੈ ਕਿ ਇਸ ਨਾਲ ਹੋਰਨਾਂ ਨੂੰ ਵੀ ਸਖਤ ਸੰਦੇਸ਼ ਮਿਲੇਗਾ ਕਿ ਭਿਆਨਕ ਅਪਰਾਧ ਦਾ ਸਿੱਟਾ ਵੀ ਭਿਆਨਕ ਹੁੰਦਾ ਹੈ।

# ਕਨਸਾਸ ਦੇ ਸਕੂਲ ਵਿਚ ਇਕ ਵਿਦਿਆਰਥੀ ਨੇ ਗੋਲੀਆਂ ਚਲਾ ਕੇ ਦੋ ਨੂੰ ਕੀਤਾ ਜ਼ਖਮੀ, ਖੁਦ ਵੀ ਗੋਲੀ ਵੱਜਣ ਨਾਲ ਹੋਇਆ ਜ਼ਖਮੀ

**ਸੈਕਰਾਮੈਂਟੋ 5 ਮਾਰਚ–** ਕਨਸਾਸ ਦੇ ਓਲਥ ਈਸਟ ਹਾਈ ਸਕੂਲ ਵਿਚ ਇਕ ਵਿਦਿਆਰਥੀ ਨੇ ਗੋਲੀਆਂ ਚਲਾ ਕੇ ਦੋ ਨੂੰ ਜ਼ਖਮੀ ਕਰ ਦਿੱਤਾ। ਮੁੱਢਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਦਿਆਰਥੀ ਨੇ ਗੋਲੀਆਂ ਸਕੂਲ ਦੇ ਰਿਸੋਰਸ ਅਫਸਰ ਤੇ ਪ੍ਰਸ਼ਾਸਕ ਉਪਰ ਚਲਾਈਆਂ। ਰਿਸੋਰਸ ਅਫਸਰ ਵੱਲੋਂ ਜਵਾਬੀ ਕਾਰਵਾਈ ਵਿਚ ਚਲਾਈ ਗੋਲੀ ਨਾਲ ਸ਼ੱਕੀ ਵਿਦਿਆਰਥੀ ਵੀ



ਜ਼ਖਮੀ ਹੋ ਗਿਆ ਜਿਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਓਲਥ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਜੋਇਲ ਯੈਲਡੈਲ ਨੇ ਕਿਹਾ ਹੈ ਕਿ ਸਕੂਲ ਨੂੰ ਬੰਦ ਕਰ ਦਿੱਤਾ ਗਿਆ ਹੈ ਪਰੰਤੂ ਹੁਣ ਸਭ ਸੁਰੱਖਿਅਤ ਹਨ ਕਿਸੇ ਨੂੰ ਵੀ ਕੋਈ ਖਤਰਾ ਨਹੀਂ ਹੈ। ਸ਼ੱਕੀ ਵਿਅਕਤੀ ਇਲਾਜ ਅਧੀਨ ਹੈ । ਸ਼ੱਕੀ ਵਿਦਿਆਰਥੀ ਬਾਰੇ ਪੁਲਿਸ ਨੇ ਹੋਰ ਜਾਣਕਾਰੀ ਜਾਰੀ ਨਹੀਂ ਕੀਤੀ ਹੈ। ਪੁਲਿਸ ਅਨੁਸਾਰ ਜਖਮੀ ਹੋਏ ਰਿ-ਸੋਰਸ ਅਫਸਰ,ਪ੍ਰਸ਼ਾਸਕ ਤੇ ਸ਼ੱਕੀ ਵਿਅਕਤੀ ਦੀ ਹਾਲਤ ਸਥਿੱਰ ਹੈ।

# ਫਲੋਰਿਡਾ ਦੇ ਜੰਗਲ ਵਿਚ ਲੱਗੀ ਭਿਆਨਕ ਅੱਗ, ਹੰਗਾਮੀ ਸਥਿੱਤੀ ਐਲਾਨੀ



**ਸੈਕਰਾਮੈਂਟੋ 5 ਮਾਰਚ–** ਬੇਅ ਕਾਊਂਟੀ, ਫਲੋਰਿਡਾ ਦੇ ਜੰਗਲ ਵਿਚ ਲੱਗੀ ਅੱਗ ਤੇਜੀ ਨਾਲ ਫੈਲ ਰਹੀ ਹੈ ਜਿਸ ਉਪਰੰਤ ਅਧਿਕਾਰੀਆਂ ਨੇ ਹੰਗਾਮੀ ਸਥਿੱਤੀ ਦਾ ਐਲਾਨ ਕਰ ਦਿੱਤਾ ਹੈ। ਫਲੋਰਿਡਾ ਫੌਰੈਸਟ ਸਰਵਿਸ ਅਨੁਸਾਰ ਐਡਿਨਜ ਰੋਡ ਨਾਲ 800 ਏਕੜ ਤੋਂ ਵਧ ਰਕਬਾ ਸੜ ਚੁੱਕਾ ਹੈ। ਅੱਗ ਟਾਇਨਡਲ ਪਾਰਕਵੇਅ ਤੇ ਹਾਈਵੇਅ 31 ਵਿਚਾਲੇ ਲੱਗੀ ਹੈ ਤੇ ਉਹ ਉੱਤਰ ਵੱਲ ਵਧ ਰਹੀ ਹੈ। ਹਾਈਵੇਅ 321 ਤੇ ਹਾਈਵੇਅ 98 ਵਿਚਾਲੇ ਪੈਂਦਾ ਟਰਾਂਸਮੀਟਰ ਰੋਡ ਤੋਂ ਸਟਾਰ ਐਵਨਿਊ ਤੱਕ ਇਲਾਕੇ ਨੂੰ ਖਾਲੀ ਕਰਨ ਲਈ ਕਿਹਾ ਗਿਆ ਹੈ। ਲੋਕਾਂ ਦੇ ਰਹਿਣ ਲਈ ਪਨਾਮ ਸ਼ਹਿਰ ਦੇ ਹਿ-ਲੈਂਡ ਪਾਰਕ ਬੈਪਿਸਟ ਚਰਚ ਵਿਚ ਆਰਜੀ ਵਿਵਸਥਾ ਕੀਤੀ ਗਈ ਹੈ।

# ਲੋਵਾ ਵਿਚ ਇਕ ਹਾਈ ਸਕੂਲ ਦੇ ਬਾਹਰ ਹੋਈ ਗੋਲੀਬਾਰੀ ਵਿਚ ਇਕ ਮੌਤ ਦੋ ਗੰਭੀਰ ਜ਼ਖਮੀ



**ਸੈਕਰਾਮੈਂਟੋ 8 ਮਾਰਚ–** ਡੇਸ ਮੋਇਨਸ, ਲੋਵਾ ਦੇ ਇਕ ਹਾਈ ਸਕੂਲ ਦੇ ਬਾਹਰਵਾਰ ਚੱਲੀਆਂ ਗੋਲੀਆਂ ਵੱਜਣ ਨਾਲ ਇਕ ਨਬਾਲਗ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ ਜਿਨਾਂ ਦੀ ਹਾਲਤ ਨਾਜ਼ਕ ਹੈ। ਡੇਸ ਮੋਇਨਸ ਅੱਗ ਬੁਝਾਊ ਵਿਭਾਗ ਦੇ ਬੁਲਾਰੇ ਅਹਮੈਨ ਡੌਗਲਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਮਾਰੇ ਗਏ ਨਬਾਲਗ ਦੀ ਉਮਰ 15 ਸਾਲ ਹੈ ਜਦ ਕਿ ਬਾਕੀ ਦੇ ਜ਼ਖਮੀਆਂ ਵਿਚ 16 ਤੇ 18 ਸਾਲ ਦੀਆਂ ਲੜਕੀਆਂ ਸ਼ਾਮਿਲ ਹਨ ਜੋ ਇਸ ਵੇਲੇ ਹਸਪਤਾਲ ਵਿਚ ਜੇਰੇ ਇਲਾਜ ਹਨ। ਪ੍ਰਾਪਤ ਵੇਰਵੇ ਅਨੁਸਾਰ ਗੋਲੀ ਚੱਲਣ ਦੀ ਘਟਨਾ ਈਸਟ ਹਾਈ ਸਕੂਲ ਕੈਂਪਸ ਦੇ ਬਾਹਰਵਾਰ ਦੁਪਹਿਰ ਬਾਅਦ 3 ਵਜੇ ਤੋਂ ਪਹਿਲਾਂ ਵਾਪਰੀ ਜਿਥੇ ਜਮੀਨ ਉਪਰ ਖੂਨ ਦੇ ਧੱਬੇ ਜਗਾ-ਜਗਾ ਜੰਮੇ ਹੋਏ ਸਨ। ਪੁਲਿਸ ਅਧਿਕਾਰੀਆਂ ਦਾ ਵਿਸ਼ਵਾਸ਼ ਹੈ ਕਿ ਗੋਲੀਆਂ ਸਕੂਲ ਕੋਲੋਂ ਲੰਘੇ ਕਿਸੇ ਵਾਹਣ ਵਿਚੋਂ ਚੱਲੀਆਂ ਹਨ। ਮੌਕੇ ਤੋਂ ਖਾਲੀ ਕਾਰਤੂਸ ਬਰਾਮਦ ਹੋਏ ਹਨ। ਅਜੇ ਇਹ ਨਹੀਂ ਦੱਸਿਆ ਕਿ ਪੀੜਤ ਸਕੂਲ ਦੇ ਵਿਦਿਆਰਥੀ ਹਨ ਜਾਂ ਕਿਤਿਉਂ ਬਾਹਰੋਂ ਆਏ ਸਨ। ਸਕੂਲ ਦੇ ਪ੍ਰਿੰਸੀਪਲ ਜਿਲ ਵਰਸਟੀਜ ਨੇ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਹੈ ਕਿ "ਇਹ ਹਰ ਇਕ ਲਈ ਇਕ ਭਿਆਨਕ ਸਪਨੇ ਦੀ ਤਰਾਂ ਹੈ। ਅੱਜ ਦੀ ਰਾਤ ਆਪਣੇ ਬੱਚਿਆਂ ਨੂੰ ਜਫੀ ਵਿਚ ਲੈ ਕੇ ਪਿਆਰ ਕਰੋ।" ਪੁਲਿਸ ਨੇ ਮੌਕੇ ਉਪਰ ਪੁੱਜ ਕੇ ਸਥਿੱਤੀ ਦਾ ਜਾਇਜਾ ਲਿਆ ਤੇ ਕਿਹਾ ਹੈ ਕਿ ਜਾਂਚ ਉਪਰੰਤ ਹੀ ਘਟਨਾ ਬਾਰੇ ਕੁਝ ਕਿਹਾ ਜਾਵੇਗਾ।

# ਅਮਰੀਕਾ ਵਿਚ ਕਰੋੜਾਂ ਲੋਕਾਂ ਨੂੰ ਜਬਰਦਸਤ ਤੂਫਾਨ ਦਾ ਸਾਹਮਣਾ, ਮੌਸਮ ਵਿਚ ਆਈ ਭਿਆਨਕ ਤਬਦੀਲੀ



**ਸੈਕਰਾਮੈਂਟੋ 8 ਮਾਰਚ–** ਲੋਵਾ ਵਿਚ ਤੂਫਾਨ ਦੀ ਲਪੇਟ ਵਿਚ ਆ ਕੇ 7 ਵਿਅਕਤੀਆਂ ਦੇ ਮਾਰੇ ਜਾਣ ਉਪਰੰਤ ਤੂਫਾਨ ਨੇ ਭਿਆਨਕ ਰੂਪ ਅਖਤਿਆਰ ਕਰ ਲਿਆ ਹੈ। ਇਕ ਰਿਪੋਰਟ ਅਨੁਸਾਰ ਐਟਲਾਂਟਾ ਤੋਂ ਫਿਲਾਡੈਲਫੀਆ ਤੱਕ 7.15 ਕਰੋੜ ਲੋਕਾਂ ਨੂੰ ਭਿਆਨਕ ਤੂਫਾਨ ਦੀ ਚਿਤਾਵਨੀ ਦਿੱਤੀ ਗਈ ਹੈ ਜਦ ਕਿ ਵਾਸ਼ਿੰਗਟਨ, ਡੀ ਸੀ ਤੇ ਬਾਲਟੀ ਮੋਰ ਸਮੇਤ ਹੋਰ ਸ਼ਹਿਰਾਂ ਵਿਚ ਮੌਸਮ ਵਿਚ ਗੰਭੀਰ ਬਦਲਾਅ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਗਿਆਨੀ ਹੇਲੇ ਬਰਿੰਕ ਨੇ ਕਿਹਾ ਹੈ ਕਿ ਮੁੱਖ ਖਤਰਾ ਕੁਝ ਥਾਵਾਂ 'ਤੇ ਤੂਫਾਨ ਆਉਣ ਤੇ ਖਤਰਨਾਕ ਹਵਾਵਾਂ ਚੱਲਣ ਦਾ ਹੈ। ਉਨਾਂ ਕਿਹਾ ਹੈ ਕਿ ਵਿਸ਼ੇਸ਼ ਤੌਰ 'ਤੇ ਓਹੀਓ ਰਿਵਰ ਵੈਲੀ ਵਿਚ ਤੂਫਾਨ ਦੇ ਨਾਲ ਭਾਰੀ ਬਾਰਿਸ਼ ਪਵੇਗੀ। ਇਹ ਬਾਰਿਸ਼ ਪ੍ਰਤੀ ਘੰਟਾ ਇਕ ਤੋਂ 2 ਇੰਚ ਤੱਕ ਪੈ ਸਕਦੀ ਹੈ। ਓਹੀਓ,ਇੰਡਿਆਨਾ ਤੇ ਪੱਛਮੀ ਵਿਰਜੀਨੀਆ ਵਿਚ ਹੜ ਉਪਰ ਨਿਗਰਾਨੀ ਰਖਣ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

# 12 ਸਾਲਾ ਲੜਕੇ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਪੁਲਿਸ ਅਫਸਰ ਹੋਵੇਗਾ ਬਰਖਾਸਤ-ਕਮਿਸ਼ਨਰ

**ਸੈਕਰਾਮੈਂਟੋ 9 ਮਾਰਚ–** ਬੀਤੇ ਦਿਨ ਫਿਲਾਡੈਲਫੀਆ ਵਿਚ ਇਕ 12 ਸਾਲਾ ਲੜਕੇ ਦਾ ਪਿੱਛਾ ਕਰਕੇ ਉਸ ਨੂੰ ਗੋਲੀ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਸਬੰਧਤ ਪੁਲਿਸ ਅਫਸਰ ਨੂੰ ਬਰਖਾਸਤ ਕੀਤਾ ਜਾਵੇਗਾ। ਇਹ ਪ੍ਰਗਟਾਵਾ ਕਰਦਿਆਂ ਸ਼ਹਿਰ ਦੀ ਪੁਲਿਸ ਕਮਿਸ਼ਨਰ ਡੈਨੀਲ ਆਊਟਲਾਅ ਨੇ ਕਿਹਾ ਹੈ ਕਿ ਸਾਦੇ ਕਪੜਿਆਂ ਵਿਚ ਇਕ ਪੁਲਿਸ ਅਫਸਰ ਜਿਸ ਦੀ ਅਜੇ ਸ਼ਨਾਖਤ ਕੀਤੀ ਜਾਣੀ ਹੈ, ਨੇ ਥਾਮਸ ਸੀਡੀਰੀਓ ਨਾਮੀ ਲੜਕੇ ਦੀ ਪਿੱਠ ਵਿਚ ਗੋਲੀ ਮਾਰੀ ਸੀ। ਉਨਾਂ ਕਿਹਾ ਕਿ ਪੁਲਿਸ ਅਫਸਰ ਨੂੰ ਲੋੜੋਂ ਵਧ ਤਾਕਤ ਵਰਤਣ ਦੇ ਦੋਸ਼ਾਂ ਤਹਿਤ ਬਰਖਾਸਤ ਕੀਤਾ ਜਾਵੇਗਾ।



ਪੁਲਿਸ ਦਾ ਦੋਸ਼ ਸੀ ਕਿ ਲੜਕਾ ਪੁਲਿਸ ਦੀ ਗੱਡੀ ਉਪਰ ਗੋਲੀ ਚਲਾ ਕੇ ਭੱਜਾ ਸੀ। ਪੁਲਿਸ ਜਾਂਚ ਵਿਚ ਇਹ ਪੁਸ਼ਟੀ ਕੀਤੀ ਗਈ ਹੈ ਕਿ ਅਫਸਰ ਨੇ ਵਿਭਾਗ ਦੇ ਤਾਕਤ ਵਰਤਣ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕੀਤੀ ਹੈ।

ਪੁਲਿਸ ਕਮਿਸ਼ਨਰ ਨੇ ਕਿਹਾ ਹੈ ਕਿ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਉਲੰਘਣਾ ਕਰਨ ਵਾਲਾ ਭਾਵੇਂ ਕੋਈ ਵੀ ਹੋਵੇ, ਉਸ ਨੂੰ ਨਤੀਜੇ ਭੁਗਤਣੇ ਪੈਣਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਮਰਹੂਮ ਜੋਗਿੰਦਰ ਸ਼ਮਸ਼ੇਰ ਦੀ ਸਵੈ ਜੀਵਨੀ ਦਾ ਲੋਕ ਅਰਪਣ ਸਮਾਗਮ






**ਸਾਊਥਾਲ (ਯੂ ਕੇ) (ਮਪ) :** ਕਨੇਡਾ ਨਿਵਾਸੀ ਪੰਜਾਬੀ ਨਾਮਵਰ ਲੇਖਕ ਜੋਗਿੰਦਰ ਸ਼ਮਸ਼ੇਰ ਦੀ ਹੁਣੇ ਜਹੇ ਛਪੀ ਵੱਡ ਆਕਾਰੀ ਸਵੈ ਜੀਵਨੀ "ਬੀਤੇ ਦਾ ਸਫ਼ਰ" ਦਾ ਲੋਕ ਅਰਪਣ ਬੀਤੇ ਦਿਨੀਂ ਸਾਊਥਾਲ ਦੀ ਸਾਊਥ ਰੋਡ ਤੇ ਸਥਿਤ ਮਸ਼ਹੂਰ ਰੈਸਟੋਰੈਂਟ "ਕੁਲਚਾ ਐਕਸ ਪਰੈਂਸ" ਵਿਖੇ ਕੀਤਾ ਗਿਆ । ਲੋਕ ਅਰਪਣ ਲੰਡਨ ਦੀ ਈਲਿੰਗ ਕੌਂਸਲ ਦੇ ਮੇਅਰ ਜਨਾਬ ਮੁਨੀਰ ਅਹਿਮਦ ਨੇ ਇਲਾਕੇ ਦੇ ਮੈਂਬਰ ਪਾਰਲੀਮੈਂਟ ਸ਼੍ਰੀ ਵਰਿੰਦਰ ਸ਼ਰਮਾ ਅਤੇ ਉਨ੍ਹਾਂ ਦੀ ਸੁਪਤਨੀ ਨਿਰਮਲਾ ਸ਼ਰਮਾ ਦੀ ਮੌਜੂਦਗੀ ਵਿਚ ਕੀਤਾ। ਲੰਡਨ ਵਿਚ ਕਈ ਸ਼ਾਖਾਵਾਂ ਵਾਲ਼ੇ "ਕੁੱਲਚਾ ਐਕਸ ਪ੍ਰੈਂਸ" ਵੱਲੋਂ ਮੇਅਰ ਸਾਹਿਬ ਦੇ ਮਾਣ ਵਿੱਚ ਕੀਤੇ ਗਏ ਇਸ ਵਿਸ਼ੇਸ਼ ਸਮਾਗਮ ਦੇ ਮੌਕੇ ਈਲਿੰਗ ਦੇ ਡਿਪਟੀ ਮੇਅਰ ਮਹਿੰਦਰ ਮਿੱਡਾ, ਕੌਂਸਲ ਲੀਡਰ ਪੀਟਰ ਮੇਸ਼ਨ, ਸਾਬਕਾ ਡਿਪਟੀ ਨੇਤਾ ਕੌਂਸਲਰ ਰਣਜੀਤ ਧੀਰ, ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਦੇ ਸਕੱਤਰ ਕੌਂਸਲਰ ਕੇ ਸੀ ਮੋਹਨ, ਕੌਂਸਲਰ ਜਸਬੀਰ ਆਨੰਦ , ਕੌਂਸਲਰ ਐਨਥਨੀ ਅਤੇ ਕਹਾਣੀਕਾਰ ਗੁਰਪਾਲ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ।

"ਕੁਲਚਾ ਐਕਸ ਪਰੈਂਸ" ਵਲੋਂ ਸ਼੍ਰੀ ਪਲਵਿੰਦਰ ਸਿੰਘ ਦੇ ਸਵਾਗਤੀ ਬੋਲਾਂ ਬਾਅਦ ਮੰਚ ਦੇ ਸੰਚਾਲਕ ਕੇ। ਸੀ। ਮੋਹਨ ਨੇ ਸ਼ਮਸ਼ੇਰ ਹੋਰਾਂ ਦੀ ਕਿਤਾਬ ਨੂੰ ਇਤਿਹਾਸਕ ਦਸਤਾਵੇਜ਼ ਦੱਸਿਆ। ਸ਼ਮਸ਼ੇਰ 32 ਸਾਲ ਯੂ ਕੇ ਵਿਚ ਸਰਗਰਮ ਰਹਿਣ ਬਾਅਦ 28 ਸਾਲ ਕੈਨੇਡਾ ਦੇ ਸਾਹਿਤਕ ਅਤੇ ਕਮਿਊਨਿਟੀ ਹਲਕਿਆਂ ਅੰਦਰ ਸਰਗਰਮ ਰਹੇ। ਮੈਂਬਰ ਪਾਰਲੀਮੈਂਟ ਵਰਿ-ੰਦਰ ਸ਼ਰਮਾ ਨੇ ਸ਼ਮਸ਼ੇਰ ਹੋਰਾਂ ਦੀ ਬਰਤਾਨਵੀ ਲੇਬਰ ਪਾਰਟੀ ਪ੍ਰਤੀ ਆਪਣੀ ਸਾਰੀ ਉਮਰ ਦੀ ਵਫਾਦਾਰੀ ਬਾਰੇ ਬਿਆਨਿਆਂ। ਰਣਜੀਤ ਧੀਰ ਨੇ ਪੁਸਤਕ ਲੇਖਕ ਦੀ ਸ਼ਖਸੀਅਤ ਅਤੇ ਸਾਹਿਤਕ ਰੁਤਬੇ ਬਾਰੇ ਚਾਨਣਾ ਪਾਇਆ। ਗੁਰਪਾਲ ਸਿੰਘ ਨੇ ਕਿਤਾਬ ਦੇ ਮਿਆਰ ਅਤੇ ਲੇਖਕ ਦੀ ਸੈਕੂਲਰਇਜ਼ਮ ਸਬੰਧੀ ਪ੍ਰਤੀਬੱਧਤਾ ਦਾ ਜ਼ਿਕਰ ਕੀਤਾ।

ਇਸ ਸਮਾਗਮ ਅੰਦਰ ਸ਼ਾਮਲ ਹੋਣ ਵਾਲਿਆਂ ਵਿਚ "ਕੁਲਚਾ ਐਕਸ ਪਰੈਂਸ" ਦੀ ਪੂਰੀ ਟੀਮ ਅਮਰਜੀਤ ਸਿੰਘ, ਰਮਜਿੰਦਰ ਸਿੰਘ, ਰਾਬਿੰਦਰ ਸਿੰਘ, ਪ੍ਰਿੰਸ, ਲਵਪ੍ਰੀਤ, ਬਾਰਲੋਅ ਬੈਂਕਤੋ ਵੀ ਸ਼ਾਮਲ ਹੋਏ। ਇਨ੍ਹਾਂ ਦੇ ਨਾਲ ਹੀ ਗੁਰਪ੍ਰੀਤ ਨਾਗੀ, ਮਿ: ਮਿੱਡਾ, ਚਾਨਾ ਕੈਮਿਸਿਟ ਵਾਲੇ ਕੈਨ ਚਾਨਾ ਵੀ ਸ਼ਾਮਲ ਸਨ। ਸੋਢੀ ਸਕੇਂ ਫੌਲਡਿੰਗ ਸਲੌਅ, ਨੇਸ਼ਨਵਾਈਡ ਐਸਟੇਟ ਵਾਲੇ ਦਵਿੰਦਰ ਸਿੰਘ, ਸੌਂਪਫਰੰਟ ਤੋਂ ਬਾਜਵਾ ਹੋਰੀਂ, ਸੰਸਾਰ ਚੀਮਾ ਜੀ, ਪਰਤਾਪ ਸੀ ਪੀ ਐਮ ਨੇ ਵੀ ਸਮਾਗਮ ਦੀ ਰੌਣਕ ਵਧਾਈ।

ਇਹ ਗੱਲ ਵਰਨਣਯੋਗ ਹੈ ਕਿ ਪਿਛਲੇ ਵਰ੍ਹੇ ਸ਼ਮਸ਼ੇਰ ਹੋਰਾਂ ਦੀ ਮੌਤ ਹੋ ਜਾਣ ਤੋਂ ਬਾਅਦ ਇਹ ਕਿਤਾਬ (ਸਵੈ ਜੀਵਨੀ "ਬੀਤੇ ਦਾ ਸਫ਼ਰ") ਉਨ੍ਹਾਂ ਦੀ ਹੋਣਹਾਰ ਧੀ ਉਸ਼ਮਾ ਨੇ ਰੀਝ ਨਾਲ ਛਪਵਾਈ ਅਤੇ ਇੰਗਲੈਂਡ ਦੇ ਪਾਠਕਾਂ ਤੱਕ ਪਹੁੰਚਾਈ ਹੈ। ਇਹ ਕਿਤਾਬ ਹਰ ਕਿਸੇ ਦੇ ਪੜ੍ਹਨਯੋਗ ਹੈ। ਸਮਾਗਮ ਦੇ ਆਖਰ ਵਿਚ "ਕੁਲਚਾ ਐਕਸ ਪਰੈਂਸ" ਦੀ ਪੂਰੀ ਮੈਨੇਜਮੈਂਟ ਵਲੋਂ ਸ਼੍ਰੀ ਪਲਵਿੰਦਰ ਸਿੰਘ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ।

## ਇਨਾਮੀ ਕਵਿਤਾ ਮੁਕਾਬਲਾ

ਪੇਂਡੂ ਸਾਹਿਤ ਸਭਾ (ਰਜਿ) ਬਾਲਿਆਂਵਾਲੀ ਵੱਲੋਂ ਪੰਜਾਬ ਦੇ ਸਪੁਤਰ ਕੈਨੇਡਾ ਸਰਕਾਰ ਪਾਸੋਂ 'ਸਰਵਸ਼੍ਰੇਸ਼ਠ ਐਵਾਰਡ' ਪ੍ਰਾਪਤ ਕਰਤਾ ਸਰਦਾਰ ਸੁਰਜੀਤ ਸਿੰਘ ਮਾਧੋਪੁਰੀ ਕੈਨੇਡਾ ਵਾਸੀ ਦੇ ਸਹਿਯੋਗ ਨਾਲ ਸਾਹਿਤਕ ਰੰਗਾਂ 'ਚ ਕਵਿਤਾ ਨੂੰ ਪ੍ਰਫੁਲਤ ਕਰਨ ਹਿੱਤ ਕਵਿਤਾ ਮੁਕਾਬਲੇ ਲਈ ਕਵੀ ਸੱਜਣਾਂ ਤੋਂ ਰਚਨਾਵਾਂ ਦੀ ਮੰਗ ਕੀਤੀ ਜਾਂਦੀ ਹੈ ।

ਮੁਕਾਬਲੇ ਵਿੱਚ ਭਾਗ ਲੈਣ ਲਈ ਨਿਯਮ

1- ਕਵਿਤਾ ਮੌਲਿਕ ਹੋਣੀ ਚਾਹੀਦੀ ਹੈ ।

2- ਕਵਿਤਾ ਕਿਸੇ ਧਰਮ,ਰੰਗ, ਨਸਲ ਦੇਸ਼ ਜਾਂ ਕਿਸੇ ਵਿਅਕਤੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਨਹੀਂ ਹੋਣੀ ਚਾਹੀਦੀ ।

3- ਕਵਿਤਾ ਵਟਸਐਪ ਜਾਂ ਈ ਮੇਲ ਰਾਹੀਂ ਭੇਜਣ ਦੇ ਨਾਲ ਨਾਲ ਲਿਖਤੀ ਰੂਪ ਵਿੱਚ ਡਾਕ ਰਾਹੀਂ ਜਾਂ ਕੋਰੀਅਰ ਰਾਹੀਂ ਵੀ ਹੇਠ ਲਿਖੇ ਪਤੇ ਤੇ ਜ਼ਰੂਰ ਭੇਜੀ ਜਾਵੇ ਜੀ।

ਕਵਿਤਾ ਨੂੰ ਤੁਸੀਂ ਖ਼ੁਦ ਮੌਲਿਕ ਹੋਣ ਦੀ ਤਸਦੀਕ ਕਰਕੇ ਭੇਜੋਂਗੇ । ਉਸ ਉਪਰ ਤੁਹਾਡੇ ਦਸਤਖ਼ਤ, ਪੂਰਾ ਪਤਾ, ਫੋਨ ਨੰਬਰ, ਵਟਸਐਪ ਨੰਬਰ ਅਤੇ ਈ ਮੇਲ ਐਡਰਸ ਵੀ ਜ਼ਰੂਰ ਲਿਖਣਾ ਹੋਵੇਗਾ ।

4- ਰਚਨਾਵਾਂ ਦੇਸ਼ ਜਾਂ ਵਿਦੇਸ਼ ਵਿੱਚੋਂ ਕੋਈ ਵੀ ਕਵੀ ਸੱਜਣ ਭੇਜ ਸਕਦਾ ਹੈ ।

5- ਵਧੀਆ ਰਚਨਾਵਾਂ ਨੂੰ ਇਨਾਮ ਦਿੱਤੇ ਜਾਣਗੇ।ਪਹਿਲਾ ਸਥਾਨ ਇਕੱਤੀ ਸੌ ਰੁਪਏ, ਦੂਸਰਾ ਸਥਾਨ ਇੱਕੀ ਸੌ ਰੁਪਏ ਅਤੇ ਤੀਸਰਾ ਸਥਾਨ ਗਿਆਰ੍ਹਾਂ ਸੌ ਰੁਪਏ ਤੋਂ ਇਲਾਵਾ ਹੌਂਸਲਾ ਵਧਾਊ ਇਨਾਮ ਦੇ ਰੂਪ ਵਿੱਚ ਸਰਟੀਫਿਕੇਟ ਦਿੱਤੇ ਜਾਣਗੇ ।

ਇਹ ਸਨਮਾਨ ਸਭਾ ਵੱਲੋਂ ਕਰਵਾਏ ਜਾਣ ਵਾਲੇ ਵੱਡੇ ਸਾਹਿਤਕ ਸਮਾਗਮ ਵਿੱਚ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਬਾਲਿਆਂਵਾਲੀ ਜ਼ਿਲ੍ਹਾ ਬਠਿੰਡਾ ਵਿਖੇ ਦਿੱਤੇ ਜਾਣਗੇ ।

6- ਰਚਨਾਵਾਂ 20 ਮਾਰਚ,2022 ਤੱਕ ਹੇਠ ਲਿਖੇ ਪਤੇ ਤੇ ਭੇਜੀਆਂ ਜਾਣ ਜੀ ।

ਸੁਖਦਰਸ਼ਨ ਗਰਗ, ਜਨਰਲ ਸਕੱਤਰ 21784/85,ਗਲੀ ਨੰਬਰ 2 ਸ਼ਿਵ ਮੰਦਰ ਵਾਲੀ, ਪਾਵਰ ਹਾਊਸ ਰੋਡ ਬਠਿੰਡਾ ਪੰਜਾਬ 151001 ਮੋਬਾਇਲ ਨੰਬਰ +91 93560 60980, ਈ ਮੇਲ sukhdarshangarg09@gmial.com

ਅਮਰਜੀਤ ਸਿੰਘ ਪੇਂਟਰ,ਅਮਰਜੀਤ ਆਰਟਸ, ਗਲੀ ਨੰਬਰ 6,ਨਵੀਂ ਬਸਤੀ,ਨੇੜੇ ਜੀ ਟੀ ਰੋਡ, ਬਠਿੰਡਾ 151001, ਮੋਬਾਇਲ ਨੰਬਰ +91 9876 293007, ਈ ਮੇਲ amarijtaritst@gmial.com

**ਮੰਗਤ ਕੁਲਜਿੰਦ ਸਿਆਟਲ**

## ਭਾਰਤੀ ਵਿਦਿਆਰਥੀ ਪੈਸੇ ਬਦਲੇ ਡਿਗਰੀ ਦੀ ਖੇਡ ਨਾਲ ਜੁੜੇ ਵਿਦੇਸ਼ੀ ਕਾਲਜਾਂ ਤੋਂ ਬਚਣ

### ਰੂਸ-ਯੂਕਰੇਨ ਸੰਕਟ ਦਰਮਿਆਨ ਕੇਂਦਰ ਸਰਕਾਰ ਵੀ ਮੈਡੀਕਲ ਅਧਿਐਨ ਨੂੰ ਲੈ ਕੇ ਸਰਗਰਮ

**ਨਵੀਂ ਦਿੱਲੀ-** ਭਾਰਤ ਵਿੱਚ ਮੈਡੀਕਲ ਅਧਿਐਨ ਵਿੱਚ ਮੈਰਿਟ ਨੂੰ ਮਹੱਤਵ ਦਿੱਤਾ ਜਾਂਦਾ ਹੈ। ਮੈਡੀਕਲ ਵਿਦਿਆਰਥੀਆਂ ਦਾ ਸਿੱਧਾ ਸਬੰਧ ਲੋਕਾਂ ਦੀ ਜਾਨ ਬਚਾਉਣ ਨਾਲ ਹੈ। ਅਜਿਹੇ 'ਚ ਪੜ੍ਹਾਈ ਦੌਰਾਨ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਭਵਿੱਖ 'ਚ ਖਤਰਨਾਕ ਹੋ ਸਕਦੀ ਹੈ। ਇਸ ਕਾਰਨ ਵਿਦਿਆਰਥੀਆਂ ਨੂੰ ਨੀਟ ਪਾਸ ਕਰਨ ਤੋਂ ਬਾਅਦ ਹੀ ਭਾਰਤ ਵਿੱਚ ਦਾਖਲਾ ਦਿੱਤਾ ਜਾਂਦਾ ਹੈ। ਉਸ ਵਿੱਚ ਰੈਂਕਿੰਗ ਨੂੰ ਵੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ।



ਸਮੱਸਿਆ ਇਹ ਹੈ ਕਿ ਯੂਕਰੇਨ, ਰੂਸ, ਚੀਨ ਅਤੇ ਨੇਪਾਲ ਵਰਗੇ ਦੇਸ਼ ਪ੍ਰਾਈਵੇਟ ਕਾਲਜਾਂ ਦੀਆਂ ਵੱਧ ਫੀਸਾਂ ਦਾ ਫਾਇਦਾ ਉਠਾਉਂਦੇ ਹਨ। ਉੱਥੇ ਬਹੁਤ ਸਾਰੇ ਕਾਲਜ ਬਿਨਾਂ ਕਿਸੇ ਪ੍ਰਵੇਸ਼ ਪ੍ਰੀਖਿਆ ਦੇ ਭਾਰਤੀ ਬੱਚਿਆਂ ਨੂੰ ਦਾਖਲਾ ਦਿੰਦੇ ਹਨ ਅਤੇ ਮੈਡੀਕਲ ਦੀ ਪੜ੍ਹ-ਾਈ ਕਰਵਾਉਂਦੇ ਹਨ। ਭਾਰਤ ਵਿੱਚ ਉਨ੍ਹਾਂ ਦੇ ਕਈ ਏਜੰਟ ਹਨ, ਜਿਨ੍ਹਾਂ ਦਾ ਟੀਚਾ ਵੱਧ ਤੋਂ ਵੱਧ ਬੱਚਿਆਂ ਨੂੰ ਉੱਥੋਂ ਦੇ ਕਾਲਜਾਂ ਵਿੱਚ ਦਾਖ਼ਲਾ ਦਿਵਾਉਣਾ ਹੈ। ਇਸ ਤਰ੍ਹਾਂ ਉਨ੍ਹਾਂ ਵਿਚ ਸਿੱਖਿਆ ਦੇ ਪੱਧਰ ਨੂੰ ਵ ੀ ਸਮਝਿਆ ਜਾ ਸਕਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਕਈ ਕਾਲਜ ਅਜਿਹੇ ਹਨ, ਜੋ ਸਿਰਫ਼ ਪੈਸੇ ਨੂੰ ਹੀ ਅਹਿਮੀਅਤ ਦਿੰਦੇ ਹਨ। ਕੁਝ ਕਾਲਜਾਂ ਦੀ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਸਿਰਫ਼ ਪੈਸਿਆਂ ਦੇ ਬਦਲੇ ਡਿਗਰੀਆਂ ਵੰਡਣ ਦੀ ਖੇਡ ਹੈ। ਪੈਸੇ ਕਮਾਉਣ ਲਈ, ਕੁਝ ਕਾਲਜ ਗੈਰ-ਹਾਜ਼ਰੀ ਲਈ ਮੋਟੇ ਜੁਰਮਾਨੇ ਵੀ ਲਗਾਉਂਦੇ ਹਨ। ਪੈਸੇ ਅਤੇ ਡਿਗਰੀਆਂ ਦੀ ਇਸ ਖੇਡ ਵਿੱਚ ਕਈ ਅਜਿਹੇ ਬੱਚੇ ਡਾਕਟਰੀ ਦੀ ਪੜ੍ਹਾਈ ਵੀ ਕਰ ਲੈਂਦੇ ਹਨ, ਜਿਨ੍ਹਾਂ ਵਿੱਚ ਕਾਬਲੀਅਤ ਨਹੀਂ ਹੁੰਦੀ। ਇਹ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਹੈ। ਕਰੀਬ 15 ਸਾਲ ਪਹਿਲਾਂ ਤਕ ਇਨ੍ਹਾਂ ਦੇਸ਼ਾਂ ਦੇ ਮੈਡੀਕਲ ਕਾਲਜਾਂ ਵਿੱਚ ਪੜ੍ਹਦੇ ਬੱਚੇ ਭਾਰਤ ਆ ਕੇ ਸਿੱਧੇ ਪ੍ਰੈਕਟਿਸ ਕਰਨ ਲੱਗ ਪੈਂਦੇ ਸਨ। ਬਾਅਦ ਵਿੱਚ, ਭਾਰਤ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਲਿਆ ਅਤੇ ਕਈ ਦੇਸ਼ਾਂ ਵਿੱਚ ਪੜ੍ਹ ਰਹੇ ਮੈਡੀਕਲ ਵਿਦਿਆਰਥੀਆਂ ਲਈ ਸਕ੍ਰੀਨਿੰਗ ਟੈਸਟ ਲਾਜ਼ਮੀ ਕਰ ਦਿੱਤਾ।

ਮੈਡੀਕਲ ਦੀ ਪੜ੍ਹਾਈ ਵਿਦਿਆਰਥੀਆਂ ਦੀ ਰੁਚੀ 'ਤੇ ਨਿਰਭਰ ਕਰਦੀ ਹੈ। ਜਿਨ੍ਹਾਂ ਅੰਦਰ ਇਸ ਖੇਤਰ ਵਿਚ ਕੰਮ ਕਰਨ ਦੀ ਭਾਵਨਾ ਹੈ, ਉਹ ਕਰ ਸਕਦੇ ਹਨ। ਕੋਈ ਕਿਸੇ ਨੂੰ ਦੇਖ ਕੇ ਡਾਕਟਰ ਨਹੀਂ ਬਣ ਸਕਦਾ। ਮਾਪਿਆਂ ਨੂੰ ਵੀ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇਕਰ ਬੱਚੇ ਨੇ ਮੈਰਿਟ ਦੇ ਆਧਾਰ 'ਤੇ ਦੇਸ਼ ਦੇ ਕਾਲਜਾਂ ਵਿਚ ਦਾਖਲਾ ਨਹੀਂ ਲਿਆ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਸ ਦੀ ਤਿਆਰੀ ਵਿਚ ਵੀ ਕੋਈ ਕਮੀ ਰਹਿ ਸਕਦੀ ਹੈ। ਸ਼ਾਰਟਕੱਟ ਲੱਭਣ ਅਤੇ ਕਿਤੇ ਤੋਂ ਡਿਗਰੀ ਪ੍ਰਾਪਤ ਕਰਨ ਦੀ ਬਜਾਏ, ਉਸਨੂੰ ਚੰਗੀ ਤਿਆਰੀ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਬਿਨਾਂ ਯੋਗਤਾ ਤੋਂ ਡਿਗਰੀ ਪ੍ਰਾਪਤ ਕਰਨਾ ਅਤੇ ਵਿਦਿਆਰਥੀ ਦਾ ਡਾਕਟਰ ਬਣਨਾ ਭਵਿੱਖ ਵਿੱਚ ਕਿਸੇ ਦੀ ਜਾਨ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ। ਵਿਦੇਸ਼ ਵਿੱਚ ਪੜ੍ਹਾਈ ਕਰਨਾ ਮਾੜੀ ਗੱਲ ਨਹੀਂ ਹੈ, ਪਰ ਦੇਸ਼ ਅਤੇ ਕਾਲਜ ਦੀ ਚੋਣ ਕਰਦੇ ਸਮੇਂ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਇਹ ਵੀ ਸਮਝਣਾ ਚਾਹੀਦਾ ਹੈ ਕਿ ਬੱਚਾ ਸੱਚਮੁੱਚ ਆਪਣੀ ਦਿਲਚਸਪੀ ਨਾਲ ਇਸ ਖੇਤਰ ਵਿੱਚ ਜਾਣਾ ਚਾਹੁੰਦਾ ਹੈ ਜਾਂ ਕਿਸੇ ਨੂੰ ਦੇਖ ਕੇ ਅਜਿਹਾ ਮਨ ਬਣਾ ਲਿਆ ਹੈ। ਰੂਸ-ਯੂਕਰੇਨ ਸੰਕਟ ਦਰਮਿਆਨ ਕੇਂਦਰ ਸਰਕਾਰ ਵੀ ਮੈਡੀਕਲ ਅਧਿਐਨ ਨੂੰ ਲੈ ਕੇ ਸਰਗਰਮ ਹੋ ਗਈ ਹੈ। ਇਹ ਯਕੀਨੀ ਬਣਾਉਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ ਕਿ ਬੱਚਿਆਂ ਨੂੰ ਦੇਸ਼ ਵਿਚ ਹੀ ਪੜ੍ਹਨ ਦਾ ਮੌਕਾ ਮਿਲੇ। ਇਹ ਸ਼ਲਾਘਾਯੋਗ ਉਪਰਾਲਾ ਹੈ। ਇਸ ਨਾਲ ਭਾਰਤੀ ਵਿਦਿਆਰਥੀ ਪੈਸੇ ਦੇ ਬਦਲੇ ਡਿਗਰੀ

## ਸੋਵੀਅਤ ਗਣਰਾਜ ਤੋਂ 1991 'ਚ ਆਜ਼ਾਦ ਹੋਏ ਯੂਕਰੇਨ ਦੇ ਰੂਸ ਨੇ ਕੀਤੇ ਦੋ ਟੁਕੜੇ!

ਯੂਕਰੇਨ ਤੇ ਰੂਸ ਵਿਚਾਲੇ ਵਿਵਾਦ ਆਪਣੇ ਸਿਖਰ 'ਤੇ ਪਹੁੰਚਦਾ ਨਜ਼ਰ ਆ ਰਿਹਾ ਹੈ। ਰਾਸ਼ਟਰ ਨੂੰ ਆਪਣੇ ਸੰਬੋਧਨ ਵਿੱਚ, ਰੂਸੀ ਰਾਸ਼ਟਰਪਤੀ ਪੁਤਿਨ ਨੇ ਪੂਰਬੀ ਯੂਕਰੇਨ ਦੇ ਬਾਗੀ ਖੇਤਰਾਂ, ਡੋਨੇਟਸਕ ਅਤੇ ਲੁਹਾਨਸਕ ਨੂੰ ਆਜ਼ਾਦ ਦੇਸ਼ਾਂ ਵਜੋਂ ਮਾਨਤਾ ਦਿੱਤੀ। ਪੁਤਿਨ ਨੇ ਇਨ੍ਹਾਂ ਇਲਾਕਿਆਂ 'ਚ ਆਪਣੀ ਫੌਜ ਭੇਜ ਦਿੱਤੀ ਹੈ ਅਤੇ ਬਾਗੀਆਂ ਖਿਲਾਫ ਮੁਹਿੰਮ ਜਾਰੀ ਹੈ। ਪੁਤਿਨ ਨੇ ਕਿਹਾ ਕਿ ਯੂਕਰੇਨ ਹੁਣ ਅਮਰੀਕਾ ਦੀ ਕਠਪੁਤਲੀ ਬਣ ਗਿਆ ਹੈ। ਅਮਰੀਕਾ, ਬ੍ਰਿਟੇਨ ਸਮੇਤ ਹੋਰ ਪੱਛਮੀ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਹੈ। ਯੂਕਰੇਨ ਨੇ ਵੀ ਕਿਹਾ ਹੈ ਕਿ ਉਹ ਰੂਸ ਤੋਂ ਡਰਨ ਵਾਲਾ ਨਹੀਂ ਹੈ। ਇਸ ਦੇ ਨਾਲ ਹੀ ਪੁਤਿਨ ਨੇ ਸੰਬੋਧਨ 'ਚ ਚਿਤਾਵਨੀ ਦਿੱਤੀ ਕਿ ਜੇਕਰ ਖੂਨ ਖਰਾਬਾ ਹੁੰਦਾ ਹੈ ਤਾਂ ਉਹ ਜ਼ਿੰਮੇਵਾਰ ਨਹੀਂ ਹੋਣਗੇ।

1991 ਵਿੱਚ ਯੂਕਰੇਨ ਦੇ ਸੋਵੀਅਤ ਗਣਰਾਜ ਦੇ ਨੇਤਾ ਲਿਓਨਿਡ ਕ੍ਰਾਵਚੁਕ ਨੇ ਸੋਵੀਅਤ ਗਣਰਾਜ ਤੋਂ ਆਜ਼ਾਦੀ ਦਾ ਐਲਾਨ ਕੀਤਾ। ਕ੍ਰਾਵਚੁਕ ਨੂੰ ਪ੍ਰਧਾਨ ਚੁਣਿਆ ਗਿਆ। 1994 ਵਿੱਚ ਲਿਓਨਿਡ ਕੁਚਾਮਾ ਨੇ ਰਾਸ਼ਟਰਪਤੀ ਚੋਣ ਵਿੱਚ ਕ੍ਰਾਵਚੁਕ ਨੂੰ ਹਰਾਇਆ। 1999 ਵਿੱਚ ਕੁਚਾਮਾ ਨੂੰ ਬੇਨਿਯਮੀਆਂ ਦੇ ਦੋਸ਼ਾਂ ਦੇ ਵਿਚਕਾਰ ਦੁਬਾਰਾ ਰਾਸ਼ਟਰਪਤੀ ਚੁਣਿਆ ਗਿਆ। 2004 ਵਿੱਚ ਰੂਸ ਪੱਖੀ ਵਿਕਟਰ ਯਾਨੁਕੋਵਿਚ ਰਾਸ਼ਟਰਪਤੀ ਚੁਣੇ ਗਏ, ਪਰ ਧਾਂਦਲੀ ਦੇ ਦੋਸ਼ਾਂ ਤੋਂ ਬਾਅਦ ਮੁੜ ਚੋਣਾਂ ਕਰਵਾਈਆਂ ਗਈਆਂ।

ਸਾਬਕਾ ਪੱਛਮ ਪੱਖੀ ਪ੍ਰਧਾਨ ਮੰਤਰੀ ਵਿਕਟਰ ਯੂਸ਼ਚੇਂਕੋ ਨੂੰ ਰਾਸ਼ਟਰਪਤੀ ਚੁਣਿਆ ਗਿਆ। 2005 ਵਿੱਚ ਯੂਸ਼ਚੇਂਕੋ ਨੇ ਸੱਤਾ ਸੰਭਾਲੀ ਅਤੇ ਯੂਕਰੇਨ ਨੂੰ ਕ੍ਰੇਮਲਿਨ ਦੇ ਪ੍ਰਭਾਵ ਤੋਂ ਹਟਾਉਣ ਅਤੇ ਨਾਟੋ ਅਤੇ ਯੂਰਪੀਅਨ ਯੂਨੀਅਨ ਵਿੱਚ ਜਾਣ ਦਾ ਵਾਅਦਾ ਕੀਤਾ।2008 ਵਿੱਚ ਨਾਟੋ ਨੇ ਵਾਅਦਾ ਕੀਤਾ ਕਿ ਯੂਕ੍ਰੇਨ ਇੱਕ ਦਿਨ ਗੱਠਜੋੜ ਦਾ ਮੈਂਬਰ ਹੋਵੇਗਾ। 2010 ਵਿੱਚ ਯਾਨੁਕੋਵਿਚ ਨੇ ਰਾਸ਼ਟਰਪਤੀ ਚੋਣ ਵਿੱਚ ਟਿਮੋਸ਼ੈਂਕੋ ਨੂੰ ਹਰਾਇਆ। ਯੂਕਰੇਨ ਦੇ ਕਾਲੇ ਸਾਗਰ ਬੰਦਰਗਾਹ ਵਿੱਚ ਰੂਸੀ ਜਲ ਸੈਨਾ ਨੂੰ ਲੀਜ਼ ਦੇਣ ਦੇ ਬਦਲੇ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਗੈਸ ਕੀਮਤ ਸਮਝੌਤਾ ਹੋਇਆ ਸੀ। 2013 ਵਿੱਚ ਯਾਨੁਕੋਵਿਚ ਸਰਕਾਰ ਨੇ ਯੂਰਪੀਅਨ ਯੂਨੀਅਨ ਨਾਲ ਵਪਾਰਕ ਗੱਲਬਾਤ ਨੂੰ ਮੁਅੱਤਲ ਕਰ ਦਿੱਤਾ ਅਤੇ ਮਾਸਕੋ ਨਾਲ ਆਰਥਿਕ ਸਬੰਧਾਂ ਨੂੰ ਬਹਾਲ ਕਰਨ ਦੀ ਚੋਣ ਕੀਤੀ।

2014 ਵਿੱਚ ਸੰਸਦ ਨੇ ਹਿੰਸਕ ਪ੍ਰਦਰਸ਼ਨਾਂ ਤੋਂ ਬਾਅਦ ਯਾਨੁਕੋਵਿਚ ਨੂੰ ਹਟਾ ਦਿੱਤਾ। ਰੂਸ ਸਮਰਥਿਤ ਵੱਖਵਾਦੀਆਂ ਨੇ ਡੋਨਬਾਸ ਦੇ ਪੂਰਬੀ ਖੇਤਰ ਵਿੱਚ ਆਜ਼ਾਦੀ ਦਾ ਐਲਾਨ ਕੀਤਾ ਹੈ। ਪੱਛਮ ਦੇ ਸਮਰਥਨ ਵਾਲੇ ਏਜੰਡੇ ਨਾਲ ਵਪਾਰੀ ਪੈਟਰੋ ਪੋਰੋਸ਼ੈਂਕੋ ਨੇ ਰਾਸ਼ਟਰਪਤੀ ਚੋਣ ਜਿੱਤੀ। ਉਸੇ ਸਾਲ, ਐਮਸਟਰਡਮ ਤੋਂ ਕੁਆਲਾਲੰਪੁਰ ਜਾ ਰਹੇ ਇੱਕ ਯਾਤਰੀ ਜਹਾਜ਼ ੍17 ਓਂ ਨੂੰ ਮਿਜ਼ਾਈਲ ਨਾਲ ਮਾਰਿਆ ਗਿਆ ਸੀ। ਜਾਂਚਕਰਤਾਵਾਂ ਨੇ ਰੂਸ ਵੱਲ ਉਂਗਲ ਉਠਾਈ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। 2017 ਵਿੱਚ ਯੂਕਰੇਨ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਐਸੋਸੀਏਸ਼ਨ ਸਮਝੌਤਾ ਹੋਇਆ। ਇਸ ਨਾਲ ਵਸਤੂਆਂ ਅਤੇ ਸੇਵਾਵਾਂ ਦੇ ਮੁਫਤ ਵਪਾਰ ਲਈ ਬਾਜ਼ਾਰ ਖੁੱਲ੍ਹ ਗਏ ਅਤੇ ਵੀਜ਼ਾ-ਮੁਕਤ ਯਾਤਰਾ ਸੰਭਵ ਹੋ ਗਈ। ਸਾਬਕਾ ਕਾਮੇਡੀਅਨ ਵਲਦੀਮੀਰ ਜ਼ੇਲੇਨਸਕੀ ਨੇ ਰਾਸ਼ਟਰਪਤੀ ਚੋਣ ਵਿੱਚ ਪੋਰੋਸ਼ੈਂਕੋ ਨੂੰ ਹਰਾਇਆ ਸੀ।

ਵਲਦੀਮੀਰ ਜ਼ੇਲੇਨਸਕੀ ਨੇ ਪੂਰਬੀ ਯੂਕਰੇਨ ਵਿੱਚ ਜੰਗ ਨੂੰ ਖਤਮ ਕਰਨ ਦਾ ਵਾਅਦਾ ਕੀਤਾ। ਜਨਵਰੀ 2021 ਵਲਦੀਮੀਰ ਜ਼ੇਲੇਨਸਕੀ ਜ਼ੇਲੇਨਸਕੀ ਨੇ ਬਾਇਡਨ ਨੂੰ ਯੂਕਰੇਨ ਨੂੰ ਨਾਟੋ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਣ ਦੀ ਅਪੀਲ ਕੀਤੀ। ਫਰਵਰੀ 2021ਵਿੱਚ ਜ਼ੇਲੇਨਸਕੀ ਸਰਕਾਰ ਨੇ ਯੂਕਰੇਨ ਵਿੱਚ ਕ੍ਰੇਮਲਿਨ ਪੱਖੀ ਵਿਰੋਧੀ ਧਿਰ ਦੇ ਨੇਤਾ ਵਿਕਟਰ ਮੇਦਮੇਦਚੁਕ ਉੱਤੇ ਪਾਬੰਦੀਆਂ ਲਾਈਆਂ। ਰੂਸ ਨੇ ਯੂਕ੍ਰੇਨ ਦੀ ਸਰਹੱਦ 'ਤੇ ਫੌਜੀ ਗਤੀਸ਼ੀਲਤਾ ਵਧਾ ਦਿੱਤੀ ਹੈ।

ਅਕਤੂਬਰ 2021 ਵਿੱਚ ਯੂਕਰੇਨ ਨੇ ਪਹਿਲੀ ਵਾਰ ਪੂਰਬੀ ਸਰਹੱਦ 'ਤੇ ਤੁਰਕੀ ਬਰਕਟਰ ਠਭ2 ਡਰੋਨ ਦੀ ਵਰਤੋਂ ਕੀਤੀ। ਰੂਸ ਨਾਰਾਜ਼ ਹੋਇਆ ਤੇ ਫਿਰ ਫੌਜ ਨੂੰ ਜਮ੍ਹਾਂ ਕਰਨਾ ਵਧਣ ਲੱਗਾ। ਦਸੰਬਰ 2021ਵਿੱਚ ਬਾਇਡਨ ਨੇ ਯੂਕਰੇਨ ਦੇ ਹਮਲੇ ਦੀ ਸਥਿਤੀ ਵਿੱਚ ਰੂਸ ਨੂੰ ਆਰਥਿਕ ਪਾਬੰਦੀਆਂ ਦੀ ਚਿਤਾਵਨੀ ਦਿੱਤੀ। ਜਨਵਰੀ 2022 ਵਿੱਚ ਯੂਐਸ ਅਤੇ ਰੂਸੀ ਡਿਪਲੋਮੈਟ ਯੂਕਰੇਨ ਨੂੰ ਲੈ ਕੇ ਮਤਭੇਦਾਂ ਨੂੰ ਘੱਟ ਕਰਨ ਵਿੱਚ ਅਸਫਲ ਰਹੇ। ਰੂਸੀ ਫ਼ੌਜਾਂ ਬੇਲਾਰੂਸ ਪਹੁੰਚਣ ਲੱਗ ਪਈਆਂ। ਲਗਾਤਾਰ ਤਣਾਅ ਵਧ ਰਿਹਾ ਹੈ। ਫਰਵਰੀ 2022 ਵਿੱਚ ਤਣਾਅ ਘਟਾਉਣ ਲਈ ਗਲੋਬਲ ਪੱਧਰ 'ਤੇ ਕੂਟਨੀਤਕ ਯਤਨ। ਰੂਸ ਨੇ ਯੂਕਰੇਨ ਦੇ ਕੁਝ ਹਿੱਸਿਆਂ, ਡੋਨੇਟਸਕ ਅਤੇ ਲੁਹਾਨਸਕ ਨੂੰ ਵੱਖਰੇ ਦੇਸ਼ਾਂ ਵਜੋਂ ਮਾਨਤਾ ਦਿੱਤੀ।

# ਅਮਰੀਕਾ ਤੋਂ ਪੰਜਾਬ ਗਏ ਗ੍ਰੇਹਾਉਂਡ ਟਰਨੇਡੋ ਨੇ ਚੱਕਿਆ ਸ਼ੇਰ ਸਿੰਘ ਵਾਲਾ ਤੋਂ ਪਹਿਲਾ ਨੰਬਰ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆਂ)–** ਸ਼ੌਕੀਨ ਪੰਜਾਬੀਆਂ ਦੇ ਸ਼ੌਕ ਅਵੱਲੇ। ਸਾਲ ਕੁ ਪਹਿਲਾਂ ਫਰਿਜਨੋ ਨਿਵਾਸੀ ਰੰਮੀ ਧਾਲੀਵਾਲ ਅਤੇ ਗੁਰਮੀਤ ਧਾਲੀਵਾਲ ਨੇ ਇੱਕ ਸ਼ਾਨਦਾਰ ਤੇ ਫੁਰਤੀਲਾ ਗ੍ਰੇਹਾਊਂਡ ਨਸਲ ਦਾ ਟਰਨੇਡੋ ਕੁੱਤਾ, ਕੁੱਤਿਆਂ ਦੀਆਂ ਦੌੜਾਂ ਲਈ ਪੰਜਾਬ ਭੇਜਿਆ ਸੀ। ਜਿੱਥੇ ਇਹਨਾਂ ਦਾ ਪੰਜਾਬ ਵਸਦਾ ਤੀਸਰਾ ਸਾਥੀ ਸੀਰਾ ਧਾਲੀਵਾਲ ਟਰਨੇਡੋ ਦੀ ਦੇਖ ਭਾਲ ਕਰ ਰਿਹਾ ਅਤੇ ਇਹਨਾਂ ਤਿੰਨਾਂ ਨੇ ਧਾਲੀਵਾਲ ਹੰਟਰ ਬ੍ਰਦ੍ਰਜ਼ ਨਾਮ ਦਾ ਗਰੁੱਪ ਬਣਾਕੇ ਟਰਨੇਡੋ ਨੂੰ ਵੱਖ ਵੱਖ ਮੇਲਿਆਂ, ਜਿੱਥੇ ਕਿਤੇ ਵੀ ਕੁੱਤਿਆਂ ਦੀਆਂ ਦੌੜਾਂ ਹੁੰਦੀਆਂ ਨੇ ਓਥੇ ਦੜੌਣ ਦਾ ਫੈਸਲਾ ਕੀਤਾ ਹੈ। ਫਰਿਜਨੋ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰੰਮੀ ਧਾਲੀਵਾਲ ਨੇ ਦੱਸਿਆ ਕਿ ਪਿਛਲੇ ਦਿਨੀ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸ਼ੇਰ ਸਿੰਘ ਵਾਲਾ ਦੇ ਬਾਵਾ ਰਸੂਲਪੁਰ ਗਰੁੱਪ ਵੱਲੋਂ ਮਿਕਸ ਕੁੱਤਿਆਂ ਦੀਆਂ ਟ੍ਰੈਕ ਦੌੜਾਂ ਕਰਵਾਈਆਂ ਗਈਆ। ਇਹਨਾਂ ਦੌੜਾਂ ਵਿੱਚ ਭਾਗ ਲੈਣ ਲਈ ਪੰਜਾਬ ਦੇ ਕੋਨੇ ਕੋਨੇ ਤੋਂ ਕੁੱਤਿਆਂ ਦੀਆਂ ਦੌੜਾਂ ਦੇ ਸ਼ੌਕੀਨ ਪਹੁੰਚੇ ਹੋਏ ਸਨ। ਇੰਟਰਨੈਸ਼ਨਲ ਪੱਧਰ ਦੇ ਟ੍ਰੈਕ ਤੇ ਹੋਈਆਂ ਇਹਨਾਂ ਮਿਕਸ ਦੌੜਾਂ ਵਿੱਚ ਤਕਰੀਬਨ 74 ਦੌੜਾਕ ਕੁੱਤਿਆਂ ਨੇ ਹਿੱਸਾ ਲਿਆ। ਚੰਗਾ ਪ੍ਰਦ੍ਰਸ਼ਨ ਕਰਕੇ ਪਹਿਲੀਆਂ 19 ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਜਾਨਵਰਾ ਅਤੇ ਮਾਲਕਾ ਨੂੰ ਕੱਪ ਅਤੇ ਨਕਦ ਰਾਸ਼ੀ ਇਨਾਮਾਂ ਨਾਲ ਨਿਵਾਜਿਆ ਗਿਆ। ਇਹਨਾਂ ਦੌੜਾਂ ਦੌਰਾਨ ਐਨ। ਆਰ। ਆਈ। ਵੀਰਾ ਦੀ ਸਹੂਲਤ ਨੂੰ ਮੁੱਖ ਰੱਖਕੇ ਸਾਰੀਆਂ ਦੌੜਾਂ ਦਾ ਇੰਟਰਨਿੱਟ ਜ਼ਰੀਏ ਸਿੱਧਾ ਪ੍ਰਸਾਰਨ ਕੀਤਾ ਗਿਆ। ਭੰਬਲ਼ਭੂਸਾ ਨਾ ਪਏ, ਇਸ ਲਈ ਰੀ-ਪਲੇਅ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। ਇਹਨਾਂ ਦੌੜਾਂ ਵਿੱਚ ਧਾਲੀਵਾਲ ਹੰਟਰ ਬ੍ਰਦ੍ਰਜ਼ ਗਰੁੱਪ ਦਾ ਟਰਨੇਡੋ ਚਿਤਰਾ ਪਹਿਲੇ ਸਥਾਨ ਤੇ ਰਿਹਾ, ਪਰਉਪਕਾਰ ਸਿੰਘ (ਭਾਈ ਸਾਬ੍ਹ) ਡਰੋਲੀ ਭਾਲੀ ਅਤੇ ਸੁੱਖ ਖਡੂਰ ਸਾਹਿਬ ਦਾ ਰੌਨ ਚਿਤਰਾ ਦੂਜੇ ਸਥਾਨ ਤੇ ਰਿਹਾ ਜਦੋਂ ਕਿ ਬੱਲ ਬ੍ਰਦ੍ਰਜ਼ ਦਾ ਬੈਡ ਫੈਲਾ ਨੀਲਾ ਤੀਜੇ ਸਥਾਨ ਤੇ ਰਿਹਾ। ਰੰਮੀ ਧਾਲੀਵਾਲ ਨੇ ਦੱਸਿਆ ਕੁ ਹੰਟਰ ਇਸ ਸਮੇਂ ਦੋ ਸਾਲ ਦੀ ਭਰ ਜਵਾਨੀ ਵਿੱਚ ਹੈ ਅਤੇ ਤਕਰੀਬਨ ਸਾਲ ਕੁ ਪਹਿਲਾਂ ਇਸਨੂੰ ਅਮਰੀਕਾ ਤੋਂ ਪੰਜਾਬ ਭੇਜਿਆ ਗਿਆ ਸੀ। ਜਿੱਥੇ ਅਸੀਂ ਧਾਲੀਵਾਲ ਹੰਟਰ ਬ੍ਰਦ੍ਰਜ਼ ਟਰਨੇਡੋ ਦੇ ਪ੍ਰਦ੍ਰਸ਼ਨ ਤੋਂ ਪੂਰੇ ਬਾਗੋਬਾਗ ਹਾਂ। ਉਹਨਾਂ ਦੱਸਿਆ ਕਿ ਕੁੱਤਿਆਂ ਦੀਆਂ ਦੌੜਾਂ ਦੇ ਨਾਲ ਅਸੀਂ ਕਬੂਤਰਬਾਜ਼ੀ ਦਾ ਸ਼ੌਕ ਵੀ ਰੱਖਦੇ ਹਾਂ। ਅਮਰੀਕਾ ਵਿੱਚ ਵੀ ਅਸੀਂ ਕਬੂਤਰ ਪਾਲਦੇ ਹਾਂ 'ਤੇ ਬਾਜ਼ੀਆਂ ਵੀ ਛੱਡਦੇ ਹਾਂ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


## ਸੰਤ ਬਾਬਾ ਹਰੀ ਸਿੰਘ ਨੈਕੀ ਵਾਲਿਆਂ ਦੀ ਯਾਦ ਵਿੱਚ ਤਿੰਨ ਰੋਜ਼ਾ ਵਿਸ਼ੇਸ਼ ਸਮਾਗਮ

**ਨਿਊਯਾਰਕ–** ਸੰਤ ਬਾਬਾ ਹਰੀ ਸਿੰਘ ਨੈਕੀ ਵਾਲ਼ਿਆਂ ਦਾ ਬਰਸੀ ਸਮਾਗਮ ਗੁਰ-ਦੁਆਰਾ ਸਿੱਖ ਕਲਚਰਲ ਸੁਸਾਇਟੀ 95-30, 118 ਸਟ੍ਰੀਟ ਰਿੱਚਮੰਡ ਹਿੱਲ ਨਿਊਯਾਰਕ 11419 ਵਿਖੇ 18,19 ,20 ਮਾਰਚ 2022 ਨੂੰ ਸਭ ਸੰਗਤ ਦੇ ਸਹਿਯੋਗ ਨਾਲ ਮਨਾਇਆਂ ਜਾ ਰਿਹਾ ਹੈ। ਜਿਸ ਵਿੱਚ 18 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ-ਪਾਠ ਅਰੰਭ ਹੋਕੇ 20 ਮਾਰਚ ਦਿਨ ਐਤਵਾਰ ਨੂੰ ਸਵੇਰੇ 9।30 ਭੋਗ ਉਪਰੰਤ ਸਾਰੇ ਦਿਨ ਦੇ ਅਤੇ ਸ਼ੁੱਕਰਵਾਰ ਸਨੀਵਾਰ ਸ਼ਾਮ ਦੇ ਦੀਵਾਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਹਾਂਪੁਰਸ਼ਾਂ ਦੀ ਯਾਦ ਵਿੱਚ ਸਜਾਏ ਜਾ ਰਹੇ ਹਨ।ਇਹਨਾਂ ਤਿੰਨ ਦਿਨ ਦੇ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਕੀਰਤਨੀਏ, ਕਥਾਵਾਚਕ ਅਤੇ ਢਾਡੀ ਸਾਹਿਬਾਨ ਗੁਰਬਾਣੀ ਕੀਰਤਨ , ਸੰਤਾ ਮਹਾਂਪੁਰਸ਼ਾਂ ਦੇ ਜੀਵਨ ਉਪਦੇਸ਼ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਜੀ ਨੂੰ ਇਹਨਾਂ ਤਿੰਨ ਦਿਨ ਦੇ ਦੀਵਾਨਾ ਵਿੱਚ ਪਰਿਵਾਰ ਸਮੇਤ ਪਹੁੰਚਣ ਲਈ ਸਨਿਮਰ ਬੇਨਤੀ ਹੈ ਜੀ। ਸਮਾਗਮ ਬਾਰੇ ਹੋਰ ਜਾਣਕਾਰੀ ਲਈ ਫ਼ੋਨ ਨੰਬਰ 347-992-0008, 347-538-8296







# ਯੂਕਰੇਨ ਤੋਂ ਪਰਤੇ ਵਿਦਿਆਰਥੀ ਭਾਰਤ 'ਚ ਕਰਨਗੇ ਮੈਡੀਕਲ ਇੰਟਰਨਸ਼ਿਪ ਪੂਰੀ



**ਨਵੀਂ ਦਿੱਲੀ-** ਯੂਕਰੇਨ ਤੋਂ ਕੱਢੇ ਗਏ ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਵੱਡੀ ਰਾਹਤ ਦਿੰਦੇ ਹੋਏ, ਨੈਸ਼ਨਲ ਮੈਡੀਕਲ ਕਮਿਸ਼ਨ ਨੇ ਅੱਜ ਘੋਸ਼ਣਾ ਕੀਤੀ ਕਿ ਉਹ ਵਿਦੇਸ਼ੀ ਮੈਡੀਕਲ ਗ੍ਰੈਜੂਏਟਾਂ ਨੂੰ ਭਾਰਤ ਵਿੱਚ ਪੂਰੇ ਇੰਟਰਨਸ਼ਿਪ ਪ੍ਰੋਗਰਾਮ ਲਈ ਅਰਜ਼ੀ ਦੇਣ ਦੀ ਇਜਾਜ਼ਤ ਦੇਵੇਗਾ ਬਸ਼ਰਤੇ ਉਹ ਵਿਦੇਸ਼ੀ ਮੈਡੀਕਲ ਗ੍ਰੈਜੂਏਟ ਪ੍ਰੀਖਿਆ ਪਾਸ ਕਰ ਲੈਣ। ਯੂਕਰੇਨ ਵਿੱਚ ਚੱਲ ਰਹੀ ਜੰਗ ਦੇ ਦੌਰਾਨ, ਅਧੂਰੀਆਂ ਇੰਟਰਨਸ਼ਿਪਾਂ ਵਾਲੇ ਬਹੁਤ ਸਾਰੇ ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਭਾਰਤ ਪਰਤਣਾ ਪਿਆ ਅਤੇ ਰਾਜ ਮੈਡੀਕਲ ਕੌਂਸਲਾਂ ਵਿੱਚ ਆਪਣੇ ਆਪ ਨੂੰ ਰਜਿਸਟਰ ਕਰਾਉਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਨਐਮਸੀ ਨੇ ਕਿਹਾ ਕਿ ਇਸ ਨੇ ਉਨ੍ਹਾਂ ਵਿਦਿਆਰਥੀਆਂ ਲਈ ਵੀ ਦਰਵਾਜ਼ੇ ਖੋਲ੍ਹ ਦਿੱਤੇ ਹਨ ਜੋ ਕੋਵਿਡ ਦੇ ਸਮੇਂ ਦੌਰਾਨ ਭਾਰਤ ਵਾਪਸ ਆਏ ਸਨ ਅਤੇ ਹੁਣ ਭਾਰਤ ਤੋਂ ਬਾਹਰ ਦੇ ਦੇਸ਼ਾਂ ਵਿੱਚ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਯੋਗ ਨਹੀਂ ਹਨ। "ਇਹ ਦੇਖਿਆ ਗਿਆ ਹੈ ਕਿ ਅਧੂਰੀ ਇੰਟਰਨਸ਼ਿਪ ਵਾਲੇ ਕੁਝ ਵਿਦੇਸ਼ੀ ਮੈਡੀਕਲ ਗ੍ਰੈਜੁਏਟ ਆਪਣੇ ਨਿਯੰਤਰਣ ਤੋਂ ਬਾਹਰ ਦੀਆਂ ਸਥਿਤੀਆਂ ਕਾਰਨ ਤਣਾਅ ਅਤੇ ਪੀੜਾ ਦਾ ਸਾਹਮਣਾ ਕਰਦੇ ਹਨ। ਇਸ ਲਈ, ਭਾਰਤ ਵਿੱਚ ਆਪਣੀ ਇੰਟਰਨਸ਼ਿਪ ਦੇ ਬਾਕੀ ਬਚੇ ਹਿੱਸੇ ਨੂੰ ਪੂਰਾ ਕਰਨ ਲਈ ਅਰਜ਼ੀ ਨੂੰ ਯੋਗ ਮੰਨਿਆ ਜਾਂਦਾ ਹੈ", ਐਨਐਮਸੀ ਦੁਆਰਾ ਪੱਤਰ ਪੜ੍ਹਿਆ ਗਿਆ ਹੈ। ਕਮਿਸ਼ਨ ਨੇ ਦੁਹਰਾਇਆ ਕਿ ਜੇ ਗ੍ਰੈਜੁਏਟਾਂ ਨੇ 18 ਨਵੰਬਰ, 2021 ਤੋਂ ਪਹਿਲਾਂ ਵਿਦੇਸ਼ੀ ਮੈਡੀਕਲ ਡਿਗਰੀ ਜਾਂ ਪ੍ਰਾਇਮਰੀ ਯੋਗਤਾ ਹਾਸਲ ਕੀਤੀ ਹੈ ਤਾਂ ਐਫਐਮਜੀਐਲ ਰੈਗੂਲੇਸ਼ਨਜ਼, 2021 ਵਿੱਚ ਸ਼ਾਮਲ ਉਪਬੰਧ ਲਾਗੂ ਨਹੀਂ ਹੋਣਗੇ। ਹਾਲਾਂਕਿ, ਜਿਹੜੇ ਉਮੀਦਵਾਰ ਕਿਸੇ ਵਿਦੇਸ਼ੀ ਸੰਸਥਾ ਵਿੱਚ ਆਪਣੀ ਅੰਡਰ-ਗ੍ਰੈਜੁਏਟ ਮੈਡੀਕਲ ਸਿੱਖਿਆ ਵਿੱਚ ਸ਼ਾਮਲ ਹੋਏ ਹਨ। 18 ਨਵੰਬਰ ਤੋਂ ਪਹਿਲਾਂ ਇਸ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ।

ਨੈਸ਼ਨਲ ਮੈਡੀਕਲ ਕਮਿਸ਼ਨ 33 ਮੈਂਬਰਾਂ ਦੀ ਇੱਕ ਭਾਰਤੀ ਰੈਗੂਲੇਟਰੀ ਸੰਸਥਾ ਹੈ ਜੋ ਮੈਡੀਕਲ ਸਿੱਖਿਆ ਅਤੇ ਮੈਡੀਕਲ ਪੇਸ਼ੇਵਰਾਂ ਨੂੰ ਨਿਯੰਤ੍ਰਿਤ ਕਰਦੀ ਹੈ। ਇਸ ਨੇ ਨਿਯਮਿਤ ਕੀਤਾ ਹੈ ਕਿ ਉਹ ਸਾਰੇ ਮੈਡੀਕਲ ਵਿਦਿਆਰਥੀ ਜੋ ਯੂਕਰੇਨ ਤੋਂ ਵਾਪਸ ਆਏ ਹਨ ਅਤੇ ਜੋ ਭਾਰਤ ਵਿੱਚ ਆਪਣੀ ਇੰਟਰਨਸ਼ਿਪ ਪੂਰੀ ਕਰਨ ਦਾ ਇਰਾਦਾ ਰੱਖਦੇ ਹਨ, ਉਹ ਐਫਐਮਜੀਈ ਲਈ ਹਾਜ਼ਰ ਹੋਣਗੇ। ਐਫਐਮਜੀਈ ਇੱਕ ਐਗਜ਼ਿਟ ਇਮਤਿਹਾਨ ਹੈ ਜੋ ਮੈਡੀਕਲ ਵਿਦਿਆਰਥੀਆਂ ਨੂੰ ਮੈਡੀਸਨ ਵਿੱਚ ਆਪਣੀ ਪੋਸਟ ਗ੍ਰੈਜੂਏਸ਼ਨ ਨੂੰ ਅੱਗੇ ਵਧਾਉਣ ਅਤੇ ਭਾਰਤ ਵਿੱਚ ਦਵਾਈ ਦਾ ਅਭਿਆਸ ਕਰਨ ਲਈ ਲਾਇਸੈਂਸ ਪ੍ਰਾਪਤ ਕਰਨ ਦੇ ਯੋਗ ਬਣਨ ਲਈ ਦੇਣੀ ਚਾਹੀਦੀ ਹੈ।

# ਪੁਰੀ ਕੱਢੇ ਗਏ ਭਾਰਤੀਆਂ ਦੇ ਆਖਰੀ ਜੱਥੇ ਦੇ ਨਾਲ ਦਿੱਲੀ ਪਹੁੰਚੇ




ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਜੰਗ ਪ੍ਰਭਾਵਿਤ ਯੂਕਰੇਨ ਤੋਂ ਲੋਕਾਂ ਨੂੰ ਵਾਪਸ ਲਿਆਉਣ ਲਈ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਆਪ੍ਰੇਸ਼ਨ ਗੰਗਾ' ਦੀ ਦੇਖ-ਰੇਖ ਕਰਨ ਤੋਂ ਬਾਅਦ ਬੁਡਾਪੇਸਟ ਤੋਂ ਫਸੇ 6711 ਭਾਰਤੀ ਵਿਦਿਆਰਥੀਆਂ ਦੇ ਆਖ਼ਰੀ ਜੱਥੇ ਦੇ ਨਾਲ ਅੱਜ ਹੰਗਰੀ ਤੋਂ ਪਰਤ ਆਏ। ਟਵਿੱਟਰ 'ਤੇ ਲੈ ਕੇ, ਕੇਂਦਰੀ ਮੰਤਰੀ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਦੇਸ਼ ਦੇ ਨੌਜਵਾਨ ਹੁਣ ਆਪਣੇ-ਆਪਣੇ ਘਰ ਪਹੁੰਚ ਸਕਦੇ ਹਨ ਅਤੇ ਆਪਣੇ ਮਾਂ-ਪਿਆਂ ਅਤੇ ਪਰਿਵਾਰਾਂ ਨਾਲ ਮਿਲ ਸਕਦੇ ਹਨ। ਹਰਦੀਪ ਸਿੰਘ ਪੁਰੀ ਨੇ ਟਵੀਟ ਕੀਤਾ, "ਬੁਡਾਪੇਸਟ ਤੋਂ ਸਾਡੇ 6711 ਵਿਦਿਆਰਥੀਆਂ ਦੇ ਆਖਰੀ ਬੈਚ ਦੇ ਨਾਲ ਦਿੱਲੀ ਪਹੁੰਚ ਕੇ ਬਹੁਤ ਖੁਸ਼ੀ ਹੋਈ। ਨੌ-ਜਵਾਨਾਂ ਦੇ ਘਰ ਪਹੁੰਚਣ 'ਤੇ ਖੁਸ਼ੀ, ਉਤਸ਼ਾਹ ਅਤੇ ਰਾਹਤ ਹੈ ਅਤੇ ਜਲਦੀ ਹੀ ਆਪਣੇ ਮਾਤਾ-ਪਿਤਾ ਅਤੇ ਪਰਿਵਾਰਾਂ ਨਾਲ ਹੋਣਗੇ। ਮਦਦ ਕਰਨ ਦਾ ਬਹੁਤ ਮਾਣ ਮਹਿਸੂਸ ਹੋਇਆ," ਹਰਦੀਪ ਸਿੰਘ ਪੁਰੀ ਨੇ ਟਵੀਟ ਕੀਤਾ। ਪਿਛਲੇ ਹਫ਼ਤੇ 'ਆਪਰੇਸ਼ਨ ਗੰਗਾ' ਤਹਿਤ 16,000 ਤੋਂ ਵੱਧ ਭਾਰਤੀ ਵਿਦਿਆਰਥੀਆਂ ਨੂੰ ਯੂਕਰੇਨ ਤੋਂ ਬਾਹਰ ਕੱਢਿਆ ਗਿਆ ਹੈ। ਖਾਰਕਿਵ ਅਤੇ ਸੁਮੀ ਨੂੰ ਛੱਡ ਕੇ, ਯੂਕਰੇਨ ਦੇ ਬਾਕੀ ਖੇਤਰਾਂ ਤੋਂ ਲਗਭਗ ਸਾਰੇ ਭਾਰਤੀਆਂ ਨੂੰ ਕੱਢ ਲਿਆ ਗਿਆ ਹੈ। ਯੂਕਰੇਨ ਵਿੱਚ ਭਾਰਤੀ ਦੂਤਾਵਾਸ ਨੇ ਕਿਹਾ, "ਗੋਲੇਬਾਜੀ, ਰੁਕਾਵਟਾਂ, ਮੋੜਵਾਂ ਅਤੇ ਹੋਰ ਵੱਡੀਆਂ ਮੁਸ਼ਕਲਾਂ ਦੇ ਬਾਵਜੂਦ, ਪਿਸੋਚਿਨ ਨੂੰ ਭੋਜਨ ਅਤੇ ਪਾਣੀ ਦੀ ਸਪਲਾਈ ਜਾਰੀ ਰੱਖੀ ਗਈ, ਜੋ ਵੀ ਮਾਤਰਾ ਅਤੇ ਸਾਧਨ ਉਪਲਬਧ ਹਨ।" ਰੂਸੀ ਬਲਾਂ ਨੇ 24 ਫਰਵਰੀ ਨੂੰ ਯੂਕਰੇਨ ਵਿੱਚ ਫੌਜੀ ਕਾਰਵਾਈ ਸ਼ੁਰੂ ਕੀਤੀ।







# ਸਹਸ ਕਾਕੜਾ ਵੱਲੋਂ ਸਾਇੰਸ ਸਿਟੀ ਦਾ ਇੱਕ ਰੋਜ਼ਾ ਟੂਰ

**ਭਵਾਨੀਗੜ (ਚਮਨਦੀਪ ਸ਼ਰਮਾ)** ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ ਦੇ ਹੁਕਮਾਂ ਤਹਿਤ ਸਰਕਾਰੀ ਹਾਈ ਸਕੂਲ ਕਾਕੜਾ ਦੇ ਨੌਵੀਂ ਅਤੇ ਦਸਵੀਂ ਕਲਾਸ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ ਪੁਸ਼ਪਾ ਗੁਜ਼ਰਾਲ ਸਾਇੰਸ ਸਿਟੀ ਦਾ ਇੱਕ ਦਿਨਾਂ ਦੌਰਾ ਕੀਤਾ ਜਿਸਦਾ ਮਨੋਰਥ ਬੱਚਿਆਂ ਦੇ ਵਿੱਚ ਵਿਗਿਆਨਕ ਸੋਚ ਨੂੰ ਉਤਪੰਨ ਕਰਨਾ ਸੀ। ਸਕੂਲ ਦੀ ਮੁੱਖ ਅਧਿਆਪਕਾ ਪਿੰਕੀ ਵਸ਼ਿਸ਼ਟ ਨੇ ਵਿਭਾਗ ਦੇ ਉਪਰਾਲੇ ਦੀ ਤਾਰੀਫ਼ ਕਰਦਿਆ ਦੱਸਿਆ ਕਿ ਇਹ ਟੂਰ ਵਿਗਿਆਨ ਵਿਸ਼ੇ ਦੀ ਸਰਲਤਾ ਦੇ ਲਈ ਕਾਫੀ ਸਹਾਇਕ ਸੀ। ਇਸ ਟੂਰ ਲਈ ਵਿਦਿਆਰਥੀਆਂ ਤੋਂ ਕਿਸੇ ਪ੍ਰਕਾਰ ਦਾ ਖਰਚਾ ਨਹੀਂ ਲਿਆ ਗਿਆ। ਸਾਇੰਸ ਅਧਿਆਪਕਾ ਗੁੰਜਨ ਚਾਵਲਾ ਨੇ ਦੱਸਿਆ ਕਿ



ਸਾਇੰਸ ਸਿਟੀ ਵਿੱਚ ਬੱਚਿਆਂ ਨੇ ਤਾਰਿਆਂ ਦਾ ਟੁੱਟਣਾ, ਗਲੈਕਸੀ ਦਾ ਬਣਨਾ, ਬ੍ਰਹਿਮੰਡ ਦੀ ਸਥਾਪਨਾ, ਸੋਲਰ ਸਿਸਟਮ, ਵਾਤਾਵਰਣ ਦੀ ਸੰਭਾਲ, ਮਨੁੱਖ ਦੇ ਜਨਮ, ਡਾਇਨਾਸੌਰ ਪਾਰਕ, ਪੰਛੀਆਂ ਦੀ ਉਤਪੱਤੀ, ਭੂਕੰਪ ਦੇ ਝਟਕੇ, ਜਾਨਵਰਾਂ ਦੀ ਸੁ ਅਤੇ ਜਵਾਲਾਮੁਖੀ ਸਬੰਧੀ ਰੋਚਕ ਜਾਣਕਾਰੀ ਪ੍ਰਾਪਤ ਕੀਤੀ।

ਉਹਨਾਂ ਕਿਹਾ ਕਿ ਅਜਿਹੇ ਟੂਰ ਵਿਗਿਆਨ ਵਿਸ਼ੇ ਦੀ ਨੀਰਸਤਾ ਨੂੰ ਸਮਾਪਤ ਕਰਕੇ ਵਿਦਿਆਰਥੀਆਂ ਵਿੱਚ ਵਿਗਿਆਨਿਕ ਦ੍ਰਿਸ਼ਟੀਕੋਣ ਨੂੰ ਪੈਦਾ ਕਰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵਿੰਦਰ ਕੌਰ ਅਤੇ ਵਿੰਨੀ ਜਿੰਦਲ ਟੂਰ ਵਿੱਚ ਖਾਸ ਤੌਰ ਤੇ ਹਾਜ਼ਰ ਸਨ।

# ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿਚ ਸਾਹਿਤਕਾਰਾਂ ਨੇ ਬੰਨਿਆ ਰੰਗ

## ਨਰੋਆ ਸਮਾਜ ਸਿਰਜਣ ਵਿਚ ਸਾਹਿਤ ਦਾ ਪ੍ਰਮੁੱਖ ਯੋਗਦਾਨ- ਡਾ ਅਮਨ

**ਰਾਜਪੁਰਾ 8 ਮਾਰਚ–** ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਖੇ ਡਾ ਗੁਰਵਿੰਦਰ ਅਮਨ ਦੀ ਰਹਿ–ਨੁਮਾਈ ਵਿਚ ਹੋਈ ਜਿਸ ਵਿੱਚ ਵਿਸ਼ੇਸ਼ ਤੋਰ ਤੇ ਉੱਘੀ ਕਵਿੱਤਰੀ ਸੁਰਿੰਦਰ ਕੌਰ ਬਾੜਾ ਨੇ ਸ਼ਿਰਕਤ ਕੀਤੀ। ਸਭਾ ਦੇ ਆਗਾਜ਼ ਵਿਚ ਡਾ ਗੁਰਵਿੰਦਰ ਅਮਨ ਨੇ ਪੁੱਜੇ ਸਾਹਿਤਕਾਰਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਸੰਸਾਰ ਵਿਚ ਹਮੇਸ਼ਾਂ ਨਵਾਂ ਸਮਾਜ ਸਿਰਜਣ ਵਿਚ ਸਾਹਿਤ ਦੀ ਪ੍ਰਮੁੱਖ ਭੂਮਿਕਾ ਰਹੀ ਹੈ। ਇਨਸਾਨ ਦਾ ਸਾਹਿਤ ਨਾਲ ਪ੍ਰਤੱਖ ਅਪ੍ਰਤੱਖ ਰਿਸ਼ਤਾ ਹੈ। ਇਸ ਮੌਕੇ ਕਰਮ ਸਿੰਘ ਹਕੀਰ ਨੇ ਲੋਕ ਗਾਥਾ 'ਮਾਂ ਨੇ ਝਿੜਕੀ ਪਿਓ ਨੇ ਘੂਰੀ ,ਇੱਥੇ ਨਹੀਂ ਚੱਲਦੀ ਧੀਆਂ ਦੀ ਮਨਮਰਜ਼ੀ ' ਸੁਣਾਕੇ ਰੰਗ ਬੰ–ਨਆ। ਪ੍ਰਸਿੱਧ ਗ਼ਜ਼ਲਗੋ ਅਵਤਾਰ ਪੁਆਰ ਨੇ ਅਜੋਕੀ ਰਾਜਨੀਤੀ ਤੇ ਤੰਜ ਕਸਿਆ।

ਗੁਰਵਿੰਦਰ ਆਜ਼ਾਦ ਨੇ ਤਸਵਰ ਦਾ ਗੀਤ ਸੁਣਾਕੇ ਮਾਹੌਲ ਸਿਰਜਿਆ। ਅੰਗਰੇਜ ਕਲੇਰ ਦੀ ਕਵਿਤਾ ਤੇ ਓਮ




ਪ੍ਰਕਾਸ਼ ਅਰੋੜਾ ਦੀ ਸਰਾਇਕੀ ਕਵਿਤਾ ਭਾਵਪੂਰਕ ਸਨ। ਦਲਜੀਤ ਸਿੰਘ ਸ਼ਾਂਤ ਨੇ ਮਧੁਰ ਆਵਾਜ਼ ਵਿਚ ਗ਼ਜ਼ਲ ਸੁਣਾਕੇ ਮਹਿਫ਼ਿਲ ਨੂੰ ਰੰਗੀਨ ਬਣਾ ਦਿੱਤਾ। ਉੱਘੇ ਪੱਤਰਕਾਰ ਗੁਰਵਿੰਦਰ ਪਾਲ ਸਿੰਘ ਜੀਪੀ ਨੇ ਸ਼ੇਅਰ ਸੁਣਾਕੇ ਵਾਹ ਵਾਹ ਖੱਟੀ। ਸ਼ਰਤ ਚੰਦਰ ਭਾਵੁਕ ਨੇ ਹਿੰਦੀ ਕਵਿਤਾ ,ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਬੁਲੰਦ ਅਵਾਜ ਵਿਚ ਆਪਣਾ ਚਰਚਿਤ ਗੀਤ ਸੁਣਾਕੇ ਸਮਾਂ ਬੰਨ੍ਹ ਦਿੱਤਾ। ਸੁਰਿੰਦਰ ਕੌਰ ਬਾੜਾ ਦੀ ਕੋਇਲ ਵਰਗੀ ਆਵਾਜ਼ ਨੇ ਮਾਹੌਲ ਨੂੰ ਖੁਸ਼ਨੁਮਾ ਬਣਾ ਦਿੱਤਾ ਉਸ ਨੇ ਆਪਣੀ ਸ਼ਾਇਰੀ ਨਾਲ ਸ਼ਰੋਤਿਆਂ ਨੂੰ ਕੀਲ ਦਿੱਤਾ। ਬਲਦੇਵ ਸਿੰਘ ਖੁਰਾਣਾ ਦੇ ਸ਼ੇਅਰ ਕਾਬਲੇ ਤਾਰੀਫ ਸਨ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਦੀ ਮਿੰਨੀ ਕਹਾਣੀ 'ਨੇਕ ਸਲਾਹ 'ਤੇ ਜਿੰਦਾ ਸ਼ਹੀਦ ' ਸੁਣਾਕੇ ਅਜੋਕੀ ਰਾਜਨੀਤੀ ਪ੍ਰਣਾਲੀ ਤੇ ਕਟਾਕਸ਼ ਕੀਤਾ। ਸੁਰਿੰਦਰ ਸੋਹਣਾ ਨੇ ਸਟੇਜ ਦੀ ਕਾਰਵਾਈ ਬਖ਼ੂਬੀ ਨਾਲ ਚਲਾਈ।

# ਗ਼ੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਲਈ ਔਰਤਾਂ ਕੋਲ ਸੰਘਰਸ਼ ਹੀ ਇੱਕੋ ਇੱਕ ਸੁਵੱਲੜਾ ਰਾਹ

## ਕਮੇਟੀ ਮੈਂਬਰ ਭਗਤ ਸਿੰਘ ਝੁੱਗੀਆਂ ਦੇ ਵਿਛੋੜੇ ’ਤੇ ਦੁੱਖ ਦਾ ਪ੍ਰਗਟਾਵਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਕੌਮਾਂਤਰੀ ਔਰਤ ਦਿਹਾੜਾ ਸਮਾਗਮ ’ਚ ਅਹਿਦ ਲਿਆ ਕਿ ਔਰਤਾਂ ਦੇ ਪੈਰੀਂ ਪਈਆਂ ਹਰ ਤਰ੍ਹਾਂ ਦੀ ਗ਼ੁਲਾਮੀ ਦੀਆਂ ਜੰਜ਼ੀਰਾਂ ਵਗਾਹ ਮਾਰਨ ਲਈ ਚਿੰਤਨ, ਚੇਤਨਾ ਨਾਲ ਲੈਸ ਹੋ ਕੇ ਵਿਸ਼ਾਲ ਅਤੇ ਸਿਰੜੀ ਲੋਕ–ਸੰਗਰਾਮ ਦਾ ਪਰਚਮ ਉਠਾ ਕੇ ਤੁਰਨਾ ਹੀ ਇਕੋ ਇੱਕ ਸੁਵੱਲੜਾ ਰਾਹ ਹੈ।




ਦੇਸ਼ ਯਾਦਗਾਰ ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਕ੍ਰਿਸ਼ਨਾ, ਖ਼ਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਲਕ ਦੇ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਲਹਿਰਾਂ ਮੂੰਹੋਂ ਬੋਲਦੀਆਂ ਹਨ ਕਿ ਔਰਤਾਂ ਨੇ ਅਥਾਹ ਆਫ਼ਤਾਂ ਨਾਲ ਟੱਕਰਾਂ ਲੈਂਦਿਆਂ ਹਰ ਮੋਰਚੇ ’ਤੇ ਮਿਸਾਲੀ ਭੂਮਿਕਾ ਨਿਭਾਈ, ਇਹਨਾਂ ਅਮਿੱਟ ਪੈੜਾਂ ਨੂੰ ਸੰਭਾਲਦਿਆਂ ਔਰਤ ਮੁਕਤੀ ਜਦੋ ਜਹਿਦ ਕਰਨ ਦਾ ਅਹਿਮ ਕਾਰਜ਼ ਅਜੇ ਲੋਕਾਂ ਦੇ ਸਿਰਾਂ ’ਤੇ ਹੈ।

ਬੁਲਾਰਿਆਂ ਕਿਹਾ ਕਿ ਯੂਕਰੇਨ ਦੀ ਧਰਤੀ ’ਤੇ ਲੋਕਾਂ ਖਿਲਾਫ਼ ਵਿੱਢੀ ਨਿਹੱਕੀ ਜੰਗ ਦਾ ਸੰਤਾਪ ਭੋਗਦੇ ਸਾਡੇ ਧੀਆਂ–ਪੁੱਤਾਂ ਅਤੇ ਔਰਤਾਂ ਨੂੰ ਇਹ ਦਿਨ ਨਹੀਂ ਸੀ ਦੇਖਣੇ ਪੈਣੇ ਜੇ ਸਾਡੇ ਮੁਲਕ ’ਚ ਸਿੱਖਿਆ ਦੇ ਢੁੱਕਵੇਂ ਮੌਕੇ ਹਾਸਲ ਹੁੰਦੇ। ਉਹਨਾਂ ਕਿਹਾ ਕਿ ਬੇਰੁਜ਼ਗਾਰਾਂ, ਮਹਿੰਗੀ ਸਿੱਖਿਆ ’ਚ ਨਪੀੜੇ ਪਰਿਵਾਰਾਂ ਦਾ ਦਰਦ, ਨਸ਼ਿਆਂ ਦੀ ਮਾਰ, ਔਰਤ ਵਿਰੋਧੀ ਹਿੰਸਕ ਹੱਲੇ, ਨਿੱਜੀ ਜ਼ਿੰਦਗੀ ਉਪਰ ਬੰਦਸ਼ਾਂ ਮੜ੍ਹਦੇ ਹੁਕਮ, ਮਰਦਾਵਾਂ ਦਾਬੇ ਆਦਿ ਵਰਗੀਆਂ ਅਨੇਕਾਂ ਮਰਜ਼ਾਂ ਦੀ ਜੜ੍ਹ ਸਾਡੇ ਗਲੇ ਸੜੇ ਪ੍ਰਬੰਧ ਅੰਦਰ ਲੱਗੀ ਹੈ। ਉਹਨਾਂ ਕਿਹਾ ਕਿ ਕੌਮਾਂਤਰੀ ਔਰਤ ਦਿਹਾੜਾ ਰਸਮੀ ਤੌਰ ’ਤੇ ਮਨਾਉਣ ਦੀ ਬਜਾਏ ਨਵੀਂ ਜ਼ਿੰਦਗੀ ਲਈ ਨਵੀਂ ਇਬਾਰਤ ਲਿਖਣ ਵਾਸਤੇ, ਸੜਿਹਾਂਦ ਮਾਰਦੇ ਪ੍ਰਬੰਧ ਨੂੰ ਬਦਲਣ ਲਈ ਸਾਂਝੀ ਲਲਕਾਰ ਬਣਨ ਦੀ ਲੋੜ ਹੈ।

ਸਮਾਗਮ ’ਚ ਔਰਤਾਂ ਨੇ ਮੰਥਨ ਕਰਕੇ ਇਹ ਸਿੱਟਾ ਵੀ ਕੱਢਿਆ ਕਿ 10 ਮਾਰਚ ਉਪਰੰਤ ਪੰਜਾਬ ਅੰਦਰ ਜੋ ਵੀ ਹਕੂਮਤ ਬਣੇ, ਸਾਨੂੰ ਮਿਹਨਤਕਸ਼ ਘਰਾਂ ਦੀਆਂ ਜਾਈਆਂ ਨੂੰ ਤਣੇ ਮੁੱਕੇ ਲੈ ਕੇ ਸੰਘਰਸ਼ਾਂ ਦੇ ਪਿੜ੍ਹ ਵਿੱਚ ਨਿਤਰਨਾ ਹੀ ਪਵੇਗਾ। ਇਸ ਮੌਕੇ ਕਮੇਟੀ ਦੇ ਸੀਨੀਅਰ ਮੈਂਬਰ ਭਗਤ ਸਿੰਘ ਝੁੱਗੀਆਂ ਦੇ ਵਿਛੋੜੇ ’ਤੇ ਉਹਨਾਂ ਨੂੰ ਸਮਾਗਮ ’ਚ ਸ਼ਰਧਾਂਜਲੀ ਭੇਂਟ ਕੀਤੀ ਗਈ। ਉਹ ਅੱਜ ਸਵੇਰੇ ਵਿਛੜ ਗਏ। ਉਹਨਾਂ ਦਾ ਅੰਤਿਮ ਸਸਕਾਰ ਉਹਨਾਂ ਦੇ ਪੁੱਤਰ ਕੁਲਦੀਪ ਸਿੰਘ ਦੇ ਇੰਗਲੈਂਡ ਤੋਂ ਆਉਣ ’ਤੇ ਕੀਤਾ ਜਾਏਗਾ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਤੋਂ ਇਲਾਵਾ ਸਮੁੱਚੀ ਕਮੇਟੀ ਨੇ ਭਗਤ ਸਿੰਘ ਦੇ ਪਰਿਵਾਰ ਅਤੇ ਸਾਕ–ਸਬੰਧੀਆਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਸਮਤਾ ਸੈਨਿਕ ਦਲ ਦਾ ਸਥਾਪਨਾ ਦਿਵਸ ਮਹਿਲਾ ਸਸ਼ਕਤੀਕਰਨ ਨੂੰ ਸਮਰਪਿਤ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਦਾ 95ਵਾਂ ਸਥਾਪਨਾ ਦਿਵਸ 13 ਮਾਰਚ ਨੂੰ ਅੰਬੇਡਕਰ ਭਵਨ, ਦਾ। ਅੰਬੇਡਕਰ ਮਾਰਗ, ਜਲੰਧਰ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸਮਤਾ ਸੈਨਿਕ ਦਲ ਇਕ ਗੈਰ ਰਾਜਨੀਤਕ, ਸੱਭਿਆਚਾਰਕ ਸੰਗਠਨ ਹੈ ਜਿਸਦੀ ਸਥਾਪਨਾ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਨੇ ਖੁਦ 13 ਮਾਰਚ, 1927 ਨੂੰ ਕੀਤੀ ਸੀ। ਇਹ ਦਲ ਉਨ੍ਹਾਂ ਲੋਕਾਂ ਵੱਲੋਂ ਬਣਾਇਆ ਗਿਆ ਜੋ ਸਮਾਜ ਵਿਚ ਸਮਤਾ, ਚਾਹੁੰਦੇ ਸਨ, ਲੇਕਿਨ ਜਿਨ੍ਹਾਂ ਨੂੰ ਇਸ ਤੋਂ ਵਾਂਝਾ ਰੱਖਿਆ ਗਿਆ ਹੈ ਦੂਸਰੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਜਾਤੀਵਾਦੀ ਵਿਵਸਥਾ ਦੇ ਸ਼ਿਕਾਰ ਅਤੇ ਜਾਤੀਵਾਦੀ ਵਿਵਸਥਾ ਦੇ ਵਿਰੋਧੀ ਲੋਕਾਂ ਦੀ ਇੱਕ ਅਜਿਹੀ ਸੰਸਥਾ ਹੈ ਜੋ ਸਮਾਜਿਕ ਸਮਤਾ ਦੇ ਮਹਾਨ ਉਦੇਸ਼ਾਂ ਤੋਂ ਪ੍ਰੇਰਿਤ ਹੈ, ਕਿਓਂਕਿ ਸ਼ੂਦਰ ਕਿਹੇ ਜਾਣ ਵਾਲੇ ਲੋਕ ਜੋ ਕਿ ਅੱਜ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਪਿਛੜਿਆ ਵਰਗ ਅਖਵਾਉਂਦੇ ਹਨ, ਜਾਤੀਵਾਦ ਦੇ ਸਭ ਤੋਂ ਜਿਆਦਾ ਅਤੇ ਭਿਆਨਕ ਰੂਪ ਵਿਚ ਸ਼ਿਕਾਰ ਹੋਏ ਹਨ। ਸੋ ਅਜਿਹੇ ਲੋਕਾਂ ਦਾ ਇਸ ਸੰਸਥਾ ਵਿਚ ਹੋਣਾ ਸੁਭਾਵਿਕ ਹੀ ਹੈ।



ਜਸਵਿੰਦਰ ਵਰਿਆਣਾ ਨੇ ਅੱਗੇ ਕਿਹਾ ਕਿ ਸਥਾਪਨਾ ਦਿਵਸ ਦਾ ਇਹ ਸਮਾਗਮ 'ਮਹਿਲਾ ਸਸ਼ਕਤੀਕਰਨ' ਨੂੰ ਸਮਰਪਿਤ ਕੀਤਾ ਗਿਆ ਹੈ ਜਿਸ ਵਿਚ ਪ੍ਰੋਫੈਸਰ ਡਾ। ਚੰਦਰ ਕਾਂਤਾ ਬਤੌਰ ਮੁਖ ਮਹਿਮਾਨ ਸ਼ਿਰਕਤ ਕਰਨਗੇ। ਪਰਮਜੀਤ ਕੈਂਥ ਕੈਨੇਡਾ, ਸੰਸਥਾਪਕ ਮੇਮ੍ਬਰ - ਧੱਮਾ ਵੇਵਜ਼ ਵਿਸ਼ੇਸ਼ ਮਹਿਮਾਨ ਅਤੇ ਉਘੇ ਅੰਬੇਡਕਰਵਾਦੀ, ਲੇਖਕ ਤੇ ਚਿੰਤਕ ਲਾਹੌਰੀ ਰਾਮ ਬਾਲੀ ਸਮਾਗਮ ਦੇ ਮੁਖ ਬੁਲਾਰੇ ਹੋਣਗੇ। ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਤਿਲਕ ਰਾਜ, ਕੁਲਦੀਪ ਭੱਟੀ ਐਡਵੋਕੇਟ ਅਤੇ ਚਮਨ ਲਾਲ ਹਾਜ਼ਰ ਸਨ।

# ਭਾਰਤ ਵਿੱਚ ਦਲਿਤਾਂ ਦੀ ਵਿਗੜਦੀ ਦਸ਼ਾ ਲਈ ਬਹੁਤੇ ਅਖੌਤੀ ਦਲਿਤ ਲੀਡਰ ਅਤੇ ਬੁੱਧੀਜਿਵੀ ਹੀ ਜਿੰਮੇਵਾਰ

ਭਾਰਤ ਵਿੱਚ ਰਹਿਣ ਵਾਲੇ ਬਹੁਤੇ ਦਲਿਤ ਜਿਨ੍ਹਾਂ ਨੂੰ ਵੱਖ ਵੱਖ ਨਾਮ ਜਿਵੇਂ ਮੂਲ ਨਿਵਾਸੀ, ਆਦਿਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ ਦੀ ਦਿਨ ਪ੍ਰਤੀ ਦਿਨ ਵਿਗੜਦੀ ਦਸ਼ਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਇਨ੍ਹਾਂ ਦਲਿਤਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਬਣਾਏ ਗਏ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਬਹੁਤੇ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਦਲਿਤਾਂ ਦੀ ਇਸ ਵਿਗੜਦੀ ਦਸ਼ਾ ਨੂੰ ਸੁਧਾਰਨ ਲਈ ਸਮੇਂ ਸਮੇਂ ਤੇ ਕਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਅੰਦੋਲਨ ਚਲਾਇਆ ਹੈ ਜਿਸ ਕਾਰਨ ਇਨ੍ਹਾਂ ਦੇ ਜੀਵਨ ਵਿੱਚ ਕੁੱਝ ਬਦਲਾਓ ਆਇਆ ਹੈ ਅਤੇ ਵਿਕਾਸ ਹੋਇਆ ਹੈ ਪਰੰਤੂ ਇਹ ਬਦਲਾਓ ਅਤੇ ਵਿਕਾਸ ਕੁੱਝ ਕੁ ਲੋਕਾਂ ਤੱਕ ਹੀ ਸੀਮਿਤ ਰਿਹਾ ਅਤੇ ਬਹੁਤੇ ਲੋਕਾਂ ਦਾ ਜੀਵਨ ਅਜੇ ਵੀ ਖਸਤਾ ਹਾਲਤ ਵਿੱਚ ਹੀ ਹੈ। ਇਸ ਦੇਸ਼ ਵਿੱਚ ਜਦੋਂ ਮੁਗਲਾਂ ਨੇ ਕਬਜਾ ਕੀਤਾ ਤਾਂ ਇਨ੍ਹਾਂ ਦਲਿਤਾਂ ਵਿਚੋਂ ਕਈਆਂ ਨੇ ਹਿੰਦੂ ਧਰਮ ਛੱਡਕੇ ਮੁਸਲਿਮ ਧਰਮ ਅਪਣਾ ਲਿਆ। ਜਦੋਂ ਦੇਸ਼ ਵਿੱਚ ਅੰਗਰੇਜੀ ਹਕੂਮਤ ਆਈ ਤਾਂ ਦੇਸ਼ ਦੇ ਦਲਿਤਾਂ ਨੂੰ ਕਾਫੀ ਰਾਹਤ ਮਿਲੀ। ਕਈ ਦਲਿਤ ਅੰਗਰੇਜ ਹਕੂਮਤ ਵਿੱਚ ਸਰਕਾਰੀ ਨੌਕਰੀਆਂ ਕਰਨ ਲੱਗ ਪਏ ਜਿਸ ਨਾਲ ਦਲਿਤ ਪਿੰਡ ਛੱਡਕੇ ਨਗਰਾਂ ਵਿੱਚ ਰਹਿਣ ਲੱਗ ਪਏ। ਇਸਾਈ ਮਿਸ਼ਨਰੀਆਂ ਵਲੋਂ ਖੋਲੇ ਗਏ ਵਿੱਦਿਅਕ ਅਦਾਰਿਆਂ ਵਿੱਚ ਦਲਿਤਾਂ ਨੂੰ ਪੜ੍ਹਾਈ ਦਾ ਅਧਿਕਾਰ ਮਿਲ ਗਿਆ ਜਿਸ ਨਾਲ ਉਨ੍ਹਾਂ ਦਾ ਵਿਕਾਸ ਹੋਣਾ ਸੁਰੂ ਹੋ ਗਿਆ ਅਤੇ ਇਨ੍ਹਾਂ ਵਿੱਚੋਂ ਬਹੁਤੇ ਦਲਿਤਾਂ ਨੇ ਅਪਣੇ ਜਾਤ ਅਧਾਰਿਤ ਧੰਦਿਆਂ ਨੂੰ ਤਿਆਗ ਦਿਤਾ। ਸਾਲ 1894 ਤੋਂ 1922 ਤੱਕ ਕੋਹਲਾਪੁਰ ਦੇ ਰਾਜਾ ਰਹੇ ਛੱਤਰਪਤੀ ਸਾਹੂ ਜੀ ਮਹਾਰਾਜ ਨੇ ਸਿੱਖਿਆ ਦੇ ਦੁਆਰ ਸਭ ਲਈ ਖੋਲ ਦਿਤੇ ਅਤੇ ਨੌਕਰੀਆਂ ਵਿੱਚ 50 ਫਿਸਦੀ ਰਾਖਵਾਂਕਰਣ ਗਰੀਬ ਕਮਜੋਰ ਵਰਗਾਂ ਲਈ ਕਰ ਦਿਤਾ। ਮੰਨੂਵਾਦੀ ਸੋਚ ਰੱਖਣ ਵਾਲੇ ਲੋਕਾਂ ਦੇ ਭਾਰੀ ਵਿਰੋਧ ਦੇ ਬਾਬਜੂਦ ਫੂਲੇ ਪਰਿਵਾਰ ਨੇ ਇਨ੍ਹਾਂ ਵਰਗਾਂ ਲਈ ਵਿਦਿੱਅਕ ਅਦਾਰੇ ਚਲਾਏ। ਸਾਲ 1891 ਵਿੱਚ ਪੈਦਾ ਹੋਏ ਦਲਿਤਾਂ ਦੇ ਨਾਇਕ ਡਾਕਟਰ ਭੀਮ ਰਾਓ ਅੰਬੇਡਕਰ ਨੇ ਬੜੌਦਾ ਮਹਾਰਾਜਾ ਸਿਆਈਜੀਓ ਗਾਇਕਵਾੜ ਵਲੋਂ ਚਲਾਈ ਜਾ ਰਹੀ ਵਜੀਫਾ ਯੋਜਨਾ ਨਾਲ ਵਿਦੇਸ਼ਾਂ ਵਿੱਚ ਪੜ੍ਹਾਈ ਕੀਤੀ। ਡਾਕਟਰ ਅੰਬੇਡਕਰ ਨੇ ਅਪਣੀ ਸਿੱਖਿਆ ਨੂੰ ਹਥਿਆਰ ਬਣਾਕੇ ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦੇ ਜੀਵਨ ਵਿੱਚ ਕਰਾਂਤੀਕਾਰੀ ਬਦਲਾਓ ਲਿਆਉਣ ਲਈ ਕੰਮ ਕੀਤਾ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਮੂਗੋਵਾਲ ਵਿੱਚ 14 ਜਨਵਰੀ, 1886 ਨੂੰ ਪੈਦਾ ਹੋਏ ਬਾਬੂ ਮੰਗੂ ਰਾਮ ਮੂਗੋਵਾਲ ਨੇ ਅਪਣੇ ਪਿੰਡ ਵਿੱਚ ਅਛੂਤਾਂ ਦੇ ਬੱਚਿਆਂ ਲਈ ਪਹਿਲਾ ਸਕੂਲ ਖੋਲਿਆ ਅਤੇ 1926 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ। ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਅੰਗਰੇਜਾਂ ਵਲੋਂ ਭੇਜੇ ਗਏ ਸਾਇਮਨ ਕਮਿਸ਼ਨ ਨੇ ਪੰਜਾਬ ਵਿੱਚ ਦੌਰਾ ਕੀਤਾ ਅਤੇ ਡਾਕਟਰ ਅੰਬੇਡਕਰ ਨੂੰ ਅਛੂਤਾਂ ਦਾ ਪ੍ਰਤੀਨਿਧੀ ਸਾਬਿਤ ਕਰਕੇ ਗੋਲਮੇਜ਼ ਕਾਨਫਰੰਸਾ ਵਿੱਚ ਭੇਜਿਆ। ਲੰਬੇ ਸੰਘਰਸ਼ ਅਤੇ ਬਹਿਸ ਤੋਂ ਬਾਦ ਦਲਿਤਾਂ ਨੂੰ ਆਦਿ ਧਰਮ ਦਾ ਨਾਮ ਮਿਲਿਆ ਅਤੇ ਦਲਿਤਾਂ ਨੂੰ ਪੜ੍ਹਣ, ਜਾਇਦਾਦ ਖਰੀਦਣ ਅਤੇ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਸਾਲ 1931 ਵਿੱਚ ਹੋਈ ਜਨਗਣਨਾ ਵਿੱਚ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਸਾਲ 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਤੋਂ ਬਾਦ ਬਰਤਾਨੀਆ ਸਰਕਾਰ ਨੇ ਦਲਿਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਮਹਾਤਮਾ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਇਸ ਸਮਝੋਤੇ ਵਿੱਚ ਦਲਿਤਾਂ ਨੂੰ ਵਖਰੀ ਚੌਣ ਵਿਵਸਥਾ ਦੋਹਰੀ ਵੋਟ ਦੇ ਅਧਿਕਾਰ ਦੀ ਥਾਂ ਕੁੱਝ ਸੀਟਾਂ ਦਾ ਰਾਖਵਾਂਕਰਣ ਦਿਤਾ ਗਿਆ ਜਿਸ ਅਨੁਸਾਰ ਭਾਰਤ ਦੀਆਂ ਵੱਖ ਵੱਖ ਵਿਧਾਨ ਸਭਾਵਾਂ ਲਈ ਕੁੱਲ 148 ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ ਗਈਆਂ ਜਿਨ੍ਹਾਂ ਵਿੱਚ ਉਸ ਵੇਲੇ ਪੰਜਾਬ ਦੀਆਂ 08 ਸੀਟਾਂ ਸਨ। 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਨੂੰ ਦਲਿਤਾਂ ਦੇ ਵਿਕਾਸ ਵਿੱਚ ਰੋੜ੍ਹਾ ਮੰਨਕੇ ਹੀ ਅਪਣਾ ਧਰਮ ਬਦਲਣ ਦਾ ਫੈਸਲਾ ਕੀਤਾ ਅਤੇ



ਅਖੀਰ 13 ਅਕਤੂਬਰ 1956 ਨੂੰ ਅਪਣੇ ਲੱਖਾਂ ਸਾਥੀਆਂ ਨਾਲ ਬੁੱਧ ਧਰਮ ਅਪਣਾਇਆ। ਅੱਜ ਵੀ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਦਲਿਤਾਂ ਵਲੋਂ ਵੱਡੇ ਪੱਧਰ ਤੇ ਹਿੰਦੂ ਧਰਮ ਛੱਡਕੇ ਧਰਮ ਬਦਲਣ ਦੀਆਂ ਖਬਰਾਂ ਵੇਖਣ ਨੂੰ ਮਿਲਦੀਆਂ ਹਨ। ਡਾਕਟਰ ਅੰਬੇਡਕਰ ਦੁਆਰਾ ਸ਼ੁਰੂ ਕੀਤਾ ਗਿਆ ਰਾਜਨੀਤਿਕ ਅੰਦੋਲਨ ਕੁੱਝ ਸਮੇਂ ਬਾਦ ਹੀ ਖਤਮ ਹੋ ਗਿਆ ਸੀ। ਅਜਾਦ ਭਾਰਤ ਵਿੱਚ ਦਲਿਤਾਂ ਨੂੰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ ਜਾਤੀਆਂ ਦਾ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕਾਂ ਦੇ ਵਿਕਾਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਬਹੁਤੇ ਦਲਿਤ ਵਿਸ਼ੇਸ਼ ਤੋਰ ਤੇ ਪਿੰਡਾਂ ਅਤੇ ਬਸਤੀਆਂ ਵਿੱਚ ਰਹਿਣ ਵਾਲੇ ਦਲਿਤ ਅਜੇ ਵੀ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਇਨ੍ਹਾਂ ਦਲਿਤਾਂ ਵਿੱਚੋਂ ਵਿਕਸਿਤ ਹੋ ਚੁੱਕੇ ਲੋਕਾਂ ਦਾ ਜੀਵਨ ਕ੍ਰਿਸ਼ਮਾਈ ਹੋ ਗਿਆ ਹੈ ਅਤੇ ਉਹ ਅਪਣਾ ਪਿਛੋਕੜ ਤੱਕ ਭੁੱਲਦੇ ਜਾ ਰਹੇ ਹਨ। 15 ਮਾਰਚ 1934 ਨੂੰ ਜਿਲ੍ਹਾ ਰੂਪਨਗਰ ਪੰਜਾਬ ਵਿੱਚ ਪੈਦਾ ਹੋਏ ਸਾਹਿਬ ਕਾਂਸ਼ੀ ਰਾਮ ਨੇ 1971 ਵਿੱਚ ਦਲਿਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਹੋਰ ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਕਰਮਚਾਰੀ ਵੈਲਫੇਅਰ ਸੰਸਥਾ ਦੀ ਸਥਾਪਨਾ ਕੀਤੀ। 1973 ਵਿੱਚ ਬੈਕਵਰਡ ਐਂਡ ਮਾਇਨਾਰਿਟੀ ਕਮਿਉਨਿਟੀ ਇੰਮਪਲਾਇਜ਼ ਫੈਡਰੇਸ਼ਨ-ਬਾਮਸੇਫ ਦੀ ਸਥਾਪਨਾ ਕੀਤੀ। ਡਾਕਟਰ ਅੰਬੇਡਕਰ ਵਲੋਂ ਦਿੱਤੇ ਗਏ ਪੜ੍ਹੋ, ਜੁੜ੍ਹੋ ਅਤੇ ਸੰਘਰਸ਼ ਕਰੋ ਦੇ ਸਿਧਾਂਤ ਤੇ ਚੱਲਕੇ ਮੁਹਿੰਮ ਚਲਾਈ ਅਤੇ 06 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਦਲਿਤਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬੀ ਐਸ ਪੀ ਨੇ ਉੱਤਰ ਪ੍ਰਦੇਸ਼ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਕਈ ਵਿਅਕਤੀਆਂ ਨੂੰ ਲੋਕ ਸਭਾ, ਰਾਜ ਸਭਾ ਅਤੇ ਵੱਖ ਵੱਖ ਵਿਧਾਨ ਸਭਾਵਾਂ ਵਿੱਚ ਭੇਜਿਆ। ਪਿਛਲੇ ਕਈ ਸਾਲਾਂ ਤੋਂ ਬਹੁਜਨ ਅੰਦੋਲਨ ਵਿੱਚ ਖੜੋਤ ਆ ਗਈ ਹੈ। ਪੰਜਾਬ ਵਿੱਚ ਸਭ ਤੋਂ ਵੱਧ ਅਨੁਸੂਚਿਤ ਜਾਤਿ ਦੇ ਲੋਕ ਰਹਿੰਦੇ ਹਨ ਅਤੇ ਲੱਗਭੱਗ ਤੀਜਾ ਹਿੱਸਾ ਅਬਾਦੀ ਅਨੁਸੂਚਿਤ ਜਾਤਿ ਵਰਗ ਦੀ ਹੈ ਜਿਸ ਲਈ ਵੱਖ ਵੱਖ ਰਾਜਨੀਤਿਕ ਪਾਰਟੀਆਂ ਅਨੁਸੂਚਿਤ ਜਾਤ ਦੇ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ ਕਈ ਘੋਸ਼ਣਾਵਾਂ ਕਰਦੀਆਂ ਹਨ। 20 ਫਰਵਰੀ 2022 ਨੂੰ ਹੋਈਆਂ ਵਿਧਾਨ ਸਭਾ ਚੌਣਾਂ ਲਈ ਵੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਨੇ ਇਨ੍ਹਾਂ ਵਰਗਾਂ ਵਾਸਤੇ ਕਈ ਲੋਕ ਲਭਾਊ ਘੋਸ਼ਣਾਵਾਂ ਕੀਤੀਆਂ ਹਨ। ਕਿਸੇ ਪਾਰਟੀ ਨੇ ਮੁੱਖ ਮੰਤਰੀ ਅਤੇ ਕਿਸੇ ਨੇ ਉੱਪ ਮੁੱਖ ਮੰਤਰੀ ਬਣਾਉਣ ਦੀ ਘੋਸ਼ਣਾ ਕੀਤੀ। ਕਾਂਗਰਸ ਪਾਰਟੀ ਨੇ 19 ਸਤੰਬਰ 2021 ਨੂੰ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆਂ ਤਾਂ ਦਲਿਤ ਬਹੁਸੰਖਿਅਕ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਅਨੁਸੂਚਿਤ ਜਾਤੀ ਦੇ ਵਿਅਕਤੀ ਨੂੰ ਮੁੱਖ ਮੰਤਰੀ ਦੀ ਕੁਰਸੀ ਤੇ ਬਿਠਾਇਆ ਗਿਆ। ਇਸ ਰਾਜਨੀਤਿਕ ਬਦਲਾਓ ਤੋਂ ਬਾਦ ਪੰਜਾਬ ਦੇ ਲੋਕਾਂ ਵਿਸ਼ੇਸ਼ ਤੋਰ ਤੇ ਦਲਿਤ ਵਰਗ ਵਿੱਚ ਖੁਸ਼ੀ ਦੀ ਲਹਿਰ ਚੱਲ ਪਈ। ਦਲਿਤਾਂ ਨੇ ਰਾਜਨੀਤਿਕ ਹਿੱਤਾਂ ਤੋਂ ਉੱਪਰ ਉੱਠਕੇ ਵੱਖ ਵੱਖ ਥਾਵਾਂ ਤੇ ਕਾਂਗਰਸ ਪਾਰਟੀ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਅਤੇ ਖੁਸ਼ੀਆਂ ਮਨਾਈਆਂ। 20 ਫਰਵਰੀ 2022 ਨੂੰ ਹੋਈਆਂ ਵਿਧਾਨ ਸਭਾ ਚੌਣਾਂ ਲਈ ਵੀ ਕਾਂਗਰਸ ਪਾਰਟੀ ਨੇ ਦਲਿਤ ਵੋਟਰਾਂ ਨੂੰ ਅਪਣੇ ਹੱਕ ਵਿੱਚ ਕਰਨ ਲਈ ਦਲਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਵਜੋਂ ਘੋਸ਼ਿਤ ਕੀਤਾ ਹੈ। ਇਸ ਘੋਸ਼ਣਾ ਦਾ ਕਿੰਨਾ ਅਸਰ ਹੋਇਆ ਹੈ ਅਤੇ ਕਾਂਗਰਸ ਪਾਰਟੀ ਨੂੰ ਕਿੰਨਾ ਲਾਭ ਮਿਲਦਾ ਹੈ ਇਹ ਤਾਂ 10 ਮਾਰਚ ਨੂੰ ਚੌਣ ਨਤੀਜਿਆਂ ਤੋਂ ਬਾਦ ਹੀ ਪਤਾ ਚੱਲੇਗਾ ਪਰ ਇਨ੍ਹਾਂ ਚੌਣਾਂ ਵਿੱਚ ਕਈ ਥਾਵਾਂ ਤੇ ਕਾਂਗਰਸ ਪਾਰਟੀ ਨੂੰ ਇਸ ਵਰਗ ਦੇ ਵੋਟਰਾਂ ਦਾ ਸਾਹਮਣਾ ਕਰਨਾ ਪਿਆ ਹੈ। ਬਹਤੇ ਲੋਕਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਪਣੇ 111 ਦਿਨਾਂ ਦੇ ਕਾਰਜਕਾਲ ਦੌਰਾਨ ਦਲਿਤਾਂ ਲਈ ਕੁੱਝ ਵੀ ਖਾਸ ਨਹੀਂ ਕਰ ਸਕੇ ਹਨ। ਪੰਜਾਬ ਦੇ ਦਲਿਤਾਂ ਦੇ ਕਈ ਸਾਲਾਂ ਤੋਂ ਕੁੱਝ ਵਿਸ਼ੇਸ਼ ਮੁੱਦੇ ਲਟਕੇ ਹੋਏ ਸਨ ਜਿਨ੍ਹਾਂ ਨੂੰ ਲੈਕੇ ਅਕਸਰ ਹੀ ਵਿਚਾਰ ਚਰਚਾ ਅਤੇ ਸੰਘਰਸ਼ ਹੁੰਦਾ ਰਿਹਾ ਹੈ ਅਤੇ ਇਹ ਮਸਲੇ ਅਜੇ ਵੀ ਅਣਸੁਲਝੇ ਪਏ ਹਨ ਜਿਹਨਾਂ ਵਿੱਚ ਸੰਵਿਧਾਨ ਵਿੱਚ ਹੋਈ 85ਵੀਂ ਸੋਧ ਨੂੰ ਲਾਗੂ ਕਰਕੇ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਨੂੰ ਬਣਦਾ ਲਾਭ ਦੇਣਾ, ਪੋਸਟ ਮੈਟਰਿਕ ਸਕਾਲਰਸ਼ਿਪ ਵਿੱਚ ਹੋਏ ਘਪਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਰਨਾ, ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਬੈਕਲਾਗ ਪੂਰਾ ਕਰਨਾ, ਬੇਜਮੀਨੇ ਦਲਿਤਾਂ ਲਈ ਰਹਿਣ ਲਈ ਪਲਾਟ ਦੇਣਾ, ਸ਼ਾਮਲਾਟ ਜ਼ਮੀਨ ਵਿਚੋਂ ਤੀਜਾ ਹਿੱਸਾ ਅਨੁਸੂਚਿਤ ਜਾਤਾਂ ਨੂੰ ਦੇਣਾ, ਦਲਿਤਾਂ ਦੇ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਲਈ ਕੰਮ ਕਰਨਾ ਆਦਿ ਸ਼ਾਮਿਲ ਹਨ । ਅਨੁਸੂਚਿਤ ਜਾਤਾਂ ਦੇ ਕਰਮਚਾਰੀ ਕਈ ਦਿਨ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਇਲਾਕੇ ਵਿੱਚ ਰੋਸ਼ ਧਰਨਾ ਕਰਦੇ ਰਹੇ ਪਰ ਉਨਖ਼ਾਂ ਦੀਆਂ ਮੰਗਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ ਹੈ। ਦਲਿਤ ਅਪਣੇ ਹਿੱਸੇ ਦੀ ਜਮੀਨ ਲਈ ਸੰਗਰੂਰ ਅਤੇ ਹੋਰ ਕਈ ਇਲਾਕਿਆਂ ਵਿੱਚ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰ ਮੁੱਖ ਮੰਤਰੀ ਨੇ ਉਨ੍ਹਖ਼ਾਂ ਦੀ ਸੁਣਵਾਈ ਨਹੀਂ ਕੀਤੀ ਹੈ।



ਕੁਲਦੀਪ ਚੰਦ
91-9417563054

ਪੋਸਟ ਮੈਟਰਿਕ ਸਕਾਲਰਸ਼ਿਪ ਦੇ ਘਪਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਦਲਿਤਾਂ ਨਾਲ ਜੁੜ੍ਹੇ ਧਾਰਮਿਕ ਅਤੇ ਇਤਿਹਾਸਿਕ ਸਥਾਨਾਂ ਵਿੱਚ ਹਸਿਆਰਪੁਰ ਜ਼ਿਲ੍ਹੇ ਵਿੱਚ ਪੈਂਦਾ ਸ਼੍ਰੀ ਗੁਰੂ ਰਵਿਦਾਸ ਨਾਲ ਸਬੰਧਿਤ ਸ਼੍ਰੀ ਖੁਰਾਲਗੜ੍ਹ ਸਾਹਿਬ ਪ੍ਰਮੁੱਖ ਹੈ। ਇਸ ਸਥਾਨ ਦੀ ਮਹੱਤਤਾ ਨੂੰ ਵੇਖਦੇ ਹੋਏ ਹੀ ਅਪ੍ਰੈਲ 2016 ਨੂੰ ਇਸ ਸਥਾਨ ਤੇ ਸਰਕਾਰ ਵਲੋਂ ਮਿਨਾਰ ਏ ਬੇਗਮ ਦਾ ਨਿਰਮਾਣ ਸ਼ੁਰੂ ਕੀਤਾ ਗਿਆ ਪਰ ਪਿਛਲੇ ਕਈ ਸਾਲਾਂ ਤੋਂ ਨਿਰਮਾਣ ਕਾਰਜ ਮੁਕੰਮਲ ਨਹੀਂ ਹੋਇਆ ਹੈ। ਮੁੱਖ ਮੰਤਰੀ ਨੇ ਬੇਸ਼ੱਕ ਜਲੰਧਰ ਵਿੱਚ ਡਾਕਟਰ ਅੰਬੇਡਕਰ ਮਿਊਜਿਅਮ ਬਣਾਉਣ ਦੀ ਘੋਸ਼ਣਾ ਕੀਤੀ ਹੈ ਪਰ ਉਸਦੇ ਅਪਣੇ ਜ਼ਿਲ੍ਹਾ ਰੂਪਨਗਰ ਵਿੱਚ ਬਣੇ ਡਾਕਟਰ ਅੰਬੇਡਕਰ ਭਵਨ ਦੀ ਖਸਤਾ ਹਾਲਤ ਮੁੱਖ ਮੰਤਰੀ ਵਲੋਂ ਦਲਿਤਾਂ ਲਈ ਕੀਤੇ ਗਏ ਵਿਕਾਸ ਕਾਰਜਾਂ ਦੀ ਪੋਲ ਖੋਲਦੀ ਹੈ। ਪੰਜਾਬ ਸਰਕਾਰ ਵਲੋਂ ਬੇਜਮੀਨੇ ਦਲਿਤਾਂ ਨੂੰ ਰਹਿਣ ਲਈ ਪਲਾਟ ਦੇਣ ਸਬੰਧੀ ਸਰਕਾਰ ਵਲੋਂ ਘੋਸ਼ਣਾ ਕੀਤੀ ਗਈ ਪਰ ਬਹੁਤੇ ਪਿੰਡਾਂ ਵਿੱਚ ਪੰਚਾਇਤਾਂ ਦੇ ਮਤਿਆਂ ਦੇ ਬਾਬਜੂਦ ਵੀ ਜਰੂਰਤਮੰਦਾਂ ਨੂੰ ਪਲਾਟ ਨਹੀਂ ਮਿਲ ਸਕੇ ਹਨ। ਪੰਜਾਬ ਅਨੁਸੂਚਿਤ ਜਾਤਿ ਆਯੋਗ ਵਿੱਚ ਚੇਅਰਮੈਨ ਦੀ ਨਿਯੁਕਤੀ ਤੱਕ ਨਹੀਂ ਕੀਤੀ ਗਈ ਹੈ ਅਤੇ ਚੌਣਾਂ ਦੇ ਨੇੜ੍ਹੇ ਜਨਰਲ ਵਰਗ ਆਯੋਗ ਬਣਾਇਆ ਗਿਆ ਹੈ। ਮੋਜੂਦਾ ਸਮੇਂ ਦਲਿਤਾਂ ਦੇ ਨਾਮ ਤੇ ਅਣਗਿਣਤ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਗਠਨ ਚੱਲ ਰਹੇ ਹਨ ਜੋਕਿ ਦਲਿਤਾਂ ਦੇ ਵਿਕਾਸ ਲਈ ਕੰਮ ਕਰਨ ਦੇ ਦਾਅਵੇ ਕਰਦੇ ਹਨ। ਇਸ ਸਭ ਨੂੰ ਵੇਖਕੇ ਲੱਗਦਾ ਹੈ ਕਿ ਦਲਿਤ ਹੁਣ ਵਿਕਸਿਤ ਹੋ ਚੁੱਕੇ ਹਨ ਅਤੇ ਦਲਿਤਾਂ ਨਾਲ ਹੋਣ ਵਾਲੇ ਅਤਿੱਆਚਾਰ ਇਤਿਹਾਸ ਦੀਆਂ ਘਟਨਾਵਾਂ ਹੀ ਹਨ ਪਰ ਇਹ ਸਭ ਸਚਾਈ ਨਹੀਂ ਹੈ। ਹਕੀਕਤ ਇਹ ਹੈ ਕਿ ਅੱਜ ਵੀ ਦਲਿਤਾਂ ਨਾਲ ਪੱਖਪਾਤ ਹੋ ਰਿਹਾ ਹੈ ਅਤੇ ਅਤਿੱਆਚਾਰ ਦੀਆਂ ਘਟਨਾਵਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਇੱਕ ਪਾਸੇ ਗੈਰ ਦਲਿਤ ਵਰਗ ਦਲਿਤਾਂ ਨੂੰ ਮਿਲੇ ਸੰਵਿਧਾਨਿਕ ਹੱਕਾਂ ਅਤੇ ਸਹੂਲਤਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਇਨ੍ਹਾਂ ਹੱਕਾਂ ਅਤੇ ਸਹੂਲਤਾਂ ਨੂੰ ਖਤਮ ਕਰਨ ਲਈ ਅੰਦੋਲਨ ਕਰ ਰਿਹਾ ਹੈ ਦੂਜੇ ਪਾਸੇ ਦਲਿਤ ਵਰਗ ਦੇ ਬਹੁਤੇ ਆਗੂ ਅਤੇ ਬੁੱਧੀਜੀਵੀ ਅਪਣੇ ਨਿੱਜੀ ਮਤਲਬਾਂ ਲਈ ਸਮਾਜ ਨੂੰ ਦਿਸ਼ਾਹੀਣ ਕਰ ਰਹੇ ਹਨ। ਅਜਾਦੀ ਤੋਂ ਬਾਦ ਪਿਛਲੇ ਕੁੱਝ ਸਾਲਾਂ ਦੌਰਾਨ ਹੀ ਦੇਸ਼ ਦੇ ਦਲਿਤਾਂ ਵਲੋਂ ਅਤਿੱਆਚਾਰਾਂ ਦੀਆਂ ਵਾਪਰੀਆਂ ਕੁੱਝ ਵੱਡੀਆਂ ਘਟਨਾਵਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕੀਤੇ ਗਏ ਹਨ ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਅਤਿੱਆਚਾਰ ਨਿਰੋਧਕ ਐਕਟ 1989 ਵਿੱਚ ਸੋਧ ਸਬੰਧੀ ਆਏ ਇੱਕ ਫੈਸਲੇ ਦੇ ਵਿਰੋਧ ਵਿੱਚ ਹੋਇਆ 02 ਅਪ੍ਰੈਲ 2018 ਦਾ ਭਾਰਤ ਬੰਦ, ਦਿੱਲੀ ਵਿੱਚ ਤੁਗਲਕਾਬਾਦ ਸਥਿਤ ਸ਼੍ਰੀ ਗੁਰੂ ਰਵਿਦਾਸ ਮੰਦਿਰ ਢਾਹੁਣ ਦੇ ਵਿਰੋਧ ਵਿੱਚ ਹੋਇਆ ਰੋਸ ਪ੍ਰਦਰਸ਼ਨ, ਰੋਹਿਤ ਵੇਮੁਲਾ ਹੱਤਿਆਕਾਂਡ, ਉਨਾ ਕਾਂਡ, ਮਿਰਚਾਪੁਰ ਘਟਨਾ, ਪੰਜਾਬ ਦੇ ਮੋਗਾ ਸੰਗਰੂਰ ਅਬੋਹਰ ਕਾਂਡ, ਬਦਾਂਉ ਅਤੇ ਹਾਥਰਸ ਵਰਗੀਆਂ ਘਟਨਾਵਾਂ ਸਬੰਧੀ ਰੋਸ ਪ੍ਰਦਰਸ਼ਨ ਆਦਿ ਸ਼ਾਮਿਲ ਹਨ। ਪੰਜਾਬ ਸਮੇਤ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਦਲਿਤਾਂ ਤੇ ਵੱਧ ਰਹੀਆਂ ਅਤਿੱਆਚਾਰ ਦੀਆਂ ਘਟਨਾਵਾਂ ਸਾਡੇ ਸਮਾਜ ਦੇ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਦੀ ਕਾਰਗੁਜਾਰੀ ਅਤੇ ਭੂਮਿਕਾ ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਰਹੀਆਂ ਹਨ। ਅਜਿਹੀਆਂ ਗੈਰ ਮਨੁੱਖੀ ਅਤਿੱਆਚਾਰ ਦੀਆਂ ਘਟਨਾਵਾਂ ਲਈ ਜਿੱਥੇ ਵੱਖ ਵੱਖ ਸਰਕਾਰਾਂ ਜਿੰਮੇਵਾਰ ਹਨ ਉੱਥੇ ਹੀ ਦਲਿਤ ਸਮਾਜ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂ ਵੱਧ ਜਿੰਮੇਵਾਰ ਹਨ। ਇਸੇ ਤਰਾਂ ਦੇ ਬੁੱਧੀਜਿਵੀ ਵਰਗ ਅਤੇ ਅਖੌਤੀ ਆਗੂਆਂ ਬਾਰੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਸਾਫ ਕਿਹਾ ਸੀ ਕਿ ਉਸਨੂੰ ਪੜ੍ਹੇ ਲਿਖੇ ਸਮਾਜ ਨੇ ਧੋਖਾ ਦਿਤਾ ਹੈ। ਬਸਪਾ ਆਗੂ ਸਾਹਿਬ ਕਾਂਸ਼ੀ ਰਾਮ ਨੇ ਵੀ ਇਨ੍ਹਾਂ ਨੂੰ ਚਮਚਿਆਂ ਦਾ ਨਾਮ ਦਿਤਾ ਹੈ। ਹੁਣ ਵੀ ਕਈ ਆਗੂ ਵੱਖ-ਵੱਖ ਸਮਾਜਿਕ ਅਤੇ ਰਾਜਨੀਤਿਕ ਸੰਗਠਨਾਂ ਵਿੱਚ ਕੰਮ ਕਰ ਰਹੇ ਹਨ ਅਤੇ ਦਲਿਤ ਮੁੱਦਿਆਂ ਤੇ ਪਹਿਰਾ ਦੇਣ ਦੀ ਬਜਾਏ ਦਲਿਤ ਵਿਰੋਧੀ ਲੋਕਾਂ ਕੋਲ ਗਿਰਵੀ ਰੱਖ ਰਹੇ ਹਨ।

ਅਖੌਤੀ ਬੁੱਧੀਜਿਵੀ ਅਤੇ ਆਗੂ ਦਲਿਤ ਰਹਿਵਰਾਂ ਦੇ ਵਿਚਾਰਾਂ ਤੇ ਪਹਿਰਾ ਦੇਣ ਦੀ ਬਜਾਏ ਬੁੱਤ ਬਣਾਕੇ ਅਪਣੀਆਂ ਰਾਜਨੀਤਿਕ ਰੋਟੀਆਂ ਸੇਕ ਰਹੇ ਹਨ। ਹੁਣ ਇੱਕ ਪਾਸੇ ਮਨੂੰਵਾਦੀ ਸੋਚ ਵਾਲੇ ਕੱਟੜ ਲੋਕ ਦਲਿਤਾਂ ਦੀ ਤਰੱਕੀ ਵਿੱਚ ਰੋੜ੍ਹਾ ਬਣ ਰਹੇ ਹਨ ਅਤੇ ਵੱਖ ਵੱਖ ਸਮਾਜਿਕ ਰਾਜਨੀਤਿਕ ਸੰਗਠਨਾਂ ਦੁਆਰਾ ਦਲਿਤ ਵਿਰੋਧੀ ਅੰਦੋਲਨ ਚਲਾ ਰਹੇ ਹਨ ਦੂਜੇ ਪਾਸੇ ਅਖੌਤੀ ਦਲਿਤ ਆਗੂ ਅਤੇ ਬੁੱਧੀਜਿਵੀ ਦਲਿਤਾਂ ਨੂੰ ਭਟਕਾਉਣ ਦਾ ਕੰਮ ਕਰ ਰਹੇ ਹਨ। ਜੇਕਰ ਅਜਿਹੇ ਅਖੌਤੀ ਦਲਿਤ ਆਗੂਆਂ ਅਤੇ ਬੁੱਧੀਜਿਵੀਆਂ ਨੇ ਹੁਣ ਵੀ ਸਮਾਜ ਨੂੰ ਸਹੀ ਦਿਸ਼ਾ ਨਾਂ ਦਿਖਾਈ ਅਤੇ ਰਹਿਵਰਾਂ ਦੇ ਅੰਦੋਲਨ ਲਈ ਕੰਮ ਨਾਂ ਕੀਤਾ ਤਾਂ ਯੁਵਾ ਵਰਗ ਅਜਿਹੇ ਚਮਚਾਗਿਰੀ ਵਾਲੇ ਆਗੂਆਂ ਦੇ ਅਸਲੀ ਚਿਹਰੇ ਸਮਾਜ ਸਾਹਮਣੇ ਨੰਗੇ ਕਰ ਦੇਵੇਗਾ ਅਤੇ ਸਮਾਜ ਦੀ ਬਿਹਤਰੀ ਅਤੇ ਵਿਕਾਸ ਲਈ ਅਪਣੇ ਨਵੇਂ ਆਗੂਆਂ ਨੂੰ ਤਿਆਰ ਕਰੇਗਾ।

## ਜ਼ੇਲੇਂਸਕੀ ਦੇ ਦਾਦਾ ਨੇ ਹਿਟਲਰ ਦੀ ਫੌਜ ਦੇ ਨੱਕ 'ਚ ਦਮ ਕਰ ਦਿੱਤਾ ਸੀ !

ਰੂਸ ਦੇ ਤਾਬੜਤੋੜ ਹਮਲਿਆਂ ਦੇ ਵਿਚਕਾਰ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਕਦੇ ਫੌਜ ਦੀ ਵਰਦੀ ਪਾ ਕੇ ਫਾਈਟਰਜ਼ ਦਾ ਮਨੋਬਲ ਉੱਚਾ ਕਰਦੇ ਨਜ਼ਰ ਆਉਂਦੇ ਹਨ ਤਾਂ ਕਦੇ ਟੀਵੀ ਸਕਰੀਨ 'ਤੇ ਰੂਸ ਨੂੰ ਚੁਣੌਤੀ ਦਿੰਦੇ ਨਜ਼ਰ ਆਉਂਦੇ ਹਨ। ਰੂਸ ਨੂੰ ਸਖ਼ਤੀ ਟੱਕਰ ਦੇ ਰਹੇ ਜ਼ੇਲੇਂਸਕੀ ਆਪਣੇ ਦੇਸ਼ 'ਚ ਹੀ ਨਹੀਂ, ਬਲਕਿ ਪੂਰੀ ਦੁਨੀਆ ਦੀ ਨਜ਼ਰਾਂ 'ਚ ਹੀਰੋ ਬਣ ਚੁੱਕੇ ਹਨ। ਰਾਸ਼ਟਰਪਤੀ ਜ਼ੇਲੇਂਸਕੀ ਦੇ ਦਾਦਾ ਸਾਈਮਨ ਇਵਾਨੋਵਿਚ ਕਦੇ ਰੂਸੀ ਲਾਲ ਫੌਜ ਦੇ ਲੈਫਟੀਨੈਂਟ ਸਨ। ਜ਼ੇਲੇਂਸਕੀਦੇ ਦਾਦਾ ਸਾਈਮਨ ਨੇ ਦੂਜੇ ਵਿਸ਼ਵ ਯੁੱਧ ਵਿੱਚ ਹਿਟਲਰ ਦੀ ਨਾਜ਼ੀ ਫੌਜ ਦੇ ਛੱਕੇ ਛੁਡਾਏ ਸਨ। ਅੱਜ ਉਨ੍ਹਾਂ ਦਾ ਪੋਤਾ ਜ਼ੇਲੇਂਸਕੀ ਰੂਸੀ ਰਾਸ਼ਟਰਪਤੀ ਪੁਤਿਨ ਦਾ ਦੁਸ਼ਮਣ ਬਣਿਆ ਹੋਇਆ ਹੈ। ਕਿਵੇਂ ਇਹ ਜਜ਼ਬਾ ਅਤੇ ਜਨੂੰਨ ਜ਼ੇਲੇਂਸਕੀ ਦੀਆਂ ਰਗਾਂ ਵਿੱਚ ਫੌਲਾਦ ਬਣ ਕੇ ਦੌੜ ਰਿਹਾ ਹੈ ਇਹ ਇੱਕ ਬਹੁਤ ਹੀ ਦਿਲਚਸਪ ਕਹਾਣੀ ਹੈ। ਜ਼ੇਲੇਂਸਕੀ ਨੂੰ ਇਹ ਜਨੂੰਨ ਅਤੇ ਹਿੰਮਤ ਆਪਣੇ ਦਾਦਾ ਸਾਈਮਨ ਤੋਂ ਮਿਲੀ।ਇਸੇ ਰੂਸ ਨੇ ਜ਼ੇਲੇਂਸਕੀ ਦੇ ਦਾਦਾ ਸਾਈਮਨ ਦੀ ਬਹਾਦਰੀ ਦਾ ਸਨਮਾਨ ਕਰਦੇ ਹੋਏ ਉਸ ਨੂੰ ਮੈਦਾਨ-ਏ-ਜੰਗ ਵਿਚ ਤਰੱਕੀ ਦੇ ਕੇ ਗਾਰਡ ਤੋਂ ਸਿੱਧਾ ਲੈਫਟੀਨੈਂਟ ਬਣਾ ਦਿੱਤਾ। ਸਾਈਮਨ ਨੇ ਉਸ ਯੁੱਗ ਦੀ ਸਭ ਤੋਂ ਸ਼ਕਤੀਸ਼ਾਲੀ ਜਰਮਨ ਫੌਜ ਦੇ ਵਿਰੁੱਧ 18 ਦਿਨਾਂ ਤੱਕ ਬਹਾਦਰੀ ਨਾਲ ਲੜਾਈ ਕੀਤੀ ਸੀ। ਇਹੀ ਕਾਰਨ ਹੈ ਕਿ ਯੂਕਰੇਨ ਦੇ ਵਾਰ ਮੈਮੋਰੀਅਲ ਵਿਚ ਉਸ ਦਾ ਨਾਂ ਰੈਡ ਆਰਮੀ ਦੇ ਨਾਇਕ ਵਜੋਂ ਸੁਨਹਿਰੀ ਅੱਖਰਾਂ ਵਿਚ ਅੱਜ ਵੀ ਦਰਜ ਹੈ। ਇਸੇ ਹਿੰਮਤ ਦਾ ਸਬੂਤ ਦਿੰਦੇ ਹੋਏ ਸਾਈਮਨ ਦੇ ਪੋਤੇ ਵੋਲੋਦੀਮੀਰ ਜ਼ੇਲੇਂਸਕੀ ਨੇ ਅਮਰੀਕਾ ਦੀ ਉਸ ਪੇਸ਼ਕਸ਼ ਨੂੰ ਠੁਕਰਾ ਦਿੱਤਾ, ਜਿਸ ਵਿਚ ਉਸ ਨੂੰ ਯੂਕਰੇਨ ਤੋਂ ਕਿਸੇ ਹੋਰ ਦੇਸ਼ ਵਿਚ ਤਬਦੀਲ ਕਰਨ ਦਾ ਮਾਮਲਾ ਵੀ ਸ਼ਾਮਲ ਸੀ।

# ਭਗਵਾਨ ਵਾਲਮੀਕ ਟੈਂਪਲ ਦਾ 9ਵਾਂ ਸਥਾਪਨਾ ਦਿਵਸ ਮਨਾਇਆ

**ਯੂਬਾ ਸਿਟੀ–** ਬੀਤੀ 6 ਮਾਰਚ 2022 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਹਾਂਰਿਸ਼ੀ ਵਾਲਮੀਕ ਟੈਂਪਲ 84/96 ਪਰਸੀ ਐਵਨਿਊ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਟੈਂਪਲ ਦਾ 9ਵਾਂ ਸਥਾਪਨਾ ਦਿਵਸ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਜਗਜੀਤ ਸਿੰਘ ਗਿੱਲ (ਰਾਣਾ) ਵੱਲੋਂ ਸਮੂਹ ਸੰਗਤਾਂ ਨੂੰ ਜੀ ਆਇਆਂ ਕਹਿੰਦਿਆਂ, ਸੰਗਤਾਂ ਨੂੰ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਉਪਰੰਤ ਕਥਾਵਾਚਕ ਗਿਆਨੀ ਗੁਰਦੇਵ ਸਿੰਘ ਜੀ ਵੱਲੋਂ ਭਗਵਾਨ ਵਾਲਮੀਕ ਜੀ ਦੀ ਕਥਾ ਸੰਗਤਾਂ ਨੂੰ ਸਰਵਣ ਕਰਵਾਈ। ਗਿਆਨੀ ਹਰਵਿੰਦਰ ਸਿੰਘ ਜੀ ਵੱਲੋਂ ਕੀਰਤਨ ਕੀਤਾ ਗਿਆ। ਪਰਦੀਪ ਗਿੱਲ ਵੱਲੋਂ ਵੀ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਦਾਨੀ ਸੱਜਣਾਂ ਦੀ ਸੂਚੀ ਵੀ ਸਾਂਝੀ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਸ੍ਰੀ ਯੋਗ ਵਸ਼ਿਸਟ ਸਾਹਿਬ ਜੀ ਦੇ ਪਾਠ ਦੇ ਭੋਗ ਤੇ ਅਰਦਾਸ ਤੇ ਆਰਤੀ ਨਾਲ ਕੀਤੀ ਗਈ। ਉਪਰੰਤ ਸਾਡੇ ਬਹੁਤ ਹੀ ਸੁਰੀਲੇ ਕਲਾਕਾਰਾਂ ਅਮਰਜੀਤ ਸਿੰਘ ਲਾਲੀ, ਭੁਪਿੰਦਰ ਭਿੰਦਾ, ਸਿਮਰਨ ਭਗਾਣੀਆਂ, ਬਲਵੀਰ ਧਾਰੀਵਾਲ, ਰੋਹਤਾਸ਼ ਭਗਾਣੀਆਂ, ਨਵੀ ਮਹੇ ਵੱਲੋਂ ਸੰਗਤਾਂ ਨੂੰ ਭਗਵਾਨ ਵਾਲਮੀਕ ਜੀ ਦੀ ਉਪਮਾ 'ਚ ਸ਼ਬਦ ਸੁਣਾਏ, ਜਿਹਨਾਂ ਦੇ ਨਾਲ ਮਿਊਜ਼ਿਕ ਤੇ ਅਸ਼ੋਕ ਕੁਮਾਰ ਸੋਨੂੰ, ਅੰਮ੍ਰਿਤ ਪਾਲ ਅਤੇ ਨਵੀ ਮਹੇ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਪ੍ਰੋਗਰਾਮ ਦੌਰਾਨ ਸਾਰਾ ਦਿਨ ਗੁਰੂ ਕੇ ਲੰਗਰਾਂ ਦੀ ਅਤੁੱਟ ਸੇਵਾ ਚਲਦੀ ਰਹੀ। ਅੱਜ ਦੇ ਲੰਗਰਾਂ ਦੀ ਸੇਵਾ ਵਿਨੋਦ ਗਿੱਲ ਤੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਅੱਜ ਦੇ ਸਾਰੇ ਪ੍ਰੋਗਰਾਮ ਨੂੰ ਲੜੀਬੱਧ ਕਰਨ ਲਈ ਸਟੇਜ ਸਕੱਤਰ ਦੀ ਭੂਮਿਕਾ ਹਰ ਵਾਰ ਦੀ ਤਰ੍ਹਾਂ ਸੰਤੋਖ ਸਿੰਘ ਗਿੱਲ ਵੱਲੋਂ ਬਾਖੂਬੀ ਨਿਭਾਈ ਗਈ। ਲੰਗਰ ਬਣਾਉਣ ਦੀ ਸੇਵਾ ਸਮੂਹ ਸੰਗਤਾਂ ਵੱਲੋਂ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਕੀਤੀ ਗਈ।
















# ਭਗਵਾਨ ਵਾਲਮੀਕ ਟੈਂਪਲ ਦਾ 9ਵਾਂ ਸਥਾਪਨਾ ਦਿਵਸ ਮਨਾਇਆ













'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# ਐੱਸਸੀ.ਬੀਸੀ. ਇੰਪਲਾਈਜ਼ ਫੈੱਡਰੇਸ਼ਨ ਵਲੋਂ ਜ਼ਿਲ੍ਹਾ ਪੱਧਰੀ ਮੀਟਿੰਗ

## ਬਲਾਕਾਂ ਨੂੰ ਤਾਕਤਵਰ ਬਣਾਉਣ ਹੇਤੂ ਮੀਟਿੰਗਾਂ ਦਾ ਐਲਾਨ





ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੇ ਸੂਬਾ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਡਾ. ਜਸਵੰਤ ਰਾਏ ਦੀ ਅਗਵਾਈ ਹੇਠ ਫੈਡਰੇਸ਼ਨ ਦੀ ਜ਼ਿਲ੍ਹਾ ਇਕਾਈ ਦੀ ਮੀਟਿੰਗ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲਪੁਰ ਜ਼ਿਲ੍ਹਾ ਹਸ਼ਿਆਰਪੁਰ ਵਿੱਚ ਹੋਈ।ਮੀਟਿੰਗ ਵਿੱਚ ਸੂਬਾ ਵਾਇਸ ਚੇਅਰਮੈਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਪਹੁੰਚੇ।ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਲੈਕ. ਬਲਦੇਵ ਸਿੰਘ ਧੁੱਗਾ, ਲੈਕ. ਬਲਜੀਤ ਸਿੰਘ, ਯੋਧਾ ਮੱਲ, ਜਰਨੈਲ ਸਿੰਘ ਸੀਕਰੀ, ਸਾਬਕਾ ਡੀ.ਈ.ਓ. ਸ. ਦਰਸ਼ਨ ਸਿੰਘ ਹੁਰਾਂ ਨੇ ਕਿਹਾ ਕਿ ਇਲੈਕਸ਼ਨਾਂ ਤੋਂ ਬਾਅਦ ਪੰਜਾਬ ਨੂੰ ਨਵੀਂ ਸਰਕਾਰ ਮਿਲਣ ਦੇ ਕੁਝ ਕੁ ਦਿਨ ਹੀ ਬਾਕੀ ਹਨ। ਸਰਕਾਰ ਭਾਵੇਂ ਜਿਸ ਮਰਜੀ ਪਾਰਟੀ ਦੀ ਬਣ ਜਾਵੇ ਸਾਨੂੰ ਆਪਣੇ ਹੱਕ ਸੰਘਰਸ਼ ਨਾਲ਼ ਹੀ ਮਿਲਣੇ ਹਨ।ਇਹ ਗੱਲ ਸਾਨੂੰ ਸਾਡੇ ਵਿਰਸੇ ਅਤੇ ਰਹਿਬਰਾਂ ਸ਼੍ਰੀ ਗੁਰੂ ਰਵਿਦਾਸ ਜੀ ਅਤੇ ਬਾਬਾ ਸਾਹਿਬ ਦੀ ਵਿਚਾਰਧਾਰਾ ਤੋਂ ਮਿਲੀ ਹੈ।ਸਾਡੀ ਫੈਡਰੇਸ਼ਨ ਦਾ ਇਤਿਹਾਸ ਪਹਿਲਾਂ ਹੀ ਸੰਘਰਸ਼ ਦੀ ਟੇਕ ਤੇ ਟਿਕਿਆ ਹੋਇਆ ਹੈ।ਇਸ ਕਰਕੇ ਫੈਡਰੇਸ਼ਨ ਆਪਣੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਮੈਦਾਨ ਵਿੱਚ ਡਟੀ ਰਹੇਗੀ। ਹੁਣ ਤੱਕ ਬਣੀਆਂ ਸਰਕਾਰਾਂ ਨੇ ਸਿਰਫ਼ ਲਾਰੇ ਲੱਪੇ ਵਿੱਚ ਹੀ ਸਮਾਂ ਪਾਸ ਕੀਤਾ ਹੈ।ਆਉਣ ਵਾਲੇ ਸਮੇਂ ਵਿੱਚ ਹੁਣ ਇਨ੍ਹਾਂ ਨੂੰ ਅਮਲੀ ਰੂਪ ਅਖਤਿਆਰ ਕਰਨਾ ਹੀ ਪਵੇਗਾ।


ਫੈਡਰੇਸ਼ਨ ਦੀ ਅਸਲੀ ਨੀਂਹ ਬਲਾਕ ਇਕਾਈਆਂ ਹਨ।ਬਲਾਕਾਂ ਨੂੰ ਮਜਬੂਤ ਕਰਨ ਵਾਸਤੇ ਇਸ ਲਈ ਲੜੀਵਾਰ ਮੀਟਿੰਗਾਂ ਦਾ ਸਿਲਸਲਾ ਸ਼ੁਰੂ ਕੀਤਾ ਗਿਆ ਹੈ।ਦਸੂਹਾ ਬਲਾਕ 1 ਅਤੇ 2 ਦੀ ਮੀਟੰਗ 11 ਮਾਰਚ, ਟਾਂਡਾ ਬਲਾਕ 1 ਅਤੇ 2 ਦੀ ਮੀਟਿੰਗ 16 ਮਾਰਚ, ਹੁਸ਼ਿਆਰਪੁਰ 2-ਏ ਅਤੇ 2-ਬੀ ਦੀ ਮੀਟਿੰਗ 19 ਮਾਰਚ, ਹੁਸ਼ਿਆਰਪੁਰ ਬਲਾਕ 1-ਏ ਅਤੇ 1-ਬੀ ਦੀ ਮੀਟਿੰਗ 22 ਮਾਰਚ, ਭੂੰਗਾ ਬਲਾਕ 1 ਅਤੇ 2 ਦੀ ਮੀਟੰਗ 26 ਮਾਰਚ, ਬੁਲ੍ਹੋਵਾਲ 28 ਮਾਰਚ, ਮੁਕੇਰੀਆਂ ਬਲਾਕ 1 ਅਤੇ 2 ਦੀ ਮੀਟੰਗ 29 ਮਾਰਚ, ਤਲਵਾੜਾ 30 ਮਾਰਚ, ਮਾਹਿਲਪੁਰ ਬਲਾਕ 1 ਅਤੇ 2 ਦੀ ਮੀਟਿੰਗ 2 ਅਪ੍ਰੈਲ, ਕਮਾਹੀਦੇਵੀ ਅਤੇ ਹਾਜੀਪੁਰ 2 ਅਪ੍ਰੈਲ, ਕੋਟਫਤੂਹੀ 4 ਅਪ੍ਰੈਲ ਅਤੇ ਗੜ੍ਹਸ਼ੰਕਰ ਦੇ ਬਲਾਕਾਂ ਦੀ ਮੀਟਿੰਗ 9 ਅਪ੍ਰੈਲ ਨੂੰ ਕੀਤੀ ਜਾਵੇਗੀ।ਜ਼ਿਲ੍ਹੇ ਦੀ ਸੀਨੀਅਰ ਲੀਡਰਸ਼ਿਪ ਦੀ ਦੇਖ ਰੇਖ ਹੇਠ ਇਨ੍ਹਾਂ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ।


ਇਸ ਮੀਟਿੰਗ ਵਿੱਚ ਲੈਕ. ਪ੍ਰਭਜੋਤ ਸਿੰਘ, ਸੁਰਿੰਦਰ ਕੁਮਾਰ, ਜਗਦੀਪ ਸਿੰਘ, ਰਿੰਕੂ ਭਾਟੀਆ, ਕੁਲਵੰਤ ਸਿੰਘ, ਸਰਬਜੀਤ ਸਿੰਘ, ਜਸਵੀਰ ਸਿੰਘ, ਜਸੰਦਿਰ ਸਿੰਘ, ਸੰਦੀਪ ਕੁਮਾਰ, ਪ੍ਰਿਤਪਾਲ ਸਿੰਘ, ਜੁਗਵੀਰ ਸਿੰਘ, ਹਰਿੰਦਰ ਸਿੰਘ, ਸੁਰੇਸ਼ ਕੁਮਾਰ ਅਤੇ ਰਜਵੰਤ ਕੌਰ ਹਾਜ਼ਰ ਸਨ।ਪ੍ਰੋਗ੍ਰਾਮ ਦੌਰਾਨ ਸਟੇਜ ਦੀ ਕਾਰਵਾਈ ਲੈਕ ਬਲਜੀਤ ਸਿੰਘ ਨੇ ਬਾਖੂਬੀ ਨਿਭਾਈ।

**ਰਿਪੋਰਟ: ਲੈਕ ਅਮਰਜੀਤ ਸਿੰਘ**
**(91-94172-52049)**




Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html






My Struggle in Life:
Das Pawar, Ishwar: 9781682131558:
Amazon.com: Book

# ਦੇਸੀ ਬੋਲੀਆਂ ਅਤੇ ਬੇਦ

ਨਾਜਰ ਸਿੰਘ
91-94641-58136

ਮਗਧ ਦਾ ਰਾਜ ਕੁਮਾਰ ਅਤੇ ਨੇਪਾਲ ਦਾ ਰਾਜ ਕੁਮਾਰ ਮਹਾਂਵੀਰ ਅਤੇ ਸਿਦਾਰਥ ਹੋ ਚੁੱਕੇ ਹਨ। ਇਹਨਾਂ ਨੇ ਆਪਣੇ ਧਰਮ ਚਲਾਏ। ਮਹਾਂਵੀਰ ਨੂੰ ਭਗਵਾਨ ਜਾਂ ਅਰਿਹੰਤ ਕਹਿੰਦੇ ਹਨ। ਇਨ੍ਹਾਂ ਦਾ ਸਿਧਾਂਤ ਸਿਆਦਵਾਦ ਅਤੇ ਬੋਲੀ ਅਰਧ ਮਾਗਧੀ ਸੀ, ਜਿਸ ਨੂੰ ਜੈਨ ਧਰਮ ਦੇ ਪ੍ਰਚਾਰ ਦਾ ਮਾਧਿਅਮ ਬਣਾਇਆ। ਉਨ੍ਹਾਂ ਨੇ ਆਪਣੇ ਮੱਤ ਦਾ ਪ੍ਰਚਾਰ ਆਰੀਆ ਅਤੇ ਅਨਾਰੀਆ ਲੋਕਾਂ ਦੇ ਬਿਨਾ ਭੇਦ ਭਾਵ ਤੋਂ ਕਰਨਾ ਸ਼ੁਰੂ ਕੀਤਾ, ਜਿਸ ਕਰਕੇ ਕਾਫੀ ਲੋਕ ਇਸ ਧਰਮ ਵਿੱਚ ਸ਼ਾਮਿਲ ਹੋ ਗਏ। ਜੈਨੀ ਅਰਿਹੰਤ ਤੋਂ ਪਹਿਲਾ 23 ਤੀਰਥੰਕਰ ਹੋਏ ਹਨ। ਇੰਝ ਇਹ ਧਰਮ ਸਿਦਾਰਥ ਬੁੱਧ ਤੋਂ ਪਹਿਲਾ ਹੀ ਪ੍ਰਸਿੱਧ ਹੋ ਚੁੱਕਾ ਸੀ।ਪਰ ਇਸ ਧਰਮ ਦਾ ਪ੍ਰਚਾਰ ਵਪਾਰੀ ਵਰਗ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਹ ਹੁਣ ਆਪਣੀ ਲਿੱਪੀ ਵੀ ਭੁੱਲ ਚੁੱਕੇ ਹਨ ਅਤੇ ਇਨ੍ਹਾਂ ਦੀਆ ਰੀਤਾਂ ਵੀ ਸਨਾਤਨੀ ਹਿੰਦੂਆ ਦੇ ਨੇੜੇ ਹਨ। ਨਾਗਰੀ ਲਿੱਪੀ ਨੂੰ ਬਾਂਬੀ ਲਿੱਪੀ ਮੰਨ ਕੇ ਜੈਨੀਆ ਨੇ ਆਪਣਾ ਸਾਹਿਤ ਨਾਗਰੀ ਲਿੱਪੀ ਵਿੱਚ ਛਪਵਾਉਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦੇ ਧਾਰਮਿਕ ਆਗੂ ਪੰਜਾਬ ਵਿੱਚ ਹਿੰਦੀ ਵਿੱਚ ਪ੍ਰਚਾਰ ਕਰਦੇ ਹਨ। ਜਦ ਕਿ ਗੁਜਰਾਤ ਵਿੱਚ ਜੈਨੀ ਆਪਣਾ ਧਾਰਮਿਕ ਪ੍ਰਚਾਰ ਗੁਜਰਾਤੀ ਲਿੱਪੀ ਅਤੇ ਬੋਲੀ ਵਿੱਚ ਕਰਦੇ ਹਨ। ਗੁਜਰਾਤ ਦੇ ਪਾਰਸੀਆ ਨੇ ਵੀ ਆਪਣੀ ਗੁਜਰਾਤੀ ਬੋਲੀਅਤੇ ਲਿੱਪੀ ਨੂੰ ਮੰਨ ਲਿਆ। 2011 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਜੈਨੀ 0.16 % ਅਤੇ ਬੋਧੀ 0.12 % ਹਨ। (2011 ਦੇ ਅੰਕੜਿਆਂ ਅਨੁਸਾਰ ਜਦਕਿ ਇੰਡੀਆ ਵਿੱਚ ਜੈਨੀ 0.36 % ਅਤੇ ਬੋਧੀ 0.7 % ਹਨ) ਪੰਜਾਬ ਦੇ ਬੋਧੀਆ ਨੇ ਜੈਨੀਆਂ ਵਾਂਗ ਹੀ ਨਾਗਰੀ ਲਿੱਪੀ ਨੂੰ ਮੰਨ ਕਰ ਲਿਆ। ਇਹ ਪੰਜਾਬ ਦੇ ਸ਼ੂਦਰ ਵਰਗ ਵਿੱਚੋਂ ਹੀ ਹਨ।

ਬੋਧੀਆਂ ਦੀ ਪਛਾਣ ਹਿੰਦੂ ਧਰਮ ਦੇ ਕਾਫੀ ਨੇੜੇ ਹੈ। ਪੰਜਾਬ ਦੇ ਬੋਧੀਆ ਦਾ ਧਰਮ ਸਿੱਖ ਹੀ ਹੈ। ਇਹ ਬੀ.ਆਰ. ਅੰਬੇਦਕਾਰ ਨੂੰ ਆਪਣਾ ਰਾਹ ਦਿਖਾਵਾ ਮੰਨਦੇ ਹੋਣ ਕਰਕੇ ਆਪਣੇ ਪਿਛੋਕੜ ਨੂੰ ਛੱਡ ਚੁੱਕੇ ਹਨ।

ਬੋਧੀਆ ਅਤੇ ਜੈਨੀਆ ਨੇ ਬ੍ਰਾਹਮਣਵਾਦ ਅਤੇ ਸੰਸਕ੍ਰਿਤਵਾਦੀਆ ਨਾਲ ਕਾਫੀ ਟੱਕਰ ਲਈ ਅਤੇ ਇੰਡੀਅਨ ਸੱਬ-ਕੰਟੀਨੈਂਟ ਵਿੱਚ ਕਾਫੀ ਉਤਰਾਅ ਅਤੇ ਚੜ੍ਹਾਅ ਆਇਆ, ਜਿਨ੍ਹਾਂ ਕਰਕੇ ਇਨ੍ਹਾਂ ਨੂੰ ਆਪਣੀਆ ਬੋਲੀਆ ਅਤੇ ਸਿਧਾਂਤਾ ਨਾਲ ਸਮਝੌਤਾ ਕਰਨਾ ਪਿਆ। ਇਸ ਤਰ੍ਹਾਂ ਇਨ੍ਹਾਂ ਨੂੰ ਆਪਣੀ ਮਾਗਧੀ ਅਤੇ ਅਰਧ ਮਾਗਧੀ ਬੋਲੀ ਛੱਡਣੀ ਪਈ ਅਤੇ ਆਪਣੀ ਲਿੱਪੀ ਨੂੰ ਵੀ ਭੁੱਲ ਗਏ ਹਨ। ਜਦ ਬੋਧੀ ਤਾਕਤ ਵਿੱਚ ਸਨ ਤਾਂ ਇਨ੍ਹਾਂ ਨੇ ਵੀ ਲੋਕ ਬੋਲੀਆਂ ਨੂੰ ਉੱਠਣ ਨਹੀ ਦਿੱਤਾ। ਇਸ ਦਾ ਸਿੱਟਾ ਇਹ ਹੋਇਆ ਕਿ ਲੋਕਾਂ ਨੇ ਆਪਣੇ ਭਾਵ ਅਖਾਣਾਂ ਅਤੇ ਮੁਹਾਵਾਰਿਆਂ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ।

ਉਪਰੋਕਤ ਧਰਮਾਂ ਦਾ ਕਾਰਜ ਖੇਤਰ ਮਗਧ ਰਿਹਾ ਹੈ। ਬੋਧੀਆ ਨੇ ਅਸ਼ੋਕ ਵੇਲ਼ੇਮਾਗਧੀ ਬੋਲੀ ਨੂੰ ਸਰਕਾਰੀ ਬੋਲੀ ਬਣਾਇਆ। ਬੋਧੀਆ ਦੇ ਰਾਜ ਵੇਲ਼ੇ ਇਹ ਬੋਲੀ ਕਾਫੀ ਦੂਰ-ਦੂਰ ਤੱਕ ਫੈਲ਼ੀ, ਕਿਉਂਕਿ ਅਸ਼ੋਕ ਦੇ ਰਾਜ ਦਾ ਕਾਫੀ ਵਿਸਥਾਰ ਹੋਣ ਕਰਕੇ ਇਸ ਦੀ ਬੋਲੀ ਅਤੇ ਲਿੱਪੀ ਵੀ ਕਾਫੀ ਦੂਰ ਤੱਕ ਫੈਲ਼ੀ। ਇਸ ਤਰਾਂ ਅਸ਼ੋਕ ਦੇ ਕਈ ਸ਼ਿਲਾਲੇਖ ਕਈ ਥਾਂਵਾ ਤੋਂ ਮਿਲੇ ਹਨ। ਅਸ਼ੋਕ ਦੇ ਸ਼ਿਲਾਲੇਖਾ ਤੋਂ ਪਤਾ ਚਲਦਾ ਹੈ ਕਿ ਮਾਗਧੀ ਬੋਲੀ ਵਿੱਚ ਵੀ ਕਈ ਲੋਕਲ ਬੋਲੀ ਦੇ ਸ਼ਬਦ ਆ ਚੁੱਕੇ ਹਨ। ਜਿਨ੍ਹਾਂ ਵਿੱਚ ਪੰਜਾਬੀ ਦੇ ਕਈ ਸ਼ਬਦ ਮਿਲਦੇ ਹਨ, ਜਿਵੇਂ ਧੀ, ਡਿਊੜ, ਸੱਤ ਅਤੇ ਅੱਠ ਆਦਿ। ਇਸ ਤਰਾਂ ਪੰਜਾਬੀ ਦੀ ਹੋਂਦ ਅਸ਼ੋਕ ਵੇਲ਼ੇ ਵੀ ਸੀ। ਅਸ਼ੋਕ ਦੇ ਪੋਤਰੇ ਦੇ ਕਤਲ਼ ਪਿੱਛੋ ਬੁੱਧ ਧਰਮ ਦਾ ਪਤਨ ਹੋ ਗਿਆ।ਇਸ ਪ੍ਰਕਾਰ ਬੁੱਧ ਧਰਮ ਦੇ ਪਤਨ ਹੋਣ ਕਰਕੇ ਇਨ੍ਹਾਂ ਦੀ ਬੋਲੀ ਅਤੇ ਧਰਮ ਦੀ ਚੜਤ ਵਿੱਚ ਕਾਫੀ ਗਿਰਾਵਟ ਆਈ।ਇਸ ਪਿੱਛੋਂ ਇਨ੍ਹਾਂ ਨੇ ਵੀ ਸੰਸਕ੍ਰਿਤ ਬੋਲੀ ਨੂੰ ਧਾਰਨ ਕਰ ਲਿਆ। ਹੋਜ਼ੀ ਮੱਠ ਵਿੱਚੋਂ ਇਕ ਲਿੱਪੀ ਮਿਲੀ,ਜਿਸ ਦਾ ਨਾਮ ਟਾਕਰੀ ਲਿੱਪੀ ਹੈ। ਜਿਸ ਨੂੰ ਗੌਰੀ ਸ਼ੰਕਰ ਨੇ ਬ੍ਰਾਹਮੀ ਲਿੱਪੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਦੇ ਸਿੱਖ ਚੇਲਿਆ ਨੇ ਵੀ ਟਾਕਰੀ ਲਿੱਪੀ ਨੂੰ ਬ੍ਰਾਹਮੀ ਲਿੱਪੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਇਨ੍ਹਾਂ ਨੇ ਗੁਰਮੁੱਖੀ ਦੇ ਪਿਛੋਕੜ ਨੂੰ ਵੀ ਸ਼ਿਲਾਲੇਖਾ ਵਿੱਚੋ ਮਿਲੀਆ ਲਿੱਪੀਆ ਨੂੰ ਸਹੀ ਢੰਗ ਨਾਲ ਨਹੀ ਵਾਚਿਆ।ਜੇ ਸ਼ਿਲਾਲੇਖਾ ਨੂੰ ਸਹੀ ਢੰਗ ਨਾਲ ਵਾਚਿਆ ਹੁੰਦਾ ਤਾਂ ਟਾਕਰੀ ਲਿਪੀ ਨੂੰ ਬ੍ਰਾਹਮੀ ਲਿੱਪੀ ਨਾ ਕਹਿੰਦੇ।

ਪਹਿਲੀ ਸਦੀ ਬੀ.ਸੀ ਵਿੱਚ ਗੁਨਾਢਿਆ ਨਾਮ ਦਾ ਵਿਦਵਾਨ ਰਾਜੇ ਦੀ ਨੌਕਰੀ ਕਰਦਾ ਸੀ।ਰਾਜੇ ਨੇ ਉਸ ਨੂੰ ਇੱਕ ਦਿਨ ਪੁੱਛਿਆ ਕਿ ਉਹ ਮੇਰੀ ਰਾਣੀ ਨੂੰ ਕਿੰਨੇ ਦਿਨਾਂ ਵਿੱਚ ਸੰਸਕ੍ਰਿਤ ਸਿਖਾਵੇਗਾ ਤਾਂ ਉਸ ਨੇ ਉਤਰ ਦਿੱਤਾ ਕਿ ਛੇ ਵਰ੍ਹਿਆਂ ਵਿੱਚ।ਫਿਰ ਰਾਜੇ ਨੇ ਕਿਸੇ ਸੰਸਕ੍ਰਿਤ ਵਿਦਵਾਨ ਨੂੰ ਪੁੱਛਿਆ ਤਾਂ ਵਿਦਵਾਨ ਨੇ ਕਿਹਾ ਕਿ ਉਹ ਛੇ ਮਹੀਨਿਆ ਵਿੱਚ ਸੰਸਕ੍ਰਿਤ ਸਿਖਾ ਦਵੇਗਾ। ਇਸ ਤਰ੍ਹਾਂ ਰਾਜੇ ਨੂੰ ਇਹ ਸੁਝਾਅ ਬਹੁਤ ਪਸੰਦ ਆਇਆ। ਇਸ ਤਰਾਂ ਰਾਜੇ ਨੇ ਉਸ ਵਿਦਵਾਨ ਨੂੰ ਰਾਣੀ ਦੀ ਸਿਖਲਾਈ ਲਈ ਰੱਖ ਲਿਆ ਅਤੇ ਰਾਜੇ ਦਾ ਗੁਨਾਢਿਆ ਤੋਂ ਮੋਹ ਭੰਗ ਹੋ ਗਿਆ ਅਤੇ ਗੁਨਾਢਿਯ ਰਾਜ ਦਰਬਾਰ ਛੱਡ ਕੇ ਚਲਾ ਗਿਆ। ਗੁਨਾਢਿਯ ਨੇ ਵਿਚਾਰਿਆ ਕਿ ਉਹ ਆਪਣੀ ਬੋਲੀ ਵਿੱਚ ਇੱਕ ਪੋਥੀ ਲਿਖੇਗਾ ਅਤੇ ਰਾਜੇ ਨੂੰ ਦਿਖਾ ਕੇ ਇਨਾਮ ਲਵੇਗਾ।

ਗੁਨਾਢਿਆ ਨੇ ਬੜੀ ਮਿਹਨਤ ਨਾਲ ਇੱਕ ਪੋਥੀ ਲਿਖੀ, ਜਿਸ ਦਾ ਨਾਂ 'ਬਡਕਹਾ' ਰੱਖਿਆ। ਜਿਸ ਦਾ ਪਿੱਛੋ ਸੰਸਕ੍ਰਿਤ ਵਿੱਚ ਇਸ ਦਾ ਉਲੱਥਾ ਕੀਤਾ ਗਿਆ, ਜੋ ਕਿ ਅੱਜ ਕੱਲ ਨਹੀ ਮਿਲਦਾ ਪਰ ਇਸ ਦਾ ਜ਼ਿਕਰ ਕੁਟੇਸ਼ਨਾਂ ਵਿੱਚ ਹੀ ਮਿਲਦਾ ਹੈ। 'ਬਡਕਹਾ' ਨੂੰ ਸੰਸਕ੍ਰਿਤ ਵਿੱਚ 'ਬ੍ਰਿਧ ਕਥਾ' ਵੀ ਕਿਹਾ ਜਾਂਦਾ ਹੈ।

'ਬਡਕਹਾ' ਸ਼ਬਦ ਪੰਜਾਬੀ ਦੇ ਕਾਫੀ ਨੇੜੇ ਹੈ।ਇਹ ਬਡ+ਕਹਾ ਤੋਂ ਬਣਿਆ ਹੈ। ਬਡ ਪੰਜਾਬੀ ਦਾ ਐਡਵਰਬ ਹੈ ਜਿਸ ਦਾ ਅਰਥ ਹੈ ਵੱਡਾ ਅਤੇ ਕਹਾ ਪੰਜਾਬੀ ਦੇ ਕਹਿ ਰੂਟ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਕਹਿਣਾ। ਇਸ ਤੋਂ ਪਤਾ ਚਲਦਾ ਹੈ ਕਿ ਪਹਿਲੀ ਸਦੀ ਵਿੱਚ ਵੀ ਪੰਜਾਬੀ ਬੋਲੀ ਮੌਜੂਦ ਸੀ।

ਡਾ. Grierson ਨੇ ਆਪਣੀ ਪੋਥੀ "Pasacha Language" ਵਿੱਚ ਪਸਾਚੀ ਬੋਲੀ ਦਾ ਜੁਗਰਾਫੀਆ ਦਿੱਤਾ ਹੈ, ਜਿਹੜਾ ਕਿ ਸਿੰਧ ਅਤੇ ਸਵਾਤ ਦਰਿਆ ਵਿੱਚ ਸਥਿਤ ਹੈ।ਇਸ ਦਾ ਸਿੱਧਾ ਮਤਲਬ ਹੈ ਕਿ ਇਹ ਬੋਲੀ ਦੇਸੀ ਬੋਲੀ ਹੋਣ ਕਰਕੇ ਪੰਜਾਬੀ ਦੇ ਨੇੜੇ ਹੈ ਅਤੇ ਇਨ੍ਹਾਂ ਦੋਹਾਂ ਦਾ ਆਪਣਾ ਬਾਰਡਰ ਸਾਂਝਾ ਹੈ।

ਜਦ 'ਬਡਕਹਾ' ਨਾਂ ਦੀ ਪੋਥੀ ਰਾਜੇ ਨੂੰ ਪੇਸ਼ ਕੀਤੀ ਗਈ ਤਾਂ ਉਸ ਨੇ ਗੁਨਾਢਿਆ ਨੂੰ ਕਿਹਾ ਕਿ ਜੇ ਇਹ ਪੋਥੀ ਸੰਸਕ੍ਰਿਤ ਵਿੱਚ ਲਿਖੀ ਹੁੰਦੀ ਤਾਂ ਉਸ ਨੂੰ ਇਸ ਦਾ ਕਾਫੀ ਇਨਾਮ ਦਿੰਦਾ।ਇਸ ਤਰ੍ਹਾਂ ਇਸ ਤੋਂ ਸਾਨੂੰ ਉਸ ਵੇਲ਼ੇ ਦੇ ਰਾਜਿਆ ਦੀ ਦੇਸੀ ਬੋਲੀਆਂ ਨੂੰ ਨਕਾਰਨ ਦੀ ਮਾਨਸਿਕਤਾ ਦਾ ਪਤਾ ਚਲਦਾ ਹੈ।

ਦੇਸੀ ਬੋਲੀਆ ਕੋਈ ਨਵੀਂਆ ਬੋਲੀਆ ਨਹੀ ਹਨ ਸਗੋਂ ਆਰੀਆ ਦੇ ਆਉਣ ਤੋਂ ਦੇਰ ਚਿਰ ਪਹਿਲਾ ਹੀ ਲੋਕਾਂ ਦੀਆ ਬੋਲੀਆਂ ਸਨ, ਪਰ ਬ੍ਰਾਹਮਣਵਾਦੀ ਰਾਜੇ ਇਨ੍ਹਾਂ ਬੋਲੀਆਂ ਨਾਲ ਨਫਰਤ ਕਰਦੇ ਸਨ।

ਪਰਦੇਸੀਆਂ ਨੂੰ ਇੱਕ ਸਮੱਸਿਆ ਉਦੋਂ ਖੜੀ ਹੁੰਦੀ ਹੈ ਜਦੋਂ ਵੱਖੋ ਵੱਖਰੇ ਲੋਕਾਂ ਦੀਆਂ ਬੋਲੀਆਂ ਵੱਖ-ਵੱਖ ਹੋਣ, ਤਾਂ ਫਿਰ ਇੱਕ ਸਾਂਝੀ ਕੜੀ ਦੀ ਲੋੜ ਹੁੰਦੀ ਹੈ।ਬੋਲੀ ਨੂੰ ਲਿਖਣ ਲਈ ਕਿਹੜੇ ਅੱਖਰ ਵਰਤੇ ਜਾਣ ਤਾਂਕਿ ਲਿਖੀ ਬੋਲੀ ਨੂੰ ਦੂਜਿਆ ਤੱਕ ਪਹੁੰਚਾਇਆ ਜਾ ਸਕੇ।ਆਰੀਆ ਨੂੰ ਸੱਬ-ਕੰਟੀਂਨੈਂਟ ਵਿੱਚ ਆ ਕੇ ਇੱਕ ਸਮੱਸਿਆ ਨਾਲ ਜੂਝਣਾ ਪਿਆ ਅਤੇ ਨਾਲ ਹੀ Dominancy ਦਾ ਸਵਾਲ ਵੀ ਸੀ। ਉਨ੍ਹਾਂ ਨੇ ਡੰਡੇ ਦੇ ਜ਼ੋਰ ਤੇ ਬੇਦ ਬੋਲੀ ਨੂੰ ਗੈਰ-ਬੇਦੀ ਭਾਸ਼ਾਈਆ ਲੋਕਾਂ ਦੇ ਸਿਰ ਉੱਤੇ ਠੋਸ ਦਿੱਤਾ। ਇੰਜ ਆਰੀਆ ਨੇ ਆਪਣੀ ਇਹ ਸਮੱਸਿਆ ਵੀ ਹੱਲ ਕਰ ਲਈ ਅਤੇ ਆਪਣੀ Dominancy ਵੀ ਸਥਾਪਿਤ ਕਰ ਲਈ।ਕਨੂੰਨ ਵੀ ਅਜਿਹੇ ਬਣਾਏ ਕਿ ਲੋਕ ਚੂੰ- ਚਾਂ ਕੀਤੇ ਬਿਨਾਂ ਹੀ ਮੰਨ ਲੈਣ। ਅਸੀ ਲੋਕਾਂ ਨੇ ਬੇਦ ਬੋਲੀਆ ਨੂੰ ਮੰਨ ਲਿਆ ਅਤੇ ਸਦਾ ਸਿਰ ਸੁੱਟ ਕੇ ਪਏ ਰਹੇ।ਜਿਹੜਾ ਇਸ ਦੀ ਉਲੰਘਣਾ ਕਰਦਾ ਸੀ, ਉਸ ਨੂੰ ਇਸਦੀ ਸਖਤ ਸਜ਼ਾ ਦਿੱਤੀ ਜਾਂਦੀ ਸੀ।ਅੱਜ ਕਲ ਜਿਵੇਂ ਲੋਕਾਂ ਨੂੰ ਕਰੋਨੇ ਦੇ ਡਰ ਦੇ ਮਾਰੇ ਅੰਦਰ ਡੱਕ ਦਿੱਤਾ ਜਾਂਦਾ ਹੈ ਅਤੇ ਕੰਮਾਂ ਕਾਰਾ ਉਤੋਂ ਪਬੰਦੀ ਲਾ ਦਿੱਤੀ ਗਈ ਹੈ। ਉਨ੍ਹਾਂ ਨੈ ਇਹ ਨਹੀ ਸੋਚਿਆ ਕਿ ਅਜਿਹਾ ਕਰਨ ਨਾਲ ਇਕਾਨਮੀ ਬਰਬਾਦ ਹੋ ਜਾਏਗੀ ਅਤੇ ਅਸੀਂ ਕੰਗਾਲੀ ਨਾਲ ਮਰ ਜਾਵਾਗੇ। ਜਿੱਥੋ ਤੱਕ ਮੌਤ ਦਾ ਸਵਾਲ ਹੈ ਤਾਂ ਲੱਖਾ ਲੋਕਾਂ ਦੀਆਂ ਮੌਤਾ ਤਾਂ ਇੰਡੀਆ ਵਿੱਚ ਹੋ ਚੁੱਕੀਆ ਹਨ, ਜਿਸ ਦਾ ਸਰਕਾਰੀ ਤੰਤਰ ਜ਼ਿਕਰ ਤੱਕ ਨਹੀ ਕਰਦਾ ਹੈ। ਕਰੋਨਾ ਕਰਕੇ ਹਜ਼ਾਰਾ ਮੌਤਾ ਕਰਕੇ ਕੰਮ ਕਾਜ਼ ਕਾਫੀ ਪ੍ਰਭਾਵਿਤ ਹੋਏ ਹਨ ਜਿਸ ਕਰਕੇ ਸਰਕਾਰ ਦੀ ਟੈਕਸ ਵਸੂਲੀ ਨਿਗੂਣੀ ਜਿਹੀ ਹੋ ਗਈ ਹੈ।ਸੰਸਾਰ ਦੀ ਜੱਥੇਬੰਦੀ ਅਨੁਸਾਰ ਸੰਸਾਰ ਵਿੱਚ ਕਰੋੜਾ ਲੋਕਾਂ ਦੀ ਕੰਗਾਲੀ ਦਾ ਸ਼ਿਕਾਰ ਹੋਣਗੇ, ਬਾਰੇ ਦੱਸਿਆ ਹੈ, ਜਿਸ ਵਿੱਚ ਬਹੁਤੇ ਦੇਸੀ ਲੋਕ ਹੀ ਹੋਣਗੇ। ਅਜਿਹਾ ਪਹਿਲਾ ਵੀ ਤਾਨਾਸ਼ਾਹ ਸ਼ੋਸ਼ਣ ਕਰਦੇ ਸਨ ਅਤੇ ਅੱਜ ਲੋਕ ਰਾਜ ਵਿੱਚ ਵੀ ਹਾਕਮ ਇਹੀ ਕੁੱਛ ਕਰਦੇ ਹਨ।ਆਪਣੀ ਜ਼ਾਇਜ਼ ਅਤੇ ਨਾਜ਼ਾਇਜ਼ ਕਾਰਵਾਈਆ ਨੂੰ ਹੀ ਠੀਕ ਦੱਸਦੇ ਹਨ ਅਤੇ ਨਾਲ ਇਹ ਵੀ ਕਹਿ ਦਿੰਦੇ ਹਨ ਕਿ ਸਾਨੂੰ ਤਾਂ ਲੋਕਾਂ ਨੇ ਚੁਣਿਆ, ਇਸ ਪ੍ਰਕਾਰ ਇਹ ਸਾਰਾ ਕੁੱਛ ਲੋਕਾਂ ਸਿਰ ਭੰਨ ਦਿੰਦੇ ਹਨ।

ਪਰਦੇਸੀ ਵਿਦਵਾਨਾਂ ਨੇ ਇੰਡੋਲੋਜੀ ਤੇ ਕੰਮ ਕੀਤਾ ਹੈ ਜਿਵੇਂ ਧਰਮ, ਐਂਟੀਕੁਇਟੀ, ਟ੍ਰੈਡੀਸ਼ਨਾਂ, ਜੁਗਰਾਫੀਆ, ਬੋਲੀਆ ਅਤੇ ਉਸਦੇ ਗਰੈਮਰ ਆਦਿ ਤੇ ਵੀ ਕੰਮ ਕੀਤਾ ਹੈ। ਉਨ੍ਹਾਂ ਵਿਦਵਾਨਾਂ ਨੇ ਇੰਡੀਆ ਨੂੰ ਆਰੀਆਕਰਨ ਕਰਨ ਵਿੱਚ ਵਧੇਰੇ ਕੰਮ ਕੀਤਾ ਹੈ, ਜਿਸ ਤੋਂ ਹਿੰਦੂ ਵਿਦਵਾਨ ਲਾਭ ਲੈਂਦੇ ਹਨ ਅਤੇ ਦੇਸੀ ਬੋਲੀਆ ਦਾ ਸ਼ੋਸ਼ਣ ਕਰਦੇ ਹਨ। ਹਿੰਦੂ ਲੋਕਾਂ ਨੇ ਮੰਨ ਲਿਆ ਹੈ ਕਿ ਆਰੀਆ ਇੰਡੀਆ ਦੇ ਬਾਹਰੋਂ ਆਏ ਹਨ ਅਸੀਂ ਵੀ ਆਰੀਆ ਹਨ।ਪਰ ਇੰਡੀਅਨ ਬੋਲੀਆਂ ਜਿਹੜੀਆ ਮਾਡਰਨ ਕਹੀਆਂ ਜਾਂਦੀਆ ਹਨ, ਉਹਨਾਂ ਨੂੰ ਆਰੀਆ ਹੀ ਮੰਨੀ ਜਾਂਦੇ ਹਨ। ਇਹਨਾਂ ਦੀ ਇਹ ਮਾਨਤਾ ਮੰਨੀ ਜਾਂਦੀ ਹੈ ਕਿ ਆਰੀਆਂ ਤਾਂ ਬਾਹਰੋ ਆਏ ਸਨ ਅਤੇ ਮਾਡਰਨ ਬੋਲੀਆ ਆਰੀਆ ਹੀ ਹਨ।ਦੇਸੀ ਭਾਸ਼ਾਈ ਵਿਚ ਦ੍ਰਾਵਿੜੀਅਨ, ਮੁੰਡਾ, ਤਿਬਤ, ਬਰਮਾ ਅਤੇ ਖਾਸਾ ਗਰੁੱਪ ਹਨ।

ਜਦੋਂ ਇਹ ਮੰਨਿਆ ਜਾਂਦਾ ਹੈ ਕਿ ਆਰੀਆ ਨਿਗੂਣੀ ਗਿਣਤੀ ਵਿੱਚ ਸਨ, ਉਹ ਬਹੁ ਗਿਣਤੀ ਬੋਲੀ ਤੇ ਕੋਈ ਪ੍ਰਭਾਵ ਨਹੀ ਪਾ ਸਕੇ, ਪਰ ਇਹ ਮੰਨਦੇ ਨਹੀ ਹਨ।ਪਰ ਜਦੋਂ ਅਸੀਂ ਆਰੀਆ ਅਤੇ ਅਨਾਰੀਆ ਬੋਲੀਆ ਦਾ ਕੰਮਪੈਰੀਜ਼ਨ ਕਰਦੇ ਹਾਂ ਤਾਂ ਸਾਨੂੰ ਕੁੱਜ ਵੀ ਸਾਂਝਾ ਨਹੀ ਮਿਲਦਾ ਹੈ। ਆਰੀਆ ਥਿਊਰੀ ਵਾਲੇ ਲੋਕ ਇੰਡੀਅਨ ਬੋਲੀਆ ਦੇ ਵੈਰੀ ਹਨ ਅਤੇ ਇਹ ਨਹੀ ਚਾਹੁੰਦੇ ਹਨ ਕਿ ਲੋਕ ਆਪਣੀਆ ਬੋਲੀਆ ਨੂੰ ਅੱਗੇ ਵਧਾਅ ਸਕਣ। ਜੇ ਲੋਕ ਅਜਿਹਾ ਕਰ ਜਾਣ ਤਾਂ ਉਹ ਤਾਂ ਸਾਡੀ ਚੁੰਗਲ ਵਿੱਚੋਂ ਛੁਟ ਜਾਣਗੇ ਅਤੇ ਵਿਦਵਾਨ ਬਣ ਕੇ ਸਾਡੀਆ ਗਲਤ ਨਾਵਾਂ ਨੂੰ ਕੱਢ ਦੇਣਗੇ ਅਤੇ ਆਰੀਆ ਧਰਮ ਗ੍ਰੰਥਾਂ ਨੂੰ ਦੀ ਪਾੜੂ ਨੀਤੀ ਨੂੰ ਤਿਆਗ ਦੇਣਗੇ ਅਤੇ ਸਿਰ ਉਠਾ ਕੇ ਚਲਣਗੇ।

ਦੱਸ ਦੇਈਏ ਕਿ ਅੱਜ ਵੀ ਸੰਸਕ੍ਰਿਤ ਜਾਂ ਬੇਦ ਬੋਲੀ ਕਿਤੇ ਵੀ ਨਹੀ ਬੋਲੀ ਜਾਂਦੀ ਹੈ, ਕਿਉਂਕਿ ਆਰੀਆ ਘੱਟ ਗਿਣਤੀ ਵਿੱਚ ਸਨ, ਜਿਸ ਕਰਕੇ ਆਪਣੀ ਭਾਸ਼ਾਂ ਅਤੇ ਨਕ਼ਲੀ ਪਛਾਣ ਬਚਾ ਨਹੀ ਸਕੇ। ਇੰਡੀਆ ਵਿੱਚ ਰਾਜ ਕਰਦਾ ਟੋਲਾ ਆਰੀਆ ਧਰਮ ਗ੍ਰੰਥਾਂ ਨੂੰ ਮੰਨਦਾ ਹੈ। ਇਹ ਬੇਦ ਦੇ ਇੱਕ ਵਾਕ-'ਸੰਸਾਰ ਇਕ ਕਬੀਲਾ' ਹੈ ਨੂੰ ਤਾਂ ਮੰਨਦਾ ਹੈ, ਪਰ ਉਹ ਸ਼ੂਦਰ ਕਬੀਲੇ ਨੂੰ ਇਸ ਵਿੱਚ ਸ਼ਾਮਿਲ ਨਹੀ ਕਰਦੇ ਹਨ, ਇਸ ਪ੍ਰਕਾਰ ਇਹ ਆਪ ਹੀ ਆਪਣੇ ਧਰਮ ਗ੍ਰੰਥਾਂ ਦੀ ਉਲੰਘਣਾ ਕਰਦੇ ਹਨ।

ਇੱਕ ਲੋਕ ਰਾਜ ਕਰਦਾ ਟੋਲਾ ਆਰੀਆ ਧਰਮ ਨੂੰ ਮੰਨਦਾ ਤਾਂ ਹੈ ਪਰ ਧਰਮ ਆਰੀਆ ਨਹੀ ਹਨ। ਜਿਵੇਂ ਮੁਹੰਮਡਨ ਸੈਮਟਿਕ ਲੋਕਾਂ ਦਾ ਧਰਮ ਹੈ ਪਰ ਦੇਸੀ ਲੋਕ ਸੈਮਟਿਕ ਨਹੀ ਹਨ।

ਡਾ. ਪਿਛਲ ਇਕ ਜਰਮਨ ਦੇ ਵਿਦਵਾਨ ਹੋਏ ਹਨ, ਜਿਸ ਨੇ ਜਰਮਨ ਬੋਲੀ ਵਿੱਚ ਪ੍ਰਕ੍ਰਿਤ ਗਰੈਮਰ ਲਿਖਿਆ ਹੈ। ਉਸਨੇ ਪ੍ਰਾਕ੍ਰਿਤ ਦੇ ਸ਼ਬਦਾਂ ਦੀ ਵਿਉਤਪਤਿ ਦਾ ਉਪਰਾਲਾ ਬੇਦ ਚੋਂ ਕੀਤਾ ਹੈ। ਜਿਵੇਂ ਸ਼ਬਦ ਖੰਭਾ ਜੋਕਿ ਬੇਦ ਵਿੱਚ ਸਖੰਭ ਹੈ, ਇਸ ਸ਼ਬਦ ਨੂੰ ਵਿਦਵਾਨਾਂ ਨੇ ਸੰਸਕ੍ਰਿਤ ਵਿੱਚੋਂ ਲੱਭਣ ਦਾ ਉਪਰਾਲਾ ਕੀਤਾ। ਉਨ੍ਹਾਂ ਨੇ ਸ਼ਬਦ ਖੰਭਾ ਦੀ ਵਿਉਤਪਤਿ ਸਤੰਭ ਤੋਂ ਮੰਨੀ ਹੈ। ਸਾਨੂੰ ਇੱਕ ਥੰਮ ਸ਼ਬਦ ਵੀ ਮਿਲਦਾ ਹੈ। ਜਿਹੜਾ ਕਿ ਖੰਭੇ ਦੇ ਅਰਥਾ ਵਿੱਚ ਵਰਤਿਆ ਜਾਂਦਾ ਹੈ। ਸੰਸਕ੍ਰਿਤ ਗਰੈਮੇਰੀਅਨਾਂ ਨੇ ਹੋਰ ਵੀ ਅਨੇਕ ਸ਼ਬਦ ਦਿੱਤੇ ਹਨ, ਜਿਹੜੇ ਪੰਜਾਬੀ ਦੇ ਨੇਮ ਨਾਲ ਸਿੱਧੇ ਬਣੇ ਹਨ। ਪ੍ਰਾਕ੍ਰਿਤਾਂ ਅਤੇ ਸੰਸਕ੍ਰਿਤ ਦੇ ਗਰੈਮੇਰੀਅਨ ਚੁੱਪ ਹਨ ਕਿਉਂਕਿ ਉਹ ਲੋਕ ਦੇਸੀ ਬੋਲੀਆ ਤੋਂ ਨਫਰਤ ਕਰਦੇ ਸਨ।ਰਾਜੇ ਅਤੇ ਵਿਦਵਾਨ ਵੀ ਦੇਸੀ ਬੋਲੀਆਂ ਤੋਂ ਨਫਰਤ ਕਰਦੇ ਸਨ। ਪੰਜਾਬੀ ਦੇ ਕਈ ਸ਼ਬਦ ਜਿਵੇਂ ਆਯੂ, ਵਾਯੂ, ਵਾਸੂ (ਦੁਆਬੇ ਵਿੱਚ ਰਿਹਾਇਸ਼ੀ ਅੰਦਰ ਨੂੰ ਕਿਹਾ ਜਾਂਦਾ ਹੈ)। ਬੇਦਾਂ ਬਾਰੇ ਇਹ ਪ੍ਰਸਿੱਧ ਹੈ ਕਿ ਇਹ ਸਰਸਵਤੀ ਨਦੀ ਦੇ ਕੰਢੇ ਤੇ ਲਿਖੇ ਗਏ ਸਨ, ਜਿਹੜੀ ਕਿ ਪੁਰਾਣੇ ਪੰਜਾਬ ਵਿੱਚ ਵਗਦੀ ਸੀ। ਜਿਹੜੇ ਸ਼ਬਦ ਬੇਦ ਅਤੇ ਸੰਸਕ੍ਰਿਤ ਤੋਂ ਬਾਹਰੇਂ ਹਨ, ਉਹ ਅੱਜ ਵੀ ਪੰਜਾਬੀ ਵਿੱਚ ਮੌਜੂਦ ਹਨ।

ਪਾਲੀ ਅਤੇ ਪ੍ਰਕ੍ਰਿਤਾਂ ਵਿੱਚ ਕਿੰਨੇ ਹੀ ਰੂਟ ਸ਼ਬਦ ਗਿਣਤੀ ਦੇ ਹਨ ਜਿਵੇਂ ਕਿ ਸੱਤ, ਅੱਠ, ਨੌਂ, ਦਸ ਆਦਿ।ਡੇਵਿਡ ਰਾਇਸ ਅਨੁਸਾਰ ਪਾਲੀ ਸੱਤਮੀ ਸਦੀ ਬੀ.ਸੀ ਵਿੱਚ ਵੀ ਮੌਜੂਦ ਸੀ।ਪਾਲੀ ਅਤੇ ਪ੍ਰਾਕ੍ਰਿਤਾਂ ਵਾਲਿਆਂ ਨੇ ਵੀ ਦੇਸੀ ਬੋਲੀਆ ਦਾ ਸ਼ੋਸ਼ਣ ਕੀਤਾ।ਇਸੇ ਤਰਾਂ ਹਿੰਦੂਆਂ ਅਤੇ ਸਿੱਖਾਂ ਨੇ ਵੀ ਟਾਕਰੀ ਨੂੰ ਬ੍ਰਾਹਮੀ ਲਿੱਪੀ ਕਹਿਣਾ ਸ਼ੁਰੂ ਕਰ ਦਿੱਤਾ।

ਪ੍ਰਤਾਪ ਸਿੰਘ ਕੈਰੋਂ (ਸਾਬਕਾ ਮੁੱਖ ਮੰਤਰੀ,ਪੰਜਾਬ) ਨੇ ਪੰਜਾਬੀ ਦੀ ਤਰੱਕੀ ਲਈ ਪੰਜਾਬੀ ਯੂਨੀਵਰਸਿਟੀ ਬਣਾਈ। ਇੱਥੇ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਪ੍ਰੋਫੈਸਰਾਂ ਨੇ ਪੰਜਾਬੀ ਤੇ ਕੋਈ ਮਿਹਨਤ ਨਹੀ ਕੀਤੀ ਪਰ ਪੰਜਾਬੀ ਦਾ ਆਰੀਆ ਕਰਨ ਕਰਕੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੰਜਾਬੀ ਸੰਸਕ੍ਰਿਤ ਵਿੱਚੋਂ ਨਿਕਲੀ ਹੈ। ਪਿੱਛੋ ਪ੍ਰੇਮ ਸਿੰਘ ਧਾਲੀਵਾਲ ਨੇ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਪੰਜਾਬੀ ਪਾਲੀ ਵਿੱਚੋਂ ਨਿਕਲੀ ਹੈ। ਉਸ ਦਾ ਇਹ ਲੇਖ ਕਈ ਸਾਲ ਪਹਿਲਾ ਇੰਗਲਿਸ਼ ਟ੍ਰਿਬਿਊਨ ਵਿੱਚ ਛਪ ਚੁੱਕਾ ਹੈ। ਇੰਜ ਜਿਸ ਮਨੋਰਥ ਲਈ ਪੰਜਾਬੀ ਯੂਨੀਵਰਸਿਟੀ ਬਣਾਈ ਸੀ, ਉਸ ਨੇ ਤਾਂ ਪੰਜਾਬੀ ਦੀ ਸੁਤੰਤਰ ਹੋਂਦ ਖਤਮ ਕਰ ਦਿੱਤੀ। ਪੰਜਾਬੀ ਭਾਸ਼ਾ ਵਿਭਾਗ ਵੀ ਪਿੱਛੇ ਨਹੀ ਹੈ।ਉਸ ਦੀ ਗੁਰਮੁੱਖੀ ਨੂੰ ਛੁੱਟਿਆਣ ਦੀ ਚਾਲ ਚੱਲ ਰਹੀ ਹੈ। ਪੰਜਾਬੀ ਤੇ ਜੀ.ਐੱਸ ਰਿਆਲ ਨੇ ਵੀ ਕੁੱਝ ਅਜਿਹਾ ਕੰਮ ਕੀਤਾ ਹੈ। ਡਾ. ਬਲਬੀਰ ਸਿੰਘ ਦਾ ਗੁਰਬਾਣੀ ਨਿਰੁਕਤ ਗੁਰਬਾਣੀ ਦੇ ਸ਼ਬਦ ਨੂੰ ਸੰਸਕ੍ਰਿਤ ਵਿੱਚੋਂ ਨਿਕਲੇ ਮੰਨਦਾ ਹੈ। ਜਿਵੇਂ ਸਾਹਿਬ ਸਿੰਘ ਨੇ ਗੁਰਬਾਣੀ ਦਾ ਉਲੱਥਾ ਕੀਤਾ। ਜਪੁਜੀ ਸਾਹਿਬ ਦਾ ਸੋਚਿ ਸ਼ਬਦਦਾ ਅਰਥ ਹੈ ਨਹਾਉਣਾ ਅਤੇ ਮੈਲ਼ ਧੋਣੀ ਦੱਸਦਾ ਹੈ। ਇੱਥੇ ਉਸੇ ਦੀ ਬੋਧਿਕਤਾ ਦਾ ਪਤਾ ਚਲਦਾ ਹੈ ਕਿ ਉਸ ਨੇ ਗੁਰਬਾਣੀ ਦੇ ਵਿਆਕਰਨ ਵਿੱਚ ਪ੍ਰਾਕ੍ਰਿਤਾਂ ਦਾ ਹਵਾਲਾ ਦਿੱਤਾ ਹੈ ਪਰ ਉਸ ਨੂੰ ਪ੍ਰਾਕ੍ਰਿਤਾਂ ਬਾਰੇ ਜਾਣਕਾਰੀ ਨਹੀ ਹੈ।ਜੇ ਉਸਨੂੰ ਇਸ ਦੀ ਜਾਣਕਾਰੀ ਹੁੰਦੀ ਤਾਂ ਇਸ ਦਾ ਇੱਥੇ ਸੋਚਿ ਦਾ ਅਰਥ ਨਹਾਉਣਾ ਅਤੇ ਮੈਲ਼ ਧੋਣੀ ਨਾਂ ਦੱਸਦਾ। ਇੱਥੇ ਜਪੁਜੀ ਸਾਹਿਬ ਵਿੱਚ ਸੋਚਿ ਦਾ ਅਰਥ ਸੋਚਣ ਤੋਂ ਹੈ। ਪੰਜਵੇਂ ਨਾਨਕ ਨੇ ਅਸ਼ਟਪਦੀ ਵਿੱਚ 'ਸੋਚ'ਸ਼ਬਦ ਵਰਤਿਆ ਹੈ ਇੱਥੇ ਸੋਚ ਦਾ ਅਰਥ ਧੋਣ ਤੋਂ ਹੈ। ਪ੍ਰਕ੍ਰਿਤ ਵਿੱਚ ਸ਼ੋਚ ਹੈ ਜਦਕਿ ਪਾਲੀ 'ਸ਼' ਦੀ ਧੁਨੀ ਨਹੀ ਹੈ।ਉਹ ਸ ਦੀ ਧੁਨੀ ਦੀ ਵਰਤੋ 'ਸ਼' ਦੇ ਤੌਰ ਤੇ ਕਰਦੇ ਹਨ। (ਦੇਖੋ ਪਾਲੀ ਇੰਗਲਿਸ਼ ਐਂਡ ਪ੍ਰਕ੍ਰਿਤ ਹਿੰਦੀ ਡਿਕਸ਼ਨਰੀ)

ਅਲੈਗਜ਼ੈਂਡਰ ਕੰਨਿੰਘਮ ਅਨੁਸਾਰ ਟਾਕਰੀ ਲਿੱਪੀ ਜਮਨਾ ਤੋਂ ਲੈ ਕੇ ਅਫਗਾਨਿਸਤਾਨ ਦੇ ਬਾਮਯਾਨ ਤੱਕ ਚਲਦੀ ਸੀ। ਅਲੈਗਜ਼ੈਂਡਰ ਕੰਨਿੰਘਮ ਦੇ ਵੇਲ਼ੇ ਹੜੱਪੇ ਅਤੇ ਮੋਇਓਜੋਂਦੜੋ ਵਿੱਚ ਪੁਟਾਈ ਨਹੀ ਹੋਈ ਸੀ। ਫਿਰ ਵੀ ਉਸ ਦੀ ਖੋਜ ਕਿੰਨੀ ਮੁਲਵਾਨ ਹੈ ਜੋ ਕਿ ਪੰਜਵੀ ਸਦੀ ਦੀ ਜਾਪਾਨ ਦੇ ਹੋਜ਼ੀ ਮੱਠ ਤੋਂ ਇੱਕ ਲਿੱਪੀ ਮਿਲੀ, ਜਿਸ ਦੇ 22 ਅੱਖਰ ਅੱਜ ਵੀ ਗੁਰਮੁੱਖੀ ਨਾਲ ਸਿੱਧੇ ਮਿਲਦੇ ਹਨ। ਇਸ ਤੋਂ ਪਹਿਲਾ ਗੁਪਤਾ ਰਾਜਿਆ ਦੇ ਤੀਜੀ ਸਦੀ ਦੇ ਸਿਲਾਲੇਖ ਮਿਲੇ ਹਨ ਜਿਸ ਨੂੰ ਕਈ ਭੁਲੇਖੇ ਨਾਲ ਗੁਪਤਾ ਲਿੱਪੀ ਕਹੀ ਜਾ ਰਹੇ ਹਨ। ਕਾਬ਼ਲ ਚੋਂ ਇੱਕ ਸ਼ਿਲਾਲੇਖ ਮਿਲਿਆਂ ਹੈ ਜਿਸ ਦੇ ਕਈ ਅੱਖਰ ਹੋਜ਼ੀ ਮੱਠ ਦੀ ਲਿੱਪੀ ਨਾਲੋਂ ਗੁਰਮੁੱਖੀ ਲਿੱਪੀ ਦੇ ਕਾਫੀ ਨੇੜੇ ਹਨ। ਜਪਾਨ ਦੇ ਹੋਜ਼ੀ ਮੱਠ ਅਤੇ ਕਾਬਲ ਤੋਂ ਮਿਲੀ ਲਿੱਪੀ ਨੂੰ ਜ਼ਮਾਨੇ ਵਿੱਚ ਟਾਕਰੀ ਲਿੱਪੀ ਕਿਹਾ ਜਾਂਦਾ ਹੈ।

ਅੱਜ ਮਨੁੱਖ ਜਾਤੀ ਦੀ ਇੱਕ ਲੋੜ ਹੈ ਕਿ ਜਿੱਥੇ ਵੀ ਉਹ ਰਹਿ ਰਿਹਾ ਹੈ, ਉਸਨੂੰ ਉਸਦੇ ਹੱਕ ਦਿੱਤੇ ਜਾਣ। ਕਬੀਲਾ ਸ਼ਾਹੀ ਸੋਚ ਦੂਜੇ ਕਬੀਲਿਆਂ ਦਾ ਘਾਣ ਕਰ ਦਿੰਦੀਆਂ ਹਨ।ਸੋ ਅਜਿਹਾ ਬਿਲਕੁੱਲ ਨਹੀ ਹੋਣਾ ਚਾਹੀਦਾ ਹੈ।ਇੱਕ ਧਰਮ ਦਾ ਦੂਜੇ ਧਰਮ ਦੇ ਪ੍ਰਤੀ ਰਵੱਈਆ ਬਦਲਣ ਦੀ ਲੋੜ ਹੈ। ਅਸੀਂ ਮਨੁੱਖਜਾਤੀ ਜੰਗਾਂ ਵਿੱਚ ਆਪਣਾ ਹੀ ਬਹੁਤ ਨੁਕਸਾਨ ਕਰ ਲਿਆ ਹੈ। ਇਸੇ ਨੁਕਸਾਨ ਕਰਕੇ ਅਸੀਂ ਆਪਣੀਆ ਲਿੱਪੀ ਅਤੇ ਬੋਲੀਆਂ ਨੂੰ ਵੀ ਤਬਾਹ ਕਰ ਲਿਆ ਹੈ। ਸੋ ਸਾਨੂੰ ਘੱਟ ਗਿਣਤੀਆ ਦਾ ਵੀ ਸਨਮਾਨ ਕਰਨਾਂ ਚਾਹੀਦਾ ਹੈ। ਅੱਜ ਸਾਨੂੰ ਸਰਬਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਸਾਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ 'ਸਭੈ ਸਾਂਝੀਵਾਲ ਸਦਾਇਨਿ ਕੋਇ ਨਾਦਿਸੈ ਬਾਹਰਾ ਜੀਉ'। ਜੇ ਅਸੀਂ ਮਾਰੂ ਹਥਿਆਰਾਂ ਨੂੰ ਜੰਗਾਂ ਵਿੱਚ ਝੋਕ ਦਿੱਤਾ ਤਾਂ ਮਨੁੱਖ ਜਾਤੀ ਦੇ ਨਾਲ-ਨਾਲ ਹੋਰਜੀਵਾਂ ਦਾ ਵੀ ਭਾਰੀ ਨੁਕਸਾਨ ਹੋਵੇਗਾ। ਸੋ ਅੱਜ ਸਾਨੂੰ ਬ੍ਰਹਿਮੰਡੀ ਸੋਚ ਅਪਣਾਉਣ ਦੀ ਲੋੜ ਹੈ ਤਾਂ ਕਿ ਸਭ ਬ੍ਰਹਿਮੰਡੀ ਜੀਵ ਸੇਫ ਰਹਿਣ।

## 15 ਮਾਰਚ ਨੂੰ 88ਵੇਂ ਜਨਮ ਦਿਨ ਤੇ ਵਿਸ਼ੇਸ਼

# ਸਾਹਿਬ ਕਾਂਸ਼ੀ ਰਾਮ ਜੀ ਨੂੰ ਯਾਦ ਕਰਦਿਆ...

ਵਿਸ਼ਵ ਚ ਪ੍ਰੀਵਰਤਨ ਜਾਂ ਇਨਕਲਾਬ ਉਹਨਾਂ ਨੇ ਹੀ ਲਿਆਂਦੇ ਹਨ, ਜਿਨ੍ਹਾਂ ਨੇ ਦਿਲਾਂ ਵਿੱਚ ਚੰਗੇਰੀ, ਆਜ਼ਾਦ ਸੋਚ, ਸਮਾਜ ਦੀ ਤਰੱਕੀ, ਖੁਸ਼ਹਾਲੀ ਤੇ ਅੱਗੇ ਵਧਣ ਦੇ ਰਾਹ-ਰਸਤੇ ਖੋਜੇ ਹਨ। ਧਰਤੀ ਤੇ ਕਰੋੜਾਂ-ਅਰਬਾਂ ਲੋਕ ਆਏ ਤੇ ਚਲੇ ਗਏ ਪਰ ਕੁੱਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਦੀ ਗਿਣਤੀ ਸੰਸਾਰ ਪੱਧਰ ਤੇ ਲੱਖਾਂ ਤੇ ਸਾਡੇ ਦੇਸ਼ ਚ ਸਿਰਫ ਹਜ਼ਾਰਾਂ ਜੀਨਿਅਸ ਕਿਸਮ ਦੇ ਲੋਕਾਂ ਤੱਕ ਹੀ ਸੀਮਿਤ ਹਨ ਜਿਨ੍ਹਾਂ ਨੇ ਮੋਹਰੀ ਹੋ ਕੇ ਨੰਗੇ ਧੜ ਸਮਾਜ ਦੀ ਤਰੱਕੀ, ਖੁਸ਼ਹਾਲੀ ਤੇ ਉਨ੍ਹਾਂ ਦੀ ਮੰਦਹਾਲੀ ਨੂੰ ਸਮਝਣ ਲਈ ਮਿਥਿਆਸ, ਧਰਮ, ਵਿਗਿਆਨ, ਰਾਜਨੀਤੀ ਸਾਸ਼ਤਰ ਤੇ ਭਾਰਤ ਦੀ ਚੱਲ ਰਹੀ ਸਮਾਜਿਕ, ਆਰਥਿਕ, ਕਾਨੂੰਨੀ ਪ੍ਰੀਕਿਰਿਆ ਨੂੰ ਬਰੀਕੀ ਨਾਲ ਸਮਝ ਕੇ ਰਾਜਨੀਤੀ ਚ ਇੱਕ ਵੱਡਾ ਰੁਤਬਾ ਹਾਸਲ ਕੀਤਾ। ਜਿਹਨਾਂ ਨੇ ਸਮਾਜ ਚ ਚੇਤਨਾ-ਜਾਗ੍ਰਿਤੀ ਪੈਦਾ ਕਰਕੇ ਉਹਨਾਂ ਨੂੰ ਮੰਗਣ ਦੀ ਥਾਂ ਵੰਡਣ ਵਾਲੇ ਬਨਾਉਣ ਲਈ ਆਪਣਾ ਸਾਰਾ ਜੀਵਨ ਨਿਸ਼ਕਾਮ ਸੇਵਾ-ਭਾਵਨਾ ਨਾਲ ਬਹੁਜਨ ਸਮਾਜ ਲਈ ਵਾਰ ਦਿੱਤਾ, ਉਸ ਸਖਸ਼ੀਅਤ ਦਾ ਨਾਮ ਹੈ ਕਾਂਸ਼ੀ ਰਾਮ।

1963-64 ਤੋਂ ਵਾਪਰੇ ਇਕ ਇਤਿਹਾਸਕ ਘਟਨਾਕ੍ਰਮ ਇਹ 21ਵੀਂ ਸਦੀ ਦਾ ਬਾਬਾ ਸਾਹਿਬ ਡਾ ਅੰਬੇਡਕਰ, ਉਸ਼ੋ ਰਜਨੀਸ਼ ਤੋਂ ਬਾਅਦ ਭਾਰਤ ਦੀ ਧਰਤੀ ਤੇ ਅਜਿਹਾ ਮਨੁੱਖ ਹੈ ਜਿਸ ਨੇ ਸਦੀਆਂ ਤੋਂ ਵੰਡੇ ਹੋਏ ਵਰਨਾ ਚ ਸੱਭ ਤੋਂ ਹੇਠਲੇ ਪੱਧਰ ਦੇ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਲੋਕਾਂ ਨੂੰ ਮਜਬੂਤ ਕਰਨ ਲਈ ਸਮੁੱਚੀ ਜਿੰਦਗੀ ਦੱਬੇ-ਕੁਚਲੇ, ਪੀੜਤ-ਸ਼ੋਸ਼ਤ ਲੋਕਾਂ ਲਈ ਸਮਰਪਿਤ ਕਰ ਦਿੱਤੀ।

ਜਿੱਥੇ ਡਾ ਭੀਮ ਰਾਓ ਅੰਬੇਡਕਰ ਨੂੰ 'ਬਾਬਾ ਸਾਹਿਬ' ਦੇ ਵੱਡੇ ਸਤਿਕਾਰ ਵਾਲੇ ਨਾਮ ਨਾਲ ਜਾਣਿਆਂ ਜਾਂਦਾ ਹੈ ਉਥੇ ਐਸ।ਸੀ (ਦਲਿਤ) ਪਛੜੇ, ਗਰੀਬ, ਮਾਨਵਤਾ-ਬਰਾਬਰਤਾ, ਇਨਸਾਨ ਤੇ ਇਨਸਾਨੀਅਤ ਚ ਵਿਸ਼ਵਾਸ ਰੱਖਣ ਵਾਲੇ ਕਾਂਸ਼ੀ ਰਾਮ ਨੂੰ 'ਸਾਹਿਬ' ਕਹਿ ਕੇ ਸੰਬੋਧਨ ਕਰਦੇ ਹਨ। ਉਥੇ ਇਹ ਵੀ ਵਰਨਣਯੋਗ ਹੈ ਕਿ ਉਹਨਾਂ ਨੇ ਲੱਖਾਂ ਲੋਕਾਂ ਦੀ ਲਖਨਊ ਕਾਨਫਰੰਸ ਵਿੱਚ 'ਭੈਣ ਜੀ' ਤੇ ਆਇਰਨ ਲੇਡੀ ਵਜੋਂ ਪ੍ਰਵਾਨੀ ਗਈ ਮਾਇਆਵਤੀ ਨੂੰ ਆਪਣਾ ਉੱਤਰ ਅਧਿਕਾਰੀ ਬਣਾ ਕੇ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਦਲਿਤ ਸ਼ੋਸ਼ਿਤ, ਗਰੀਬ, ਦਲਿਤ ਪਛੜੇ ਲੋਕਾਂ ਦੀ ਇੱਕ ਧੀ ਨੂੰ ਸਮੇਂ ਸਮੇਂ ਤੇ ਵਧੇਰੇ ਮੌਕੇ ਦੇ ਕੇ ਸੰਗਠਨ ਦੀ ਮਜਬੂਤੀ ਲਈ ਜੀਅ-ਜਾਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ, ਉਥੇ ਇਸ ਨੇ ਯੂਪੀ ਵਿੱਚ ਚਾਰ ਬਾਰ ਮੁੱਖ ਮੰਤਰੀ ਬਣ ਕੇ ਜੋ 'ਅਜੂਬੇ' ਦਿਖਾਏ ਉਸ ਪਿੱਛੇ ਸਾਹਿਬ ਕਾਂਸ਼ੀ ਰਾਮ ਦੀ ਦੂਰ-ਅੰਦੇਸ਼ੀ ਸਮਾਜੀ ਸਮਰਪਣ ਭਾਵਨਾ ਰਹੀ ਹੈ। ਜਿੱਥੇ ਕਿ ਹਮੇਸ਼ਾ ਤੋਂ ਹੀ ਧੀਆਂ ਦਾ ਜੰਮਣਾ ਹੀ ਅਸ਼ੁੱਭ ਮੰਨਿਆਂ ਜਾਂਦਾ ਰਿਹਾ, ਜਿਸ ਕਰਕੇ ਕੁੜੀਆਂ ਦਾ ਪਾਲਣ-ਪੋਸ਼ਣ, ਪੜਾਈ-ਲਿਖਾਈ ਅਤੇ ਜਾਇਦਾਦ ਦੀ ਵੰਡ ਵੇਲੇ ਪਲ-ਪਲ ਹਮੇਸ਼ਾ ਉਹਨਾਂ ਨਾਲ ਵਿਤਕਰਾ ਹੁੰਦਾ ਰਿਹਾ ਪਰ ਇਸ ਮਹਾਂ ਪੁਰਸ਼ ਨੇ ਚੱਲ ਰਹੀ ਪ੍ਰਥਾ ਨੂੰ ਤਿਲਾਂਜਲੀ ਦਿੰਦਿਆਂ ਜਿੱਥੇ ਆਪਣਾ ਉੱਤਰ ਅਧਿਕਾਰੀ ਬਣਾਇਆ ਉਥੇ ਪਹਿਲੀ ਵਾਰ ਕਿਸੇ ਦਲਿਤ ਧੀ ਨੂੰ ਚਾਰ ਵਾਰ ਮੁੱਖ ਮੰਤਰੀ ਬਣਾ ਕੇ ਸੀਆ ਔਰਤਾਂ ਦੇ ਹੱਕ ਵਿੱਚ ਇੱਕ ਹਾਅ ਦਾ ਨਾਅਰਾ ਮਾਰਿਆ।

ਕਾਂਸ਼ੀ ਰਾਮ ਨੇ ਇੱਕ ਇੰਟਰਵਿਊ ਚ ਕਿਹਾ ਸੀ ਕਿ ਮੈਨੂੰ ਲੱਗਦਾ ਹੈ ਕਿ ਮੇਰੀ ਸਾਰੀ ਜ਼ਿੰਦਗੀ ਸੰਘਰਸ਼ ਕਰਦੇ ਹੀ ਲੰਘ ਜਾਵੇਗੀ ਪਰ ਇੱਕ ਦਿਨ ਦੇਸ਼ ਦੇ ਬਹੁਜਨ ਸਮਾਜ ਦਾ ਰਾਜ ਜਰੂਰ ਆਵੇਗਾ। ਇਹ ਉਹ ਸੁਪਨਾ ਜੀਉਂਦੇ-ਜੀਅ ਦੇਖਣਾ ਚਾਹੁੰਦੇ ਸਨ ਪਰ ਅਜਿਹਾ ਹੋ ਨਹੀਂ ਸਕਿਆ।

ਕਾਂਸ਼ੀ ਰਾਮ ਪੰਜਾਬ, ਭਾਰਤ ਤੇ ਸਮੁੱਚੇ ਵਿਸ਼ਵ ਦਾ ਸ਼ਾਇਦ ਪਹਿਲਾ ਆਗੂ ਸੀ ਜਿਸ ਨੇ ਆਪਣੇ ਸਮਾਜ ਨੂੰ ਹੁਕਮਰਾਨ ਬਨਾਉਣ ਖਾਤਰ ਵਿਆਹ ਨਹੀਂ ਕਰਾਇਆ, ਕੋਈ ਜਾਇਦਾਦ ਨਹੀਂ ਬਣਾਈ, ਕੋਈ ਬੈਂਕ ਬੈਲੈਂਸ ਨਹੀਂ ਰੱਖਿਆ, ਕੋਈ ਪ੍ਰੀਵਾਰ ਦੇ ਮੈਂਬਰ ਨੂੰ ਸੁਖ ਸਹੂਲਤ ਨਹੀਂ ਦਿੱਤੀ।ਸਾਹਿਬ ਕਾਂਸ਼ੀ ਰਾਮ ਮੁਤਾਬਕ ਉਸ ਲਈ ਸਮੁੱਚਾ ਬਹੁਜਨ ਸਮਾਜ ਹੀ ਉਸ ਦਾ ਪ੍ਰੀਵਾਰ ਹੈ।

ਚੰਗੀ ਭਲੀ ਨੌਕਰੀ ਕਰਦੇ ਇਸ ਮਨੁੱਖ ਅੰਦਰ ਅਜਿਹੀ ਕਿਹੜੀ ਚੰਗਿਆਰੀ ਭਖਣ ਲੱਗੀ ਕਿ ਸੱਭ ਕੁੱਝ ਛੱਡ ਕੇ 18 ਤੋਂ 20 ਘੰਟੇ ਸਬਰ ਸਿਦਕ ਤੇ ਸਿਰੜ ਨਾਲ ਸਮਾਜ ਨੂੰ ਸਮਰਪਿਤ ਹੋ ਗਿਆ। ਜੇ ਇਸ ਦਾ ਜਵਾਬ ਇਕ ਵਾਕ ਵਿੱਚ ਲਿਖਣਾ ਹੋਵੇ ਤਾਂ 'ਪੂਣੇ ਦੇ ਇਕ ਅਦਾਰੇ ਵਲੋਂ ਬਾਬਾ ਸਾਹਿਬ ਡਾ। ਅੰਬੇਡਕਰ ਤੇ ਤਥਾਗਤ ਬੁਧ ਦੇ ਜਨਮ ਦਿਨ ਦੀ ਛੁੱਟੀ ਬਹਾਲ ਕਰਵਾਉਣ



ਉਪਰੰਤ 'ਜਾਤ ਪਾਤ ਦਾ ਬੀਜਨਾਸ਼' ਨਾਮੀ ਕਿਤਾਬ ਪੜ੍ਹਨ ਨਾਲ ਪੂਰਨ ਬਹੁਮਤ ਵਾਲੀਆਂ ਸਰਕਾਰਾਂ 'ਮਜਬੂਰ' ਹੋਣ ਲੱਗੀਆਂ ਤੋਂ ਜਾਤਾਂ-ਧਰਮਾਂ- ਫਿਰਕਿਆਂ ਨੂੰ ਇਕੱਠੇ ਕਰਕੇ ਬਹੁਜਨ ਸਮਾਜ ਲਈ ਆਪਣੀਆਂ ਖੁਸ਼ੀਆਂ ਨਿਸ਼ਾਵਰ ਕਰਨ ਵਾਲੇ ਸਨ ਕਾਂਸ਼ੀ ਰਾਮ ਜੀ।

ਇਕ ਸਮਾਂ ਸੀ ਕਿ ਕੋਈ ਅਖਬਾਰ ਖਬਰ ਲਗਾਉਣ ਨੂੰ ਤਿਆਰ ਨਹੀਂ ਸੀ। ਜੇ ਕੋਈ ਲਗਾਉਂਦਾ ਵੀ ਸੀ ਤਾਂ ਉਹ ਵੀ ਨਾਮਤਰ। ਚੈਨਲ ਤੇ ਤਾਂ ਆਉਣਾ ਦੂਰ ਦੀ ਗੱਲ। ਜਦੋਂ ਮਹਾਂਰਾਸ਼ਟਰ ਤੋਂ ਬਾਅਦ ਉਹਨਾਂ ਯੂ।ਪੀ। ਚ ਸਫਲਤਾ ਦੇ ਝੰਡੇ ਗੱਡੇ ਤਾਂ ਸਾਰੇ ਮੀਡੀਆ ਨੇ ਨਾਂ ਚਾਹੁੰਦੇ ਹੋਏ ਵੀ ਲੋਕ ਸ਼ਕਤੀ ਤੇ ਲੋਕਾਂ ਚ ਭਰੀ ਜਾਗ੍ਰਿਤੀ ਕਾਰਨ ਅਖਬਾਰਾਂ ਦੇ ਸੰਪਾਦਕਾਂ ਤੋਂ ਲੈ ਕੇ ਚੈਨਲਾਂ ਵਾਲੇ ਵੱਡੀਆਂ ਸਿਆਸੀ ਪਾਰਟੀਆਂ ਦੇ ਆਗੂ ਸਾਹਿਬ ਕਾਂਸ਼ੀ ਰਾਮ ਤੋਂ ਮਿਲਣ ਲਈ ਸਮਾਂ ਮੰਗਣ ਲੱਗੇ। ਪੈਦਲ ਸਾਇਕਲ, ਕਾਰ, ਜੀਪ, ਸਫਾਰੀ ਗੱਡੀ ਤੋਂ ਹਵਾਈ ਜਹਾਜ ਤੱਕ ਦੇ ਸਫਰ ਦੀ ਕਹਾਣੀ ਲੂਅ ਕੰਡੇ ਖੜੇ ਕਰਨ ਵਾਲੀ ਹੈ। ਪੈਰਾਂ ਚ ਛਾਲੇ, ਪਿੱਠ ਪਿੱਛੇ ਜ਼ਖ਼ਮ ਪਰ ਬਹੁਜਨ ਸਮਾਜ ਦੇ ਰਾਜ ਭਾਗ ਲਈ ਦਿਨ ਰਾਤ ਕੰਮ ਕਰਨ ਵਾਲੇ ਨਾ ਕਦੇ ਰੁਕੇ, ਨਾ ਕਦੇ ਥੱਕੇ ਦਾ ਨਾਮ ਹੈ ਸਾਹਿਬ ਕਾਂਸ਼ੀ ਰਾਮ।

ਕਾਂਸ਼ੀ ਰਾਮ ਦੀ ਰਣਨੀਤੀ ਬਹੁਤੀ ਵਾਰ ਕਾਮਯਾਬ ਰਹੀ। ਉਹ ਮਜਬੂਤ ਸਰਕਾਰਾਂ ਦੀ ਥਾਂ ਮਜਬੂਰ ਸਰਕਾਰ ਦੇ ਹਾਮੀ ਸਨ ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਜਦੋਂ ਸਰਕਾਰਾਂ ਮਜਬੂਰ ਹੋਣਗੀਆਂ ਤਾਂ ਚੋਣਾਂ ਮਗਰੋਂ ਮੇਰਾ ਬਹੁਜਨ ਸਮਾਜ ਰਾਜ ਸੱਤਾ ਵੱਲ ਤੇਜੀ ਨਾਲ ਹੋਰ ਅੱਗੇ ਵਧੇਗਾ।

ਜਿਸ ਸਮਾਜ ਚ ਕਾਂਸ਼ੀ ਰਾਮ ਪੈਦਾ ਹੋਏ, ਉਸ ਸਮਾਜ ਨਾਲ ਸਦਾ ਨਫਰਤ ਹੁੰਦੀ ਰਹੀ, ਵਿਤਕਰਾ ਹੁੰਦਾ ਰਿਹਾ ਪਰ ਕਾਂਸ਼ੀ ਰਾਮ ਨੇ ਖੁਦ ਆਪਣੇ ਆਪ ਨੂੰ ਰਾਜਨੀਤੀ ਦੇ ਖੇਤਰ ਚ ਸਥਾਪਤ ਕਰ ਲਿਆ ਕਿ ਆਪਣੇ ਜਿਉਂਦੇ ਜੀਅ ਬਹੁਜਨ ਸਮਾਜ ਪਾਰਟੀ ਨੂੰ ਦੇਸ਼ ਦੀ ਤੀਜੀ ਸੱਭ ਤੋਂ ਵੱਡੀ ਪਾਰਟੀ ਬਣਾ ਗਏ। ਅੱਜ ਦੋ ਕਰੋੜ ਤੋਂ ਵੱਧ ਵੋਟਰ ਪਾਰਟੀ ਨਾਲ ਜੁੜੇ ਹੋਏ ਹਨ।

ਯੂਪੀ ਸਰਕਾਰ ਬਣਾ ਕੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਾ ਕੇ ਪਾਰਟੀ ਦੀਆਂ ਤਰਜੀਹਾਂ ਮੁਤਾਬਕ ਜਦੋਂ ਕੰਮ ਕਰਨੇ ਸ਼ੁਰੂ ਕਰ ਦਿੱਤੇ ਤਾਂ ਵਿਰੋਧੀਆਂ ਦੇ ਪਸੀਨੇ ਛੁੱਟਣੇ ਸ਼ੁਰੂ ਹੋ ਗਏ। ਅੱਜ ਵੀ ਲਖਨਊ ਵਿਖੇ ਬਾਬਾ ਸਾਹਿਬ ਦੇ ਨਾਮ ਤੇ ਬਣੀ ਇਤਿਹਾਸਕ ਪਾਰਕ ਨੂੰ ਭਾਰਤ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲੋਕ ਜੋ ਸੈਰ ਸਪਾਟਾ ਕਰਨ ਆਉਂਦੇ ਹਨ ਦੇਖ ਕੇ ਭਾਰਤ ਦੇ ਗੌਰਵਮਈ ਇਤਿਹਾਸ ਤੋਂ ਜਿੱਥੇ ਜਾਣੂੰ ਹੁੰਦੇ ਹਨ, ਉਥੇ ਕਮਾਈ ਪੱਖੋਂ ਵੀ ਭਾਰਤ ਦਾ ਦੂਜਾ ਸਥਾਨ ਵੀ।



ਸੰਤੋਖ ਸਿੰਘ ਜੱਸੀ
91-70876-19800

ਸਾਹਿਬ ਕਾਂਸ਼ੀ ਰਾਮ ਨੇ 1973 ਵਿੱਚ ਤਹਿ ਕਰ ਲਿਆ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਘੱਟ ਗਿਣਤੀਆਂ ਭਾਵ ਮੁਸਲਮਾਨ, ਇਸਾਈ, ਸਿੱਖ, ਬੁੱਧ, ਅਤੇ ਪਾਰਸੀ ਆਦਿ ਘੱਟ ਗਿਣਤੀਆਂ ਲਈ ਬਾਮਸੇਫ ਨਾਮ ਦੀ ਮੁਲਾਜਮਾ ਦੀ ਸੰਸਥਾ ਬਣਾਈ ਜਾਵੇਗੀ ਜਿਸ ਦਾ 6 ਦਸੰਬਰ 1978 ਨੂੰ ਐਲਾਨ ਕਰ ਦਿੱਤਾ ਜਿਸ ਨਾਲ ਪੜ੍ਹੇ ਲਿਖੇ ਲੱਖਾਂ ਲੋਕ ਜੁੜ ਗਏ ਜਿਨ੍ਹਾਂ ਕੋਲ ਸਮਾਂ, ਦਿਮਾਗ ਤੇ ਪੈਸਾ ਹੁੰਦਾ ਉਹ ਸਮਾਜ ਨੂੰ ਅਤੀਤ ਬਾਰੇ ਵਰਤਮਾਨ ਤੇ ਭਵਿੱਖ ਨੂੰਸੁਨਹਿਰਾ ਬਨਾਉਣ ਲਈ ਡਿਊਟੀ ਸਮੇਂ ਤੋਂ ਪਹਿਲਾਂ ਤੇ ਬਾਅਦ ਵਿੱਚ ਨਿਸ਼ਕਾਮ ਸੇਵਾ ਭਾਵਨਾ ਨਾਲ ਲੱਗੇ ਰਹੇ। ਕਦੇ ਬਾਮਸੇਫ ਨੂੰ ਚੱਲਦੀ ਫਿਰਦੀ ਯੂਨੀਵਰਸਿਟੀ ਆਖਿਆ ਜਾਂਦਾ ਸੀ।

ਸਾਹਿਬ ਕਾਂਸ਼ੀ ਰਾਮ ਨੇ ਜਿੰਦਗੀ ਵਿੱਚ 'ਬਾਮਸੇਫ ਇੱਕ ਜਾਣਕਾਰੀ' ਤੇ 'ਚਮਚਾ ਯੁੱਗ' ਦੋ ਹੀ ਕਿਤਾਬਾਂ ਲਿਖੀਆਂ। ਇਸ਼ ਤੋਂ ਇਲਾਵਾ ਕਈ ਬੁਕਲੈਟ, ਪੈਂਫਲਿਟ ਅੱਧੀ ਦਰਜਨ ਤੋਂ ਵੱਧ ਵੱਖ ਵੱਖ ਭਾਸ਼ਾਵਾਂ ਚ ਅਖਬਾਰਾਂ ਰਾਹੀਂ ਉਹਨਾਂ ਸਮਾਜ ਨੂੰ ਸਰਗਮੀਆਂ ਇਤਿਹਾਸ ਵਾਰੇ ਤੇ ਸਮਾਜ ਨੂੰ ਧੋਖਾ ਦੇਣ ਵਾਲੇ ਲੋਕਾਂ ਦਾ ਪਰਦਾਫਾਸ਼ ਕੀਤਾ।

ਬਾਮਸੇਫ 6 ਦਸੰਬਰ 1978 ਤੋਂ ਬਾਅਦ 6 ਦਸੰਬਰ 1981 ਨੂੰ ਮੁਲਾਜਮਾਂ ਲਈ ਸੰਘਰਸ਼ ਕਰਨ ਲਈ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ (ਡੀਐਸਫੋਰ।) ਅਤੇ ਆਪਣੇ ਸੂਬਿਆਂ ਤੇ ਦੇਸ਼ ਦੇ ਹੁਕਮਰਾਨ ਬਣਨ ਲਈ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਦਾ ਗਠਨ ਕਰਕੇ ਬਹੁਜਨ ਸਮਾਜ ਨੂੰ ਮੁੜ ਆਪਣਾ ਸਿਆਸੀ ਮੰਚ ਦਿੱਤਾ।

ਸਾਹਿਬ ਕਾਂਸ਼ੀ ਰਾਮ ਨੂੰ ਯਾਦ ਕਰਦਿਆਂ ਉਹਨਾਂ ਦੇ ਬੋਲ ਚੇਤੇ ਆਉਂਦੇ ਹਨ ਕਿ 'ਤੁਸੀਂ ਬੰਦੇ ਬਣ ਜਾਉ, ਮੈਂ ਬੰਦੇ ਦੇ ਪੁੱਤ ਬਣਾ ਦੇਵਾਂਗਾ, ਜੋ ਜਮੀਨ ਸਰਕਾਰੀ ਹੈ ਵੋ ਜਮੀਨ ਹਮਾਰੀ ਹੈ ਆਦਿ ਸੁਣਨ ਤੋਂ ਬਾਅਦ ਜੋ ਅਕਾਸ਼ ਜਗਾਓ ਨਾਹਰੇ ਲੱਗਦੇ ਸਨ, ਸੱਚਮੁੱਚ ਇਹ ਇਕ ਪ੍ਰੀਵਰਤਨ ਦੀ ਨਿਸ਼ਾਨੀ, ਇਨਕਲਾਬ ਦੀ ਖੁਸ਼ਬੂ ਵਗਦੀ ਲੱਗਦੀ ਹੈ। ਕਾਂਸ਼ੀ ਰਾਮ ਦੇ ਜਾਣ ਤੋਂ ਬਾਅਦ ਉਹਨਾਂ ਦੇ ਸਜਾਏ ਮਾਨਵਵਾਦੀ, ਬਹੁਜਨ ਪੱਖੀ ਸੁਪਨੇ ਸਾਕਾਰ ਹੁੰਦੇ, ਸਮਾਜ ਦੇਖਣਾ ਚਾਹੁੰਦਾ ਹੈ।

ਉਹਨਾਂ ਦੇ ਸਮਾਜ, ਦੇਸ਼ ਲਈ ਕੀਤਾ ਸਮਰਪਣ ਭਾਵਨਾ ਨਾਲ ਕੰਮ ਵਰਕਰਾਂ, ਸਮਰਥਕਾਂ ਨੂੰ ਸੌਣ ਨਹੀਂ ਦਿੰਦੇ। ਉਹਨਾਂ ਦੇ ਜਨਮ ਦਿਨ ਤੇ ਸਾਨੂੰ ਉਹਨਾਂ ਦੁਆਰਾ ਦਿੱਤੇ 'ਟਿਪਸ' ਯਾਦ ਰੱਖਣ ਯੋਗ ਹਨ।

ਗਲਤੀਆਂ ਤੋਂ ਜਿਹੜੀਆਂ ਕੌਮਾਂ/ਸਮਾਜ ਸਬਕ ਸਿੱਖ ਕੇ ਅੱਗੇ ਵਧਣ ਲਈ ਸਮੂਹਿਕ ਕੋਸ਼ਿਸ਼ਾਂ ਕਰਦੀਆਂ ਹਨ ਸਫਲਤਾ ਉਹਨਾਂ ਲਈ ਦਰਵਾਜੇ ਖੋਲ ਦਿੰਦੀ ਹੈ।

ਆਓ ਸਾਰੇ ਇਕਮੁੱਠ ਹੋ ਕੇ ਉਹਨਾਂ ਦੇ ਦਰਸਾਏ ਪੂਰਨਿਆਂ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਕੋਸ਼ਿਸ਼ ਕਰਨ ਵਾਲੇ ਆਖਰ ਮੰਜਿਲ ਤੇ ਪੁੱਜ ਹੀ ਜਾਂਦੇ ਹਨ। ਉਹਨਾਂ ਦੇ ਭਾਰਤ ਦੀ ਰਾਜਨੀਤੀ ਤੇ ਸਮਾਜਿਕ ਬਦਲਾਓ ਤਾਂ ਨਵ ਚੇਤਨਾ ਕਾਰਨ ਹਾਸ਼ੀਆ-ਗ੍ਰਸਤ ਸਮਾਜ ਚ ਪਾਏ ਵਡਮੁੱਲੇ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਸਾਹਿਬ ਕਾਂਸ਼ੀ ਰਾਮ ਬਾਰੇ ਕੁੱਝ ਤੱਥ ਕੁੱਝ ਜਾਣਕਾਰੀ ਇਹ ਵੀ

- ਸਾਹਿਬ ਕਾਂਸ਼ੀ ਰਾਮ ਇਕ ਅਜਿਹਾ ਮਨੁੱਖ ਸੀ ਜਿਸ ਨੇ ਸਾਰੀ ਸਾਰੀ ਰਾਤ ਕੇਡਰ ਕੈਂਪ ਲਗਾਏ।
- ਮਹਾਤਮਾ ਬੁੱਧ, ਗੁਰੂ ਗ੍ਰੰਥ ਸਾਹਿਬ ਦੇ ਖਾਸ ਕਰਕੇ ਸੰਤ, ਗੁਰੂ, ਭਗਤ ਗੁਰੂ ਰਵਿਦਾਸ, ਕਬੀਰ, ਮਹਾਤਮਾ ਫੂਲੇ ਸਾਹੂ ਛਤ੍ਰਪਤੀ ਤੇ ਬਾਬਾ ਸਾਹਿਬ, ਬਾਬੂ ਮੰਗੂ ਰਾਮ ਮੁਗੋਵਾਲੀਆ ਆਦਿਤੋਂ ਬਾਅਦ ਦਲਿਤ, ਗਰੀਬ ਸ਼ਬਦ ਦੀ ਥਾਂ ਬਹੁਜਨ ਸਮਾਜ ਸ਼ਬਦ ਵਰਤਿਆ।
- 1978 ਤੋਂ 1985 ਤੱਕ ਕਾਂਸ਼ੀ ਰਾਮ ਦੀ ਅਗਵਾਈ ਚ ਬਾਮਸੇਫ ਨੇ ਦੇਸ਼ ਦੇ ਉੱਤਰੀ ਸੰਗਠਨ ਖਿਤੇ ਵਿੱਚ ਜਬਰਦਸਤ ਕੰਮ ਕੀਤਾ ਅਤੇ ਮਹਾਂਰਾਸ਼ਟਰ ਤੋਂ ਬਾਅਦ ਪੰਜਾਬ, ਹਿਮਾਚਲ ਤੱਕ ਲਹਿਰ ਚਲਾਈ। ਇਸੇ ਲਹਿਰ ਚੋਂ ਡੀ।ਐਸ।ਫੋਰ। ਅਤੇ ਬੀ।ਐਸ।ਪੀ। ਨਾਂ ਦੇ ਰਾਜਸੀ ਮੰਚ ਦੇ ਉਦੈ ਹੋਇਆ।
- ਕਾਂਸ਼ੀ ਰਾਮ ਆਜ਼ਾਦੀ ਤੋਂ ਬਾਅਦ ਪਹਿਲਾ ਅਜਿਹਾ ਸ਼ਕਤੀਸ਼ਾਲੀ ਮਨੁੱਖ ਰਿਹਾ, ਜਿਸ ਨੇ ਮੁਲਾਜਿਮ ਜਥੇਬੰਦੀ ਦੇ ਮੰਚ ਰਾਹੀਂ ਭਾਰਤ ਦੇ ਬਹੁਜਨਾਂ ਨੂੰ ਭਾਰਤ ਦੀਆਂ ਹਕੀਕਤਾਂ ਤੋਂ ਜਾਣੂੰ ਕਰਾਉਣ ਦਾ ਬੀੜ੍ਹਾ ਚੁੱਕਿਆ।
- ਕਾਂਸ਼ੀ ਰਾਮ ਕੇਵਲ ਮਨੁੱਖ ਨਹੀਂ ਸੀ, ਉਹ ਸਿਰ ਚੜ੍ਹ ਕੇ ਬੋਲਿਆ ਤੇ ਵਰਜਿਆ। ਜਿਸ ਦੀਆਂ ਵਾਹੀਆ ਪਗਡੰਡੀਆਂ ਨੇ ਇਕ ਦਿਨ ਨੈਸ਼ਨਲ ਹਾਈਵੇ ਤੱਕ ਪਹੁੰਚ ਜਾਣ ਦੀਆਂ ਸੰਭਾਵਨਾਵਾਂ ਮਜ਼ਬੂਤ ਹਨ।
- ਕਾਂਸ਼ੀ ਰਾਮ ਭਾਰਤੀ ਇਨਕਲਾਬੀ ਇਤਿਹਾਸ ਉਤੇ ਸਾਹਿਤ ਦੇ ਮਹਾਂ ਨਾਇਕਾ ਦੀ ਲੜੀ ਵਿੱਚ ਜੜਿਆ ਇਕ ਅਨਮੋਲ ਹੀਰਾ ਸਾਬਿਤ ਹੋਇਆ।
- ਕਾਂਸ਼ੀ ਰਾਮ 20ਵੀਂ ਸਦੀ ਦਾ ਜ਼ੋਰਾਵਰ ਮਹਾਂ ਨਾਇਕ ਹੈ।
- ਜੇ ਬਾਬਾ ਸਾਹਿਬ ਕਰਕੇ ਕਾਂਸ਼ੀ ਰਾਮ ਸੀ ਤਾਂ ਕਾਂਸ਼ੀ ਰਾਮ ਕਰਕੇ ਬਾਬਾ ਸਾਹਿਬ ਦਾ ਨਾਂ ਭਾਰਤ ਦੀ ਧਰਤੀ ਤੇ ਦੁਨੀਆਂ ਦੀਆਂ ਬਰੂਹਾਂ ਤੱਕ ਪਹੁੰਚਿਆ।
- ਕੜਕਦੀ ਕ੍ਰਾਂਤੀ ਦਾ ਉਹ ਰੂਪ ਸਨ, ਉਹ ਵਡੇਰੀ ਤੇ ਸੰਘਰਸ਼ ਲਈ ਜ਼ਿੰਦਗੀ ਜੀਅ ਗਏ।
- 24 ਸਤੰਬਰ 1982 ਨੂੰ ਬੂਟਾ ਮੰਡੀ ਜਲੰਧਰ ਵਿਖੇ ਪੂਨਾ ਪੈਕਟ ਧਿਕਾਰ ਦਿਵਸ ਮੌਕੇ ਮਾਇਆਵਤੀ ਵੀ ਨਾਲ ਸੀ।
- ਭਾਰਤ ਵਿੱਚ ਜੋ ਹੁਣ ਸਮਾਜਿਕ-ਰਾਜਨੀਤਕ ਤਬਦੀਲੀਆਂ ਦੇਖੀਆਂ ਜਾ ਰਹੀਆਂ ਹਨ, ਉਹਨਾਂ ਪਿੱਛੇ ਕਾਂਸ਼ੀ ਰਾਮ ਦਾ ਲੰਬਾ ਸੰਘਰਸ਼ ਖੜਾ ਹੈ।
- ਕਾਂਸ਼ੀ ਰਾਮ ਦੀ ਲੰਬੀ ਲਹਿਰ ਸਦਕਾ ਭਾਰਤ ਅੰਦਰ ਅੱਜ ਦਲਿਤ ਚੇਤਨਤਾ ਬਹੁਤ ਤੇਜ਼ੀ ਨਾਲ ਅੱਗੇ ਵਧੀ ਹੈ।
- ਭਾਰਤ ਅੰਦਰ ਦਲਿਤ ਸਾਹਿਤ, ਜੋ ਭਰਤ ਦਾ ਅਸਲੀ ਸਾਹਿਤ ਹੈ, ਕਾਂਸ਼ੀ ਰਾਮ ਦੇ ਸੰਘਰਸ਼ ਦੌਰਾਨ ਹੀ ਉਭਰਿਆ ਅਤੇ ਵਰਤਿਆ।
- ਮਾਇਆਵਤੀ ਦਲਿਤ ਲਹਿਰ ਦੀ ਉਪਜ ਹੈ।
- 1980 ਤੋਂ ਪਹਿਲਾਂ ਜੋ ਭਾਰਤ ਸੁੱਨਾਂ ਪਿਆ ਸੀ, ਉਹ ਕਾਂਸ਼ੀ ਰਾਮ ਅਤੇ ਉਸਦੇ ਕਾਫਲੇ ਦੇ ਕਦਮਾਂ ਦੀ ਥਮ-ਥਮਾਹਟ ਨਾਲ ਜਾਗ ਉਠਿਆ ਸੀ। ਅਸਮਾਨਾ ਤੱਕ ਉਡਦੀ ਧੂੜ ਨੇ ਕਾਫਲਿਆਂ ਦੀ ਚੜ੍ਹਦੀ ਕਲਾ ਦੇ ਸੰਕੇਤ ਦੇ ਦਿੱਤੇ ਸਨ ਕਿ ਕੋਈ ਬਲਾ ਵਰਤ ਕੇ ਰਹਿਣ ਵਾਲੀ ਹੈ।
- ਕਾਂਸ਼ੀ ਰਾਮ ਜ਼ੋਰਾਵਰ ਇਤਿਹਾਸ ਬਣਕੇ ਜੀਵਿਆ ਹੈ।
- ਕਾਂਸ਼ੀ ਰਾਮ ਇਨਕਲਾਬ ਇਕ ਪੂਰਾ ਯੁੱਗ ਸੀ ਜੋ ਦਹਾਕਿਆਂ ਤੱਕ ਲਾਵਿਆਂ ਵਾਂਗ ਉਠਿਆ ਤੇ ਵਰ੍ਹਦਾ ਰਿਹਾ।
- ਸਾਹਿਬ ਕਾਂਸ਼ੀ ਰਾਮ ਦਾ ਕਹਿਣਾ ਸੀ ਕਿ ਮੇਰੇ ਬਾਬਾ ਸਾਹਿਬ ਕਿਤਾਬਾਂ ਇਕੱਠੀਆਂ ਕਰਦੇ ਰਹੇ ਤੇ ਮੈਂ ਲੋਕ !

(ਤਰੱਕੀ ਮਿਲਣ ਤੇ ਵਿਸ਼ੇਸ਼)

# ਦਲੇਰੀ, ਬਹਾਦਰੀ, ਹੌਸਲੇ ਅਤੇ ਦ੍ਰਿੜਤਾ ਦਾ ਨਾਮ ਹੈ-ਕਸ਼ਮੀਰ ਸਿੰਘ ਗਿੱਲ ਸੂਬੇਦਾਰ ਮੇਜਰ

ਜਿਹਨਾਂ ਇਨਸਾਨਾਂ ਚ ਨਿਸ਼ਕਾਮ ਦੇਸ਼ ਭਗਤੀ ਦੀ ਭਾਵਨਾ ਦ੍ਰਿੜ੍ਹ ਹੁੰਦੀ ਹੈ, ਉਹ ਲੱਖ ਮੁਸੀਬਤਾਂ, ਔਕੜਾਂ, ਰੁਕਾਵਟਾਂ ਦੇ ਬਾਵਜੂਦ ਵੀ ਹੌਸਲੇ ਬੁਲੰਦ ਅਤੇ ਨਿਡਰ ਆਪਣੇ ਮਿੱਥੇ ਪੰਧ ਤੇ ਤੁਰ ਪੈਂਦੇ ਹਨ । ਉਹ ਬਹੁਤ ਹੀ ਘੱਟ ਇਨਸਾਨ ਹੁੰਦੇ ਹਨ ਜੋ ਮੌਤ ਨੂੰ ਮਖੌਲਾਂ ਕਰ ਦ੍ਰਿੜ ਵਿਸ਼ਵਾਸ ਰਹਿੰਦੇ ਆਪਣੀ ਮੰਜ਼ਿਲ ਨੂੰ ਤਹਿ ਕਰਨ ਲਈ ਚਾਲੇ ਪਾਈ ਰੱਖਦੇ ਹਨ ਅਤੇ ਜਿਸ ਰਸਤੇ ਹਰ ਵਕਤ ਮੌਤ ਦਾ ਖੌਫ ਅਤੇ ਹਥਿਆਰਾਂ ਦੀ ਛਾਂ ਹੇਠ ਜ਼ਿੰਦਗੀ ਗੁਜ਼ਰੇ ਉੱਤੇ ਕੋਈ ਹੌਸਲੇ ,ਦਲੇਰੀ ਅਤੇ ਮਜ਼ਬੂਤ ਦਿਲ ਵਾਲਾ ਇਨਸਾਨ ਹੀ ਤੁਰ ਸਕਦਾ ਹੈ। ਉਸ ਰਸਤੇ ਧਨ ਦੌਲਤਾਂ ਦਾ ਲਾਲਚ ਵੀ ਇਨਸਾਨ ਨੂੰ ਤੁਰਨ ਤੇ ਮਜਬੂਰ ਨਹੀਂ ਕਰ ਸਕਦਾ,ਪਰ ਦੇਸ਼ ਭਗਤੀ ਦੀ ਭਾਵਨਾ ਅੱਗੇ ਇਹ ਸਭ ਫਿੱਕਾ ਹੀ ਨਹੀਂ ਪੈਂਦਾ ਬਲਕਿ ਨਾਮੁਮਕਿਨ ਨੂੰ ਮੁਮਕਿਨ ਵੀ ਬਣਾ ਦਿੰਦਾ ਹੈ।

ਦੇਸ਼ ਦੇ ਅਣਖੀਲੇ ਫੌਜੀ ਨੌਜਵਾਨ ਵੀਰ ਫੌਜਾਂ ਭਰਤੀ ਹੋ ਕੇ ਦੁਸ਼ਮਣਾਂ ਤੋਂ ਦੇਸ਼ ਦੀ ਸੁਰੱਖਿਆ ਲਈ ਆਪਣੇ ਸਿਰ ਮੌਤ ਦਾ ਕੱਫਣ ਬੰਨ, ਫੌਜ਼ੀ ਵਰਦੀ ਪਾਕੇ ਸਰਹੱਦਾਂ ਤੇ ਦਿਨ ਅਤੇ ਰਾਤਾਂ ਅੱਖਾਂ ਚ ਝਾਕਦੇ ਸਰਹੱਦਾਂ ਦੀ ਰਾਖੀ ਕਰਦੇ ਬੁਲੰਦ ਹੌਸਲੇ ਚ ਰਹਿੰਦੇ ਹਨ।ਉਹਨਾਂ ਨੂੰ ਦੁਸ਼ਮਣਾਂ ਦੀਆਂ ਮੌਤ ਰੂਪੀ ਰਾਈਫਲਾਂ, ਟੈਂਕ,ਗੋਲੇ,ਮਿਜ਼ਾਇਲਾਂ ਸਾਹਮਣੇ ਦਿਸਦੇ ਹੋਣ ਹੋਣ ਦੇ ਬਾਵਜੂਦ ਵੀ ਉਹ ਦੇਸ਼ ਭਗਤੀ ਭਾਵਨਾ ਨਾਲ ਇਸ ਔਖਿਆਲੇ ਪੰਧ ਤੇ ਚੜ੍ਹਦੀ ਕਲਾ ਚ ਰਹਿੰਦੇ ਹਨ ਅਤੇ ਦੁਸ਼ਮਣਾਂ ਦੀਆਂ ਗੋਲੀਆਂ ਸਾਹਮਣੇ ਛਾਤੀਆਂ ਤਾਣ ਖੜਦੇ ਦੇਸ਼ ਦੀ ਆਣ,ਬਾਣ ਅਤੇ ਸ਼ਾਨ ਨੂੰ ਬਰਕਰਾਰ ਰੱਖਦੇ ਹਨ ।ਕਿਸੇ ਲੇਖਕ ਦੀਆਂ ਸਤਰਾਂ



"ਮੱਚਦੀਆਂ ਅੱਗਾਂ ਉੱਪਰੋਂ ਦੀ ਲੰਘਦੇ
ਕਦੇ ਨਾ ਤੂਫਾਨਾਂ ਮੂਹਰੇ ਹਾਰ ਮੰਨਦੇ
ਬਸ ਜਿੱਥੇ ਇੱਕ ਵਾਰੀ ਹਿੱਕ ਠੋਕਦੀ
ਫਿਰ ਨਹੀਓਂ ਝੁੱਕਦੇ
ਖੜ੍ਹਜੇ ਪੰਜਾਬੀ ਜਿੱਥੇ ਪੈਰ ਗੱਗਕੇ ਨਾ ਫਿਰ ਪਿੱਛੇ ਪੁੱਟਦੇ"

ਉਹਨਾਂ ਉੱਤੇ ਖੂਬ ਢੁੱਕਦੀਆਂ, ਉਹਨਾਂ ਦੀ ਬਹਾਦਰੀ ਦੀ ਸ਼ਾਹਦੀ ਭਰਦੀਆਂ ਹਨ।

ਉਹਨਾਂ ਹੀ ਦੇਸ਼ ਭਗਤਾਂ ਚੋਂ ਕਸ਼ਮੀਰ ਸਿੰਘ ਗਿੱਲ ਸੂਬੇਦਾਰ ਮੇਜ਼ਰ ਨੇ ਇਸ ਪੰਧ ਤੇ ਕਦਮ ਰੱਖਿਆ ਅਤੇ ਲੱਖ ਔਕੜਾਂ, ਸਮੱਸਿਆਵਾਂ, ਪ੍ਰਸਥਿਤੀਆਂ ਨਾਲ ਜੂਝਦਿਆਂ ਅੱਜ ਇਸ ਸੂਬੇਦਾਰ ਮੇਜਰ ਦਾ ਮੁਕਾਮ ਨੂੰ ਹਾਸਿਲ ਕੀਤਾ ਹੈ।

ਦੇਸ਼ ਦੇ ਫੌਜ਼ੀ ਜਵਾਨ ਕਸ਼ਮੀਰ ਸਿੰਘ ਗਿੱਲ (ਸੂਬੇਦਾਰ ਮੇਜਰ) ਨੇ ਸ਼ਹੀਦ ਊਧਮ ਸਿੰਘ ਸੁਨਾਮ ਦੇ ਜਿਲ੍ਹੇ ਸੰਗਰੂਰ ਦੀ ਤਹਿਸੀਲ ਭਵਾਨੀਗੜ੍ਹ ਦੀ ਪੂਰਬੀ ਵੱਖੀ 'ਚ ਵਸੇ ਪਿੰਡ ਬੀਂਬੜ ਵਿਖੇ 20 ਜੁਲਾਈ 1978 ਨੂੰ ਪਿਤਾ ਸ੍ਰ ਮੇਵਾ ਸਿੰਘ ਦੇ ਵਿਹੜੇ ਮਾਤਾ ਸ੍ਰੀਮਤੀ ਸੁਰਜੀਤ ਕੌਰ ਦੀ ਕੁੱਖੋਂ ਚ ਇਸ ਕੁਦਰਤੀ ਫਿਜ਼ਾ ਚ ਪਹਿਲੀ ਕਿਲਕਾਰੀ ਮਾਰੀ ਸੀ। ਪਿੰਡ ਵਿੱਚੋਂ ਫੌਜ਼ ਵਿੱਚ ਭਰਤੀ ਜਵਾਨਾਂ ਤੋਂ ਬਹਾਦਰੀ ਦੇ ਕਿੱਸੇ ਸੁਣ ਫੌਜ਼ ਵਿੱਚ ਭਰਤੀ ਹੋਣ ਦਾ ਨਿਸਚਾ ਕਰ ਲਿਆ। ਪੰਜ ਭਰਾਵਾਂ ਚੋਂ ਸਭ ਤੋਂ ਛੋਟੇ ਅਤੇ ਗਰੀਬ ਪਰਿਵਾਰ ਦੇ ਕਸ਼ਮੀਰ ਸਿੰਘ ਦਸਵੀਂ ਪਾਸ ਕਰਦਿਆਂ ਹੀ ਦੇਸ਼ ਭਗਤੀ ਦੀ ਪ੍ਰਬਲ ਭਾਵਨਾਂ ਕਰਕੇ ਫੌਜ ਦੀ ਫਸਟ ਸਿੱਖਲਾਈ ਯੂਨਿਟ ਵਿੱਚ ਜਾ ਭਰਤੀ ਹੋਇਆ।

ਨਿਡਰਤਾ, ਜ਼ਜਬਾ, ਬਹਾਦਰੀ, ਦਲੇਰੀ, ਦ੍ਰਿੜ ਅਤੇ ਬੁਲੰਦ ਹੌਸਲਾ, ਮਜ਼ਬੂਤ ਵਿਸ਼ਵਾਸ ਪੰਜਾਬੀਆਂ ਦੀ ਰਗ ਰਗ ਚ ਖੂਨ ਨਾਲ ਵਹਿਦਾ ਹੈ। ਹਿੰਮਤ ਅਤੇ ਮਿਹਨਤ ਇਹਨਾਂ ਇਹਨਾਂ ਨੂੰ ਨਿਵੇਕਲਾਪਣ ਪ੍ਰਦਾਨ ਕਰਦੀ ਹੈ, ਸੋ ਕਸ਼ਮੀਰ ਸਿੰਘ ਗਿੱਲ ਵੀ ਇੱਕ ਪੰਜਾਬੀ ਸਰਦਾਰ ਹੈ।

"ਧਰਤੀ ਪੰਜਾਬੀ ਜੰਮਦੀ ਹੈ ਸੂਰਮੇ
ਹੁੰਦੇ ਨੇ ਜਵਾਨ ਖਾ ਖਾਕੇ ਚੂਰਮੇ
ਗਾਨਾ ਬੰਨ ਮਾਵਾਂ ਹੱਥੀਂ ਆਪ ਤੋਰਦੀਆਂ ਨੇ ਦਲੇਰ ਬੜੀਆਂ
ਪੰਜਾਬ ਵਿੱਚ ਜੰਮਿਆ ਨੂੰ ਨਿੱਤ ਰਹਿੰਦੀਆਂ ਨੇ ਮੁਹਿੰਮਾਂ ਖੜੀਆਂ"

ਸ੍ਰ।ਗਿੱਲ ਨੇ ਇੱਕ ਸੰਖੇਪ ਮੁਲਾਕਾਤ ਦੌਰਾਨ ਇਜ਼ਹਾਰ ਕੀਤਾ ਕਿ ਉਸਦਾ ਮਨ ਫੌਜੀ ਵਰਦੀ ਪਾਕੇ ਦੇਸ਼ ਸੇਵਾ ਲਈ ਦ੍ਰਿੜ ਨਿਸਚਿਤ ਸੀ। ਸੋ ਦਸਵੀਂ ਪਾਸ ਕਰਦਿਆਂ ਹੀ ਉਹ ਫੌਜ 'ਚ ਭਰਤੀ ਹੋ ਗਿਆ। ਫਤਿਹਗੜ੍ਹ (ਯੂ ਪੀ) ਤੋਂ ਫੌਜ ਮੁੱਢਲੀ ਟ੍ਰੇਨਿੰਗ ਪੂਰੀ ਹੁੰਦਿਆਂ ਹੀ ਉਸਦੀ ਡਿਊਟੀ ਪਾਕਿਸਤਾਨ ਸਰਹੱਦ ਤੇ ਜੰਮੂ ਕਸ਼ਮੀਰ ਦੇ ਪੁਣਛ ਰਾਜੌਰੀ ਖੇਤਰ ਚ ਲੱਗ ਗਈ।ਉਹ ਕਦੇ ਵੀ ਪਾਕਿਸਤਾਨੀ ਫੌਜਾਂ ਨੂੰ ਸਾਹਮਣੇ ਦੇਖ ਘਬਰਾਇਆ ਨਹੀਂ ਅਤੇ ਨਾਂ ਹੀ ਪਛਤਾਵਾ ਕੀਤਾ, ਸਗੋਂ ਨਿਡਰਤਾ, ਚਾਅ, ਦਲੇਰੀ ਅਤੇ ਮੁਸਤੈਦੀ ਨਾਲ ਡਟ ਕੇ ਡਿਊਟੀ ਨਿਭਾਈ। ਉਸਨੇ ਦੱਸਿਆ ਕਿ ਕਾਰਗਿਲ ਜੰਗ ਸਮੇਂ ਵੀ ਉਹ ਪਾਕਿਸਤਾਨ ਸਰਹੱਦ ਤੇ ਰਾਜੌਰੀ ਸੈਕਟਰ ਚ ਤਾਇਨਾਤ ਸੀ।

ਉਸਦਾ ਕਹਿਣਾ ਹੈ ਕਿ ਉਸਦੀ ਜਿਆਦਾ ਸਰਵਿਸ ਸਰਹੱਦਾਂ ਤੇ ਹੀ ਲੰਘੀ ਹੈ। ਪਰ ਉਸਨੂੰ ਕਦੇ ਵੀ ਮੌਤ ਦੇ ਖੌਫ ਤੋਂ ਘਬਰਾਹਟ ਨਹੀਂ ਹੋਈ। ਜੰਮੂ ਕਸ਼ਮੀਰ ਦੇ ਲੇਹ, ਲੱਦਾਖ, ਪੁਣਛ, ਰਾਜੌਰੀ, ਕਾਰਗਿਲ, ਗੁਲਮਾਰਗ ਵਿਖੇ ਪਾਕਿਸਤਾਨੀ



ਬਾਰਡਰ ਤੇ, ਅਰੁਣਾਚਲ ਪ੍ਰਦੇਸ਼ ਚ ਮਨਚੂਕਾ ਵਿਖੇ ਚੀਨ ਬਾਰਡਰ ਤੇ ਉਸਦੀ ਪਲਟਨ ਨੇ ਦੇਸ਼ ਦੀ ਰਾਖੀ ਲਈ ਤਨਦੇਹੀ ਅਤੇ ਮੁਸਤੈਦੀ ਨਾਲ ਸੇਵਾਵਾਂ ਨਿਭਾਈਆਂ ਹਨ। ਬਰਫਾਨੀ ਤੂਫਾਨਾਂ, ਸੀਤ ਹਵਾਵਾਂ,ਮਨਫੀ ਤਾਪਮਾਨ, ਬਰਸਾਤ ਵਰਗੀਆਂ ਘਾਤਕ ਭੂਗੋਲਿਕ ਪ੍ਰਸਥਿਤੀਆਂ ਵਿੱਚ ਵੀ ਦਿਲ ਮਜਬੂਤ ਰੱਖਿਆ ਹੈ।ਮਨਫੀ ਤਾਪਮਾਨ ਚ ਸਰਹੱਦ ਦੀ ਰਾਖੀ ਦੇ ਫਰਜ਼ ਲਈ ਘਾਲਣਾ ਘਾਲਦਿਆਂ ਅਤੇ ਬਰਫ ਤੇ ਪੈਦਲ ਚੱਲਦਿਆਂ ਸਰੀਰ ਨੂੰ ਗਰਮੀ ਆ ਜਾਂਦੀ ਹੈ। ਉਸਨੇ ਫੌਜ ਚ ਰਹਿੰਦਿਆਂ ਨੌਕਰੀ ਦੇ ਨਾਲ ਨਾਲ ਪੜਾਈ ਵੀ ਕੀਤੀ ਹੈ।

ਸਿਪਾਹੀ ਤੋਂ ਸੂਬੇਦਾਰ ਮੇਜਰ ਤੱਕ ਤਰੱਕੀ ਸਖਤ ਘਾਲਣਾ ਘਾਲੀ ਹੈ। ਉਸਦਾ ਇਹ ਵੀ ਕਹਿਣਾ ਹੈ ਕਿ ਮਾਂ ਦੀਆਂ ਦੁਆਵਾਂ ਅਤੇ ਉਸਦੀ ਜੀਵਨ ਸਾਥਣ ਦੀਆਂ ਸ਼ੁਭ ਕਾਮਨਾਵਾਂ ਸਦਾ ਉਸਦੇ ਨਾਲ ਹਨ, ਜਿਸਨੇ ਉਸਨੂੰ ਕਦੇ ਵੀ ਆਪਣੇ ਮਕਸਦ ਤੋਂ ਡੋਲਣ ਨਹੀਂ ਦਿੱਤਾ ਤਾਂ ਹੀ ਉਹ ਕਈ ਵਾਰ ਵਰ੍ਹਦੀਆਂ ਦੁਸ਼ਮਣਾਂ ਦੀਆਂ ਗੋਲੀਆਂ ਚੋਂ ਹਮੇਸ਼ਾ ਬਚ ਨਿੱਕਲਿਆ ਹੈ। ਬਹਾਦਰੀ ਨਾਲ ਮਰਦਾਂ ਵਾਂਗ ਸ਼ਹੀਦ ਹੁੰਦੇ ਸਾਥੀਆਂ ਦੇ ਹੌਸਲੇ ਨੇ ਮੈਂਨੂੰ ਹਮੇਸ਼ਾ ਦ੍ਰਿੜ੍ਹ ਮਜਬੂਤ ਕੀਤਾ ਅਤੇ ਵੈਰੀਆਂ ਦੇ ਦੰਦ ਖੱਟੇ ਕਰਨ ਲਈ ਉਤਸ਼ਾਹ ਦਿੱਤਾ। ਇੱਕ ਗੀਤ ਦੀਆਂ ਸਤਰਾਂ ਸਾਨੂੰ ਦਲੇਰੀ ਅਤੇ ਹੌਸਲਾ ਦਿੰਦੀਆਂ ਹਨ-



ਇੰਜੀ ਸਤਨਾਮ ਸਿੰਘ ਮੱਟੂ

91-97797-08257

71 ਤੇ ਕਾਰਗਿਲ ਵਿੱਚ ਪਾਕਿ ਵੀ ਸਵਾਦ ਚੱਖ ਦੇਖ ਗਿਆ ਸਬਕ ਸਿਖਾਇਆ ਸਿੱਖ ਰੈਜ਼ੀਮੈਂਟ ਨੇ ਮੁੜ ਹੌਸਲਾ ਨਹੀਂ ਪਿਆ 1 8 ਸਿਖਲਾਈ ਭਾਰਤੀਯ ਫੌਜ ਨੂੰ ਸਾਹ ਲਵੇ ਪੁੱਛ ਕੇ ਖੜ੍ਹਜੇ ਪੰਜਾਬੀ ਜਿੱਥੇ ਪੈਰ ਗੱਡ ਨਾ ਫਿਰ ਪਿੱਛੇ ਪੁੱਟਦੇ

ਸਲੂਟ ਹੈ ਮੇਰੀ ਮਾਂ ਦੀਆਂ ਦੁਆਵਾਂ ਅਤੇ ਜੀਵਨ ਸਾਥਣ ਦੀ ਸ਼ੁਭਕਾਮਨਾਵਾਂ ਨੂੰ, ਜੋ ਸਦਾ ਮੈਂਨੂੰ ਅੱਗੇ ਵਧਣ ਲਈ ਮਾਰਗ ਦਰਸ਼ਕ ਬਣਦੀਆਂ ਹਨ।

ਉਸਦਾ ਕਹਿਣਾ ਹੈ ਕਿ ਫੌਜ਼ ਵਿੱਚ ਸਾਰੇ ਸਮੇਤ ਅਫਸਰ ਇੱਕ ਪਰਿਵਾਰ ਦੀ ਤਰ੍ਹਾਂ ਵਿਚਰਦੇ ਹਨ।ਕਿਸੇ ਨਾਲ ਕਿਸੇ ਤਰ੍ਹਾਂ ਦਾ ਕੋਈ ਭੇਦਭਾਵ ਨਹੀਂ ਕੀਤਾ ਜਾਂਦਾ। ਪਿਆਰ, ਮੁਹੱਬਤ, ਪਰਿਵਾਰਕ, ਧਾਰਮਿਕ ਅਤੇ ਸਮਾਜਿਕ ਸਾਂਝੀਵਾਲਤਾ ਦੀ ਕੜੀ ਨੂੰ ਮਜ਼ਬੂਤ ਰੱਖਣ ਨੂੰ ਪਹਿਲ ਹੁੰਦੀ ਹੈ।

ਉਸਨੇ ਦੱਸਿਆ ਉਸਦੇ ਬੇਟੇ ਅਤੇ ਬੇਟੀ ਨੂੰ ਪਿਤਾ ਫੌਜੀ ਹੋਣ ਉੱਤੇ ਅਤੇ ਮੇਰੇ ਮਾਪਿਆਂ, ਪਰਿਵਾਰ, ਪਿੰਡ,ਦੋਸਤਾਂ ਅਤੇ ਇਲਾਕੇ ਨੂੰ ਸੂਬੇਦਾਰ ਮੇਜਰ ਹੋਣ ਤੇ ਮਾਣ ਹੈ। ਅੱਜਕਲ ਉਹ ਆਪਣੀ ਜੀਵਣ ਸਾਥਣ ਰਣਦੀਪ ਕੌਰ, ਬੇਟੀ ਰਮਨਦੀਪ ਅਤੇ ਬੇਟੇ ਹਰਦੀਪ ਨਾਲ ਨਾਭਾ ਵਿਖੇ ਰਹਿ ਰਿਹਾ ਹੈ।ਉਸਨੇ ਦੱਸਿਆ ਕਿ ਉਸਨੂੰ ਹੁਣੇ ਹੁਣੇ ਸੂਬੇਦਾਰ ਤੋਂ ਸੂਬੇਦਾਰ ਮੇਜਰ ਦੀ ਤਰੱਕੀ ਮਿਲੀ ਹੈ।

ਮੌਜੂਦਾ ਸਮੇਂ ਪੀ ਐਸ ਐਮ (ਪੋਟੈਂਸ਼ੀਅਲ ਸੂਬੇਦਾਰ ਮੇਜਰ) ਦੀ ਟ੍ਰੇਨਿੰਗ ਲਈ ਬੰਬਈ ਵਿਖੇ ਤਾਇਨਾਤ ਹੈ। ਉਸਦਾ ਹੌਸਲਾ ਬੁਲੰਦ ਅਤੇ ਮਨ ਚ ਦਲੇਰੀ ਹੈ। ਡਰ ਨਾਮ ਦੀ ਚੀਜ਼ ਨੂੰ ਫੌਜੀ ਜਵਾਨ ਕਦੇ ਆਪਣੇ ਨਹੀਂ ਢੁੱਕਣ ਦਿੰਦਾ। ਫੁਰਤੀਲਾਪਣ, ਮੁਸਤੈਦੀ, ਹਿੰਮਤ, ਅਨੁਸ਼ਾਸਨ ਆਦਿ ਫੌਜੀ ਜਵਾਨ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਵਾਹਿਗੁਰੂ ਇਸ ਜਵਾਨ ਨੂੰ ਤੰਦਰੁਸਤੀ ਅਤੇ ਲੰਮੀਆਂ ਉਮਰਾਂ ਬਖਸ਼ੇ।

# ਸਾਹਿਤਕ ਮਾਫੀਏ ਦੇ ਸ਼ਿਕਾਰ ਲੇਖਕ

ਡਾ ਧਰਮਪਾਲ ਸਾਹਿਲ

ਪੰਜਾਬ ਵਿੱਚ ਡਰੱਗ ਮਾਫੀਆ, ਰੇਤ ਮਾਫੀਆ, ਜ਼ਮੀਨ ਮਾਫੀਆ, ਜੰਗਲ ਮਾਫੀਆ, ਟ੍ਰਾਂਸਪੋਰਟ ਮਾਫੀਆ, ਕੇਬਲ ਮਾਫੀਆ ਵਾਂਗ ਹੀ ਕਈ ਦਹਾਕਿਆਂ ਤੋਂ ਸਾਹਿਤਕ ਮਾਫੀਆ ਵੀ ਪੂਰੀ ਤਰ੍ਹਾਂ ਸਰਗਰਮ ਹੈ। ਇਸ ਮਾਫੀਆ ਬਾਰੇ ਹਾਲ ਵਿੱਚ ਹੀ ਛਪੇ ਨਾਵਲ 'ਖਿੱਦੋ' (ਜਸਬੀਰ ਭੁੱਲਰ), ਹਨ੍ਹੇਰੇ ਦਾ ਚੀਰਹਰਣ (ਸੋਮਾ ਸਬਲੋਕ) ਆਦਿ ਪੁਸਤਕਾਂ ਦੇ ਨਾਲ-ਨਾਲ ਨਾਵਲਿਸਟ ਮਿੱਤਰਸੇਨ ਮੀਤ ਨੇ ਪੰਜਾਬ ਦੇ ਭਾਸ਼ਾ ਵਿਭਾਗ ਨੂੰ ਅਦਾਲਤ ਵਿੱਚ ਘੜੀਸ ਕੇ ਉਸ ਵੱਲੋਂ ਐਲਾਨੇ ਗਏ ਬੀਤੇ ਛੇ ਸਾਲਾਂ ਦੇ ਸ਼ਿਰੋਮਣੀ ਪੁਰਸਕਾਰਾਂ ਉੱਤੇ ਕਾਨੂੰਨੀ ਰੋਕ ਲੁਆ ਕੇ ਤੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਸਾਹਿਤਕ ਮਾਫੀਆ ਦੇ ਕਿਰਦਾਰ ਸੰਬੰਧੀ ਅਖਬਾਰਾਂ ਵਿੱਚ ਲੇਖ ਲਿਖ ਕੇ ਇਨ੍ਹਾਂ ਦੇ ਤੇਂਦੂਆ ਜਾਲ ਨੂੰ ਨੰਗਿਆਂ ਕੀਤਾ ਹੈ, ਜਿਸ ਕਰਕੇ ਸਾਹਿਤਕ ਖੇਤਰ ਵਿੱਚ ਸਰਗਰਮ ਇਸ ਮਾਫੀਆ ਦੇ ਸਰਗਣਿਆਂ ਵਿੱਚ ਖਲਬਲੀ ਮਚੀ ਹੋਈ ਹੈ। ਲੰਮੇ ਸਮੇਂ ਤੋਂ ਸਾਹਿਤਕਾਰਾਂ ਦਾ ਇੱਕ ਬਹੁਤ ਵੱਡਾ ਵਰਗ ਇਸ ਜੁਗਾੜੂ ਸਾਹਿਤਕ ਮਾਫੀਆ ਦੀ ਮਾਰ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਇਸ ਸਾਹਿਤਕ ਮਾਫੀਆ ਨੇ ਸਾਹਿਤ ਵਿੱਚ ਇੱਕ ਵਿਸ਼ੇਸ਼ ਸਿਆਸੀ ਸੋਚ ਦੇ ਆਧਾਰ 'ਤੇ ਸਿਆਸਤ ਅਤੇ ਸਾਹਿਤ ਨੂੰ ਰਲਗੱਡ ਕਰਕੇ ਆਪਣਾ ਸਿਆਸੀ ਮੁਕਾਮ ਕਾਇਮ ਰੱਖਿਆ ਹੋਇਆ ਹੈ। ਲੇਖਕ ਸਭਾਵਾਂ ਅਤੇ ਸਾਹਿਤ ਅਕਾਦਮੀਆਂ ਦੇ ਨਾਂ 'ਤੇ ਵਿਸ਼ੇਸ਼ ਸਿਆਸੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ, ਉਸ ਵਿਚਾਰਧਾਰਾ ਵਾਲੇ ਨੂੰ ਹੀ ਲੇਖਕ ਮੰਨਣਾ, ਉਨ੍ਹਾਂ ਦੀਆਂ ਪੁਸਤਕਾਂ 'ਤੇ ਗੋਸ਼ਟੀਆਂ ਕਰਾਉਣਾ, ਖੋਜ ਕਰਾਉਣਾ, ਵੱਡੇ ਪੁਰਸਕਾਰ ਦਿਵਾਉਣਾ, ਵਿਸ਼ਵ ਸਾਹਿਤਕ ਕਾਨਫਰੰਸਾਂ ਵਿੱਚ ਬੁਲਾਉਣਾ, ਅਖੌਤੀ ਪ੍ਰਗਤੀਸ਼ੀਲਤਾ ਦੇ ਨਾਂ 'ਤੇ ਹੋਰ ਲੇਖਕਾਂ ਨੂੰ ਨਜ਼ਰ ਅੰਦਾਜ਼ ਕਰਨਾ, ਆਪਣੀਆਂ ਲਿਖਤਾਂ ਵਿੱਚ ਸੱਤਾ ਅਤੇ ਸਿਸਟਮ ਦਾ ਸਖਤ ਵਿਰੋਧ ਕਰਦਿਆਂ ਉਸੇ ਸੱਤਾ ਦੀ ਝੋਲੀ ਵਿੱਚ ਡਿਗ ਕੇ ਵੱਡੇ-ਵੱਡੇ ਇਨਾਮ-ਸਨਮਾਨ ਹਾਸਿਲ ਕਰਨਾ ਤੇ ਆਪਣੇ ਚਹੇਤਿਆਂ ਨੂੰ ਦਿਵਾਉਣਾ, ਯੂਨੀਵਰਸਿਟੀ ਤੇ ਕਾਲਜਾਂ ਵਿੱਚ ਲੈਕਚਰਾਰਾਂ ਤੇ ਪ੍ਰੋਫੈਸਰਾਂ ਦੀਆਂ ਨਿਯੁਕਤੀਆਂ ਕਰਾਉਣਾ, ਉਨ੍ਹਾਂ ਦੀਆਂ ਪੁਸਤਕਾਂ 'ਤੇ ਪੀਐੱਚਡੀ ਜਾਂ ਐੱਮ ਫਿਲ ਕਰਾਉਣਾ, ਇਸ ਸਾਹਿਤਕ ਮਾਫੀਏ ਦਾ ਅਕੀਦਾ ਰਿਹਾ ਹੈ। ਇਸ ਮਾਫੀਏ ਦਾ ਜਾਲ਼ ਸਕੂਲਾਂ, ਕਾਲਜਾਂ, ਵਿਸ਼ਵਵਿਦਿਆਲਿਆਂ, ਸਰਕਾਰੀ ਗ਼ੈਰਸਰਕਾਰੀ ਸਾਹਿਤਕ ਅਦਾਰਿਆਂ, ਮੰਤਰਾਲਿਆਂ ਅਤੇ ਪਾਠਕ੍ਰਮ, ਪੁਰਸਕਾਰ ਚੋਣ ਕਮੇਟੀਆਂ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਤਕ ਫੈਲਿਆ ਹੋਇਆ ਹੈ। ਸਮਾਜ ਦੀ ਹਰ ਇੱਕ ਉਹ ਬੁਰਾਈ, ਜਿਸਦਾ ਇਹ ਸਾਹਿਤਕ ਮਾਫੀਆ ਆਪਣੀਆਂ ਲਿਖਤਾਂ ਅਤੇ ਲੈਕਚਰਾਂ ਵਿੱਚ ਵਿਰੋਧ ਕਰਦਾ ਹੈ, ਉਸ ਨੂੰ ਜੜ੍ਹੋਂ ਪੁੱਟਣ ਲਈ ਲੋਕਾਂ ਨੂੰ ਪ੍ਰੇਰਦਾ ਹੈ, ਆਪ ਉਸੇ ਦਲਦਲ ਵਿੱਚ ਗੱਲ-ਗੱਲ ਤਾਈਂ ਗਲਤਾਨ ਹੋਇਆ ਪਿਆ ਹੈ। ਇਸ ਮਾਫੀਆ ਦੇ ਵਧੇਰੇ ਮੈਂਬਰ ਉਹੀ ਹੱਥਕੰਡੇ ਅਪਣਾਉਂਦੇ ਹਨ, ਜਿਹੜੇ ਗ਼ੈਰ ਲੇਖਕ ਜਾਂ ਸਾਧਾਰਣ ਲੋਕ ਅਪਣਾਉਂਦੇ ਹਨ।

ਬਹੁਤ ਸਾਰੇ ਲੇਖਕਾਂ ਵਾਂਗ ਹੀ ਖਾਕਸਾਰ ਵੀ ਇਸ ਸਾਹਿਤਕ ਮਾਫੀਏ ਦਾ ਸ਼ਿਕਾਰ ਹੋਇਆ ਹੈ। ਇਨ੍ਹਾਂ ਅਦਾਰਿਆਂ ਦੇ ਹੇਠਲੇ ਯੂਨਿਟ ਤੋਂ ਰਾਜਪੱਧਰੀ ਬਾਡੀ ਵਿੱਚ ਬੀਤੇ 30-35 ਵਰ੍ਹਿਆਂ ਤਕ ਬਤੌਰ ਨਿਰੋਲ ਲੇਖਕ ਵਿਚਰਿਆਂ ਹਾਂ। ਇਸ ਮਾਫੀਏ ਦੀ ਅਖੌਤੀ ਪ੍ਰਗਤੀਸ਼ੀਲ ਵਿਚਾਰਧਾਰਾ ਨੂੰ ਪਰਣਾਏ ਹੋਏ ਲੇਖਕਾਂ ਨੂੰ ਹੀ ਲੇਖਕ ਮੰਨਣ ਦੀ ਕਸੌਟੀ 'ਤੇ ਪੂਰਾ ਨਾ ਉੱਤਰਦਿਆਂ ਮੈਨੂੰ ਵੀ ਇਨ੍ਹਾਂ ਦੀ ਨਜ਼ਰਅੰਦਾਜ਼ਗੀ ਦਾ ਸ਼ਿਕਾਰ ਹੋਣਾ ਪਿਆ ਹੈ। ਸਾਹਿਤਕ ਦ੍ਰਿਸ਼ਟੀ ਤੋਂ ਸਿਰਕੱਢ ਇੱਕ ਪੰਜਾਬੀ ਅਖਬਾਰ ਵਿੱਚ ਖਾਕਸਾਰ ਬੀਤੇ 30-35 ਵਰ੍ਹਿਆ ਤੋਂ ਛਪਦਾ ਆ ਰਿਹਾ ਸੀ। ਇੱਕ ਵੱਡਾ ਸੰਜੀਦਾ ਪਾਠਕ ਵਰਗ ਖਾਕਸਾਰ ਨਾਲ ਜੁੜਿਆ ਹੋਇਆ ਸੀ। ਕੁਝ ਵਰ੍ਹੇ ਪਹਿਲੋਂ ਅਜਿਹੇ ਹੀ ਸਾਹਿਤਕ ਮਾਫੀਏ ਦੇ ਇੱਕ ਸਿਰਕੱਢ ਬੁੱਧੀਜੀਵੀ ਲੇਖਕ ਦੇ ਸੰਪਾਦਕ ਬਣਦਿਆਂ ਹੀ ਖਾਕਸਾਰ ਦੀਆਂ ਰਚਨਾਵਾਂ ਦੀ ਉਸ ਅਖਬਾਰ ਵਿੱਚ ਪ੍ਰਕਾਸ਼ਨਾ ਬੰਦ ਕਰ ਦਿੱਤੀ ਗਈ। ਇਸ ਵਿਤਕਰੇ ਸੰਬੰਧੀ ਉਕਤ ਸੰਪਾਦਕ ਨੂੰ ਪੱਤਰ ਲਿਖ ਕੇ ਕਾਰਣ ਪੁੱਛਿਆ ਪਰ ਉਸ ਨੇ ਅੱਜ ਤਕ ਇਸਦਾ ਜਵਾਬ ਹੀ ਨਹੀਂ ਦਿੱਤਾ। ਹੋਰ ਖੋਜ-ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਸ ਸੰਪਾਦਕ ਵੱਲੋਂ ਵਿਸ਼ੇਸ਼ ਵਿਚਾਰਧਾਰਾ ਦੇ ਲੇਖਕਾਂ ਨੂੰ ਹੀ ਛਾਪਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। 30-35 ਵਰ੍ਹਿਆਂ ਤੋਂ ਮੇਰੇ ਨਾਲ ਜੁੜੇ ਹੋਏ ਮੇਰੇ ਸੈਂਕੜੇ ਪਾਠਕ ਮੇਰੇ ਤੋਂ ਟੁੱਟ ਗਏ ਹਨ। ਕੱਟੜ ਫਿਰਕਾਪ੍ਰਸਤ ਲੋਕਾਂ ਹੱਥੋਂ ਕੁਲਬੁਰਗੀ, ਦਭੋਲਕਰ, ਲੰਕੇਸ਼ ਵਰਗੇ ਲੇਖਕਾਂ ਅਤੇ ਪੱਤਰਕਾਰਾਂ ਦੇ ਕਤਲ ਤੇ ਇਹ ਲੋਕ ਹਾਅ ਦਾ ਨਾਰ੍ਹਾ ਮਾਰਦੇ ਹਨ। ਲੇਕਿਨ ਆਪਣੀ ਵਿਚਾਰਧਾਰਾ ਦੀ ਕੱਟੜਤਾ ਹੇਠ ਜਦੋਂ ਕਿਸੇ ਲੇਖਕ ਦੀ ਜ਼ਿਉਂਦਿਆਂ ਜੀ ਹੱਤਿਆ ਕਰਦੇ ਹਨ, ਇਹ ਇਨ੍ਹਾਂ ਨੂੰ ਨਜ਼ਰ ਨਹੀਂ ਆਉਂਦਾ। ਇਸ ਨਜ਼ਰੀਏ ਤੋਂ ਇਹ ਸਾਹਿਤਕ ਮਾਫੀਏ ਵਾਲੇ ਵੀ ਕਿਸੇ ਕੱਟੜ ਫਿਰਕਾਪ੍ਰਸਤਾਂ ਤੋਂ ਘੱਟ ਨਹੀਂ ਹਨ। ਹੁਣ ਤਕ ਸਾਹਿਤਕ ਦ੍ਰਿਸ਼ਟੀ ਤੋਂ ਅਣਗੌਲੇ ਕੰਢੀ ਖੇਤਰ ਦੀ ਸੰਸਕ੍ਰਿਤੀ, ਸੱਭਿਆਚਾਰ, ਬੋਲੀ ਦੀਆਂ ਸਮੱਸਿਆਵਾਂ ਅਤੇ ਜਨਜੀਵਨ ਨੂੰ ਖਾਕਸਾਰ ਨੇ ਮੌਲਿਕ ਤੇ ਨਵੇਕਲੇ ਤਿੰਨ ਨਾਵਲਾਂ (ਪਥਰਾਟ, ਕੁਆਰਝਾਤ, ਮਨ੍ਹੇ) ਕੰਢੀ ਬੋਲੀ ਦਾ ਸ਼ਬਦ ਸੰਗ੍ਰਹਿ (ਪੰਜਾਬੀ ਯੂਨੀਵਰਸਿਟੀ) ਲੋਕ ਗੀਤ ਸੰਗ੍ਰਹਿ, ਕੰਢੀ ਦੀ ਸੱਭਿਆਚਾਰਕ ਵਿਰਾਸਤ, ਕੰਢੀ ਦੀਆਂ ਵਿਲੱਖਣਤਾਵਾਂ ਅਤੇ ਵਿਭਿੰਨਤਾਵਾਂ ਸੱਤ ਪੁਸਤਕਾਂ ਰਾਹੀਂ ਪੰਜਾਬੀ ਦੀ ਮੁੱਖ ਧਾਰਾ ਨਾਲ ਜੋੜਨ ਦੇ ਬਾਵਜੂਦ (ਇਨ੍ਹਾਂ ਸਾਹਿਤਕ ਅਦਾਰਿਆਂ ਦਾ ਮੈਂਬਰ ਹੁੰਦਿਆਂ ਹੋਇਆ ਵੀ) ਕਦੇ ਨੋਟਿਸ ਨਹੀਂ ਲਿਆ ਗਿਆ। ਇਹ ਬੁੱਧੀਜੀਵੀ ਤਾਂ ਇਨ੍ਹਾਂ ਨੂੰ ਭੇਜੀਆਂ ਜਾਂਦੀਆਂ ਪੁਸਤਕਾਂ ਦੀ ਪਹੁੰਚ ਰਸੀਦ ਤਕ ਨਹੀਂ ਦਿੰਦੇ। ਮੇਰੇ ਵਰਗੇ ਪਤਾ ਨਹੀਂ ਕਿੰਨੇ ਹੋਰ ਨਵੇਂ-ਪੁਰਾਣੇ ਲੇਖਕ ਇਸ ਸਾਹਿਤਕ ਮਾਫੀਏ ਦਾ ਸ਼ਿਕਾਰ ਹੋ ਰਹੇ ਹਨ।

ਇਸ ਸਾਹਿਤਕ ਮਾਫੀਏ ਦੇ ਕਥਿਤ ਬੁੱਧੀਜੀਵੀ ਜਦੋਂ ਕਿਸੇ ਵਿਸ਼ੇ 'ਤੇ ਗੋਸ਼ਟੀ ਜਾਂ ਸੈਮੀਨਾਰ ਵਿੱਚ ਬੋਲਦੇ ਹਨ ਤਾਂ ਇਨ੍ਹਾਂ ਪਾਸ ਪੰਜਾਬੀ ਜਾਂ ਭਾਰਤੀ ਇਤਿਹਾਸ-ਮਿਥਿਹਾਸ, ਜੀਵਨ ਦਰਸ਼ਨ, ਫਿਲਾਸਫਰ ਜਾਂ ਚਿੰਤਕ ਦੀ ਕੋਈ ਉਦਾਹਰਣ ਨਹੀਂ ਹੁੰਦੀ ਸਗੋਂ ਵਿਦੇਸ਼ੀ ਸੱਭਿਆਚਾਰ ਤੇ ਸੰਸਕ੍ਰਿਤੀ, ਲੇਖਕਾਂ, ਕਵੀਆਂ, ਫਿਲਾਸਫਰਾਂ, ਚਿੰਤਕਾਂ ਦੇ ਸੋਹਲੇ ਗਾਉਣਾ ਇਨ੍ਹਾਂ ਦਾ ਅਕੀਦਾ ਬਣਿਆ ਹੋਇਆ ਹੈ। ਉਨ੍ਹਾਂ ਦੀਆਂ ਪੁਸਤਕਾਂ ਦਾ ਜ਼ਿਕਰ ਕਰਨ ਵਿੱਚ ਆਪਣੀ ਸ਼ਾਨ ਸਮਝਦੇ ਹਨ। ਜਦੋਂ ਕਿ ਦੁਨੀਆ ਭਾਰਤੀ ਫਲਸਫੇ 'ਤੇ ਖੋਜ ਕਰ ਰਹੀ ਹੈ। ਉਹ ਸਾਡੇ ਫਲਸਫੇ ਅਤੇ ਜੀਵਨ ਪੱਧਤੀ ਨੂੰ ਅਪਣਾ ਰਹੇ ਹਨ। ਉਨ੍ਹਾਂ ਦੇ ਅਧਿਐਨ ਅਤੇ ਸੋਧ ਲਈ ਸਾਡੇ ਮੁਲਕ ਵਿੱਚ ਆ ਕੇ ਇੱਥੇ ਹੀ ਆਪਣਾ ਜੀਵਨ ਗੁਜ਼ਾਰ ਰਹੇ ਹਨ। ਇਹ ਮਾਫੀਏ ਵਾਲੇ ਆਪਣੇ ਹੀ ਮੁਲਕ ਅਤੇ ਸੰਸਕ੍ਰਿਤੀ ਨਾਲ ਕੋਝਾ ਮਜ਼ਾਕ ਕਰ ਰਹੇ ਹਨ। ਆਪਣੇ ਮੁਲਕ ਦੀ ਅਮੀਰ ਵਿਰਾਸਤ, ਗਣਿਤ, ਪੁਲਾੜ-ਨਕਸ਼ੱਤਰ ਵਿਗਿਆਨ, ਇਲਾਜ ਪੱਧਤੀ, ਭਾਸ਼ਾ, ਰਣਨੀਤੀ,

**ਇਸ ਸਾਹਿਤਕ ਮਾਫੀਏ ਦੇ ਕਥਿਤ ਬੁੱਧੀਜੀਵੀ ਜਦੋਂ ਕਿਸੇ ਵਿਸ਼ੇ 'ਤੇ ਗੋਸ਼ਟੀ ਜਾਂ ਸੈਮੀਨਾਰ ਵਿੱਚ ਬੋਲਦੇ ਹਨ ਤਾਂ ਇਨ੍ਹਾਂ ਪਾਸ ਪੰਜਾਬੀ ਜਾਂ ਭਾਰਤੀ ਇਤਿਹਾਸ-ਮਿਥਿਹਾਸ, ਜੀਵਨ ਦਰਸ਼ਨ, ਫਿਲਾਸਫਰ ਜਾਂ ਚਿੰਤਕ ਦੀ ਕੋਈ ਉਦਾਹਰਣ ਨਹੀਂ ਹੁੰਦੀ ਸਗੋਂ ਵਿਦੇਸ਼ੀ ਸੱਭਿਆਚਾਰ ਤੇ ਸੰਸਕ੍ਰਿਤੀ, ਲੇਖਕਾਂ, ਕਵੀਆਂ, ਫਿਲਾਸਫਰਾਂ, ਚਿੰਤਕਾਂ ਦੇ ਸੋਹਲੇ ਗਾਉਣਾ ਇਨ੍ਹਾਂ ਦਾ ਅਕੀਦਾ ਬਣਿਆ ਹੋਇਆ ਹੈ।**

ਰਾਜਨੀਤੀ ਸੰਬੰਧੀ ਖੋਜਾਂ ਨੂੰ ਮੂਲੋਂ ਹੀ ਨਜ਼ਰਅੰਦਾਜ਼ ਕਰਦਿਆਂ ਸਿਰਫ ਤੇ ਸਿਰਫ ਦੂਸਰੇ ਮੁਲਕਾਂ ਦਾ ਗੁਣਗਾਨ ਕਰਦੇ ਨਹੀਂ ਥੱਕਦੇ। ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿੱਚ ਇੰਜ ਪ੍ਰਦਰਸ਼ਿਤ ਕਰਦੇ ਹਨ ਕਿ ਜਿਵੇਂ ਪੰਜਾਬ ਜਾਂ ਭਾਰਤ ਦਾ ਵਿਸ਼ਵ ਸਾਹਿਤ, ਕਲਾ ਜਾਂ ਵਿਗਿਆਨ ਵਿੱਚ ਕੋਈ ਯੋਗਦਾਨ ਹੈ ਹੀ ਨਹੀਂ। ਸਕੂਲਾਂ ਅਤੇ ਵਿਸ਼ਵਵਿਦਿਆਲਿਆਂ ਦੇ ਪਾਠਕ੍ਰਮਾਂ, ਵਿਸ਼ੇਸ਼ ਕਰਕੇ ਸਾਹਿਤ, ਇਤਿਹਾਸ, ਸਮਾਜਸ਼ਾਸਤਰ, ਫਿਲਾਸਫੀ ਦੇ ਵਿਸ਼ਿਆਂ 'ਤੇ ਇਨ੍ਹਾਂ ਨੇ ਕੇਵਲ ਆਪਣੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਵਾਲੀਆਂ ਲਿਖਤਾਂ ਨੂੰ ਹੀ ਤਰਜੀਹ ਦਿੱਤੀ ਹੈ। ਆਪਣੇ ਕਈ ਇਨਕਲਾਬੀਆਂ, ਮਹਾਨ ਫਿਲਾਸਫਰਾਂ ਅਤੇ ਚਿੰਤਕਾਂ ਨੂੰ ਅਣਗੌਲਿਆਂ ਕੀਤਾ ਹੈ। ਭਾਸ਼ਾ ਦੇ ਨਾਂ 'ਤੇ ਵੀ ਰੱਜ ਕੇ ਰਾਜਨੀਤੀ ਕਰਦੇ ਹਨ। ਅਜ਼ਾਦੀ ਮਗਰੋਂ ਹੀ ਇਹ ਸਾਹਿਤਕ ਮਾਫੀਆ ਸਰਕਾਰ ਦੀ ਕੰਧੇੜੀ ਚੜ੍ਹ ਗਿਆ ਸੀ। ਦੋ ਸਾਲਾਂ ਮਗਰੋਂ ਜਦੋਂ ਵੀ ਇਨ੍ਹਾਂ ਦੇ ਅਹੁਦੇਦਾਰਾਂ ਦੀ ਚੋਣ ਹੁੰਦੀ ਹੈ ਤਾਂ ਇਹ ਲੋਕ ਸਿਆਸੀ ਲੋਕਾਂ ਵਾਂਗ ਹੀ ਚੋਣ ਲੜਦੇ ਹਨ। ਆਪਣੀ ਵਿਚਾਰਧਾਰਾ ਵਾਲੇ ਕਈ ਗੈਰ ਲੇਖਕ ਕਿਸਮ ਦੇ ਲੋਕਾਂ ਨੂੰ ਵੀ ਮੈਂਬਰ ਬਣਾ ਕੇ, ਕਈ ਕਿਸਮ ਦੇ ਲਾਲਚ ਦੇ ਕੇ ਵੋਟਾਂ ਪੁਆਈਆਂ ਜਾਂਦੀਆਂ ਹਨ। ਪੂਰੇ ਸਿਆਸੀ ਹੱਥਕੰਡੇ ਅਪਣਾ ਕੇ ਅਹੁਦਿਆਂ 'ਤੇ ਕਾਬਜ਼ ਹੋ ਕੇ ਆਪਣਾ ਮਾਫੀਆ ਰਾਜ ਕਾਇਮ ਰੱਖਦੇ ਹਨ।

# ਵਧਾਈਆਂ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ
ਵਧਾਈਆਂ ਜੀ ਵਧਾਈਆਂ ਜੀ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ।
ਗੁਰਪੁਰਬ ਖੁਸ਼ੀਆਂ ਨਾਲ ਮਨਾਈਏ ਜੀ
ਬਾਣੀ ਪੜ੍ਹੀਏ, ਸੁਣੀਏ ਤੇ ਮਨ ਵਸਾਈਏ ਜੀ
ਜਿਹੜੀ ਗੁਰੂ ਰਵਿਦਾਸ ਜੀ ਨੇ ਸਾਨੂੰ ਦਿੱਤੀ ਸਿੱਖਿਆ
ਉਹਨੂੰ ਸਮਝੀਏ ਤੇ ਸਮਝਾਈਏ ਜੀ
ਜਾਤਾਂ ਪਾਤਾਂ ਦੀਆਂ ਅਸੀਂ ਜੋ ਪਾ ਲਈਆਂ ਲੀਕਾਂ
ਇਹੋ ਲੀਕਾਂ ਅਸੀਂ ਮਿਟਾਈਏ ਜੀ
ਕੋਈ ਵੱਡਾ ਨਹੀਂ ਕੋਈ ਛੋਟਾ ਨਹੀਂ
ਗੱਲ ਦੱਸੀ ਗੁਰੂ ਦੀ ਸਮਝ ਅਸੀਂ ਜਾਈਏ ਜੀ
ਆਓ ਸਾਰੀਆਂ ਸੰਗਤਾਂ ਰਲ ਮਿਲ ਕੇ
ਨਗਰ ਕੀਰਤਨ ਅਸੀਂ ਸਜਾਈਏ ਜੀ
ਧੂੜ ਸੰਗਤ ਦੇ ਜੋੜਿਆਂ ਦੀ ਮੱਥੇ ਤੇ ਲਾ ਕੇ
ਆਪਣੇ ਮਨ ਨੂੰ ਨਿਰਮਲ ਬਣਾਈਏ ਜੀ
ਹਰ ਵਾਰ ਦੀ ਤਰ੍ਹਾਂ ਗੁਰੂ ਜੀ ਦੇ ਲੰਗਰ
ਨਾਲੇ ਛਕੀਏ ਤੇ ਨਾਲੇ ਛਕਾਈਏ ਜੀ
ਗੁਰੂ ਰਵਿਦਾਸ ਜੀ ਨੇ ਸਾਨੂੰ ਜੋ ਰਾਹ ਦੱਸਿਆ
ਉਸ ਰਸਤੇ ਤੇ ਪੈ ਜਾਈਏ ਜੀ
ਦਰਸ਼ਨ ਕਰਕੇ ਗੁਰੂ ਜੀ ਦੇ ਦਰ ਦੇ ਆਪਾਂ
ਜੀਊਣਾ ਮਰਨਾ ਸਫਲ ਬਣਾਈਏ ਜੀ
ਪਿੱਪਲਾਂਵਾਲੀਆ 'ਧਾਮੀ' ਸਭ ਸੰਗਤਾਂ ਨੂੰ
ਗੁਰਪੁਰਬ ਦੀਆਂ ਦਿੰਦਾ ਵਧਾਈਆਂ ਜੀ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ
ਗੁਰਪੁਰਬ ਦੀਆਂ ਹੋਣ ਵਧਾਈਆਂ ਜੀ
ਵਧਾਈਆਂ ਜੀ, ਵਧਾਈਆਂ ਜੀ
ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ ਜੀ।



ਜੁਗਿੰਦਰ ਧਾਮੀ ਪਿੱਪਲਾਂਵਾਲੀਆ
530-844-0987

# ਮੁੱਲ ਵਿਕੇ ਜੇ ਵਿਧਾਨਕਾਰ !



ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

ਚਾਅ ਲੋਕਾਂ ਨੂੰ 'ਚੋਣ ਨਤੀਜਿਆਂ' ਦਾ
ਕੋਈ ਆਏ ਗੀ ਨਵੀਂ ਸਰਕਾਰ ਯਾਰੋ।
ਆਗੂ ਗਿਣਤੀਆਂ ਮਿਣਤੀਆਂ ਵਿਚ ਰੁੱਝੇ
'ਜੋੜ-ਤੋੜ' ਕੀ ਹੋਊ ਦਰਕਾਰ ਯਾਰੋ।
ਬਾਂਦਰ-ਬਿੱਲੀਆਂ ਵਾਲ਼ੀ ਨਾ ਗੱਲ ਹੋ ਜੇ
ਕੋਈ ਚਾਰ ਨਾ ਜਾਵੇ 'ਮੱਕਾਰ' ਯਾਰੋ।
ਜਿਹਦੀ ਜਿੱਤ ਦੀ ਆਸ ਨਾ ਕਿਸੇ ਕੀਤੀ
ਉਸਤੋਂ ਡਰਦਿਆਂ ਚੜ੍ਹਿਆ ਬੁਖਾਰ ਭਾਈ।
ਚਾਹਵੇ 'ਕਮਲ' ਕਿ ਮੇਰੇ ਜਿਹੇ ਹੋਣ ਸਾਰੇ
ਖਿੜੇ 'ਫੁੱਲ' ਜੋ ਵੱਖੋ ਵੱਖ ਖਿੱਤਿਆਂ ਦੇ।
ਰੱਦੀ ਜਾਣਿਉਂ ਫਤਵਾ ਫਿਰ ਵੋਟਰਾਂ ਦਾ
ਮੁੱਲ ਪਏ ਜੇ 'ਐਮ।ਐਲ।ਏ' ਜਿੱਤਿਆਂ ਦੇ !

# ਕੌਮਾਂਤਰੀ ਮਹਿਲਾ ਦਿਵਸ ਸਬੰਧੀ

ਵਿਨੋਦ ਫ਼ਕੀਰਾ,ਸਟੇਟ ਐਵਾਰਡੀ
91-98721 97326

ਰਾਜਿਆਂ ਮਹਾਰਾਜਿਆ ਨੂੰ ਜਨਮ ਦੇਣ ਵਾਲੀ ਔਰਤ ਦੇ ਸਤਿਕਾਰ ਅਤੇ ਮਹੱਤਤਾ ਨੂੰ ਯਾਦ ਕਰਨ ਲਈ ਮਨਾਏ ਜਾਂਦੇ 'ਮਹਿਲਾ ਦਿਵਸ' ਦੀਆਂ ਆਪ ਸਾਰਿਆ ਨੂੰ ਬਹੁਤ ਬਹੁਤ ਵਧਾਈਆਂ। ਵਿਸ਼ਵ ਪੱਧਰ ਤੇ ਮਹਿਲਾ ਦਿਵਸੌ ਔਰਤਾਂ ਵੱਲੋਂ ਸਮਾਜਿਕ, ਸੱਭਿਆਚਾਰਕ, ਅਰਥਿਕ ਅਤੇ ਰਾਜਨੀਤਿਕ ਖੇਤਰ ਵਿਚ ਪਾਏ ਜਾਂਦੇ ਯੋਗਦਾਨ ਦੀ ਸ਼ਲਾਘਾ ਵੱਜੋਂ ਮਨਾਇਆ ਜਾਂਦਾ ਹੈ।

ਅੰਤਰ ਰਾਸ਼ਟਰੀ ਮਹਿਲਾ ਦਿਵਸ ਦਾ ਅਯੋਜਨ ਇੱਕ ਸਥਾਰਨ ਅੰਦਲੋਨ ਤੋਂ ਸੁ ਹੋਇਆ ਜਿਸ ਨੂੰ ਸੰਯੁਕਤ ਰਾਸ਼ਟਰ ਨੇ ਅੰਤਰ ਰਾਸਟਰੀ ਤੌਰ ਤੇ ਮੰਜੁਰੀ ਦਿੱਤੀ ਸੀ ਇਸ ਦੀ ਸੁਰੂਆਤ 8 ਮਾਰਚ ਸੰਨ 1908 ਵਿੱਚ ਹੋਈ ਉਸ ਸਮੇਂ ਨਿਊਯਾਰਕ ਸ਼ਹਿਰ ਵਿੱਚ 15 ਹਜ਼ਾਰ ਬੁਣਕਰ ਔਰਤਾਂ ਨੇ ਖਾਲੀ ਪਤੀਲਾ ਜਲੂਸੌ ਕੱਢਿਆ ਸੀ ਅਤੇ ਕੱਪੜਾ ਮਿੱਲਾਂ ਵਿੱਚ ਆਪਣੇ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਦੀ ਮੰਗ ਕੀਤੀ ਸੀ ਜਿਸ ਵਿੱਚ ਕੰਮ ਦੇ ਘੰਟੇ ਨਿਸ਼ਚਿਤ ਕਰਨੇ ਅਤੇ ਵੋਟ ਦੀ ਮੰਗ ਵੀ ਅਹਿਮ ਸੀ।ਇਹ ਬਹੁਤ ਦੁੱਖ ਦੀ ਗੱਲ ਹੈ ਕਿ ਜਿਸ ਔਰਤ ਤੋਂ ਬਿਨਾਂ ਸਮਾਜ ਦੀ ਕਲਪਨਾ ਹੀ ਨਹੀਂ ਕੀਤਾ ਜਾ ਸਕਦੀ , ਉਸੇ ਸਮਾਜ ਵੱਲੋਂ ਔਰਤ ਦਾ ਬਹੁਤ ਹੀ ਨਿਰਾਦਰ ਕੀਤਾ ਜਾਂਦਾ ਰਿਹਾ ਹੈ। ਮਹਿਲਾ ਦਿਵਸ ਅੰਤਰ ਰਾਸ਼ਟਰੀ ਪੱਧਰ ਤੇ ਪਹਿਲੀ ਬਾਰ 1911 ਤੋਂ ਮਨਾਇਆ ਜਾਣ ਲੱਗਾ ਇਸ ਦਿਵਸ ਨੂੰ ਅਸਟ੍ਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਰਜਰਲੈਂਡ ਵਿੱਚ ਮਨਾਇਆ ਗਿਆ ਇਸ ਦਾ 2011 ਵਿੱਚ ਸ਼ਤਾਬਦੀ ਸਮਾਰੌਹ ਬੜੀ ਧੂਮ ਧਾਮ ਨਾਲ ਮਨਾਇਆ ਗਿਆ।

ਨਾਰੀ ਸਮਾਜ ਦਾ ਅੱਧ ਹੈ ਲੇਕਿਨ ਸ਼ੁਰੂਆਤੀ ਸਮਿਆਂ ਤੋਂ ਇਸ ਨੂੰ ਕੰਮਜੋਰ ਅਤੇ ਮਰਦ ਮੁਕਾਬਲੇ ਹੀਣੀ ਅਤੇ ਘੱਟ ਦਰਜਾ ਦਿੱਤਾ ਗਿਆ ਹੈ । ਅਸਲ ਵਿੱਚ ਨਾਰੀ ਸਮਾਜ ਦਾ ਅਜਿਹਾ ਮਹੱਤਵਪੂਰਣ ਹਿੱਸਾ ਜਿਸ ਦੇ ਸਬੰਧੀ ਅਕਸਰ ਕਿਹਾ ਜਾਂਦਾ ਹੈ ਕਿ ਹਰੇਕ ਕਾਮਯਾਬ ਵਿਅਕਤੀ ਪਿੱਛੇ ਇੱਕ ਔਰਤ ਦਾ ਵੱਡਾ ਹੱਥ ਹੁੰਦਾ ਹੈ। ਲੇਕਿਨ ਸਮੁੱਚੇ ਸਮਾਜ ਦੇ ਵਿਕਾਸ ਵਿੱਚ ਨਾਰੀ ਦਾ ਕੰਮ ਹੈ ਦਰਅਸਲ ਮੁੱਢਲੇ ਬਾਲ ਵਿਕਾਸ, ਬੱਚਿਆਂ ਨੂੰ ਸੰਸਕਾਰ, ਉੱਤਮ ਅਤੇ ਅਗਾਂਹ ਵਧੂ ਵਿਚਾਰਾਂ ਦਾ ਵਿਕਾਸ ਕਰਨਾ ਨਾਰੀ ਵੱਲੋਂ ਹੀ ਨੇਪਰੇ ਚਾੜਿਆ ਜਾ ਸਕਦਾ ਹੈ, ਵਧੀਆ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਸਿਰਜਣਹਾਰੀ ਨਾਰੀ ਹੀ ਹੈ।ਅੱਜ "ਬੇਟੀ ਬਚਾਓ ਬੇਟੀ ਪੜਾਓ" ਅਤੇ ਲੜਕੀਆਂ ਵਾਸਤੇ ਬਣਾਈਆਂ ਯੋਜਨਾਵਾਂ ਬਣਾਉਣਾ ਨਾਰੀ ਨੂੰ ਵੱਧ ਤੋਂ ਵੱਧ ਮਹੱਤਤਾ ਦੇਣਾ ਅਤੇ ਉਸ ਨੂੰ ਸ਼ਸਕਤੀ ਦੇਣਾ ਹੈ। ਅੱਜ ਅੰਤਰ ਰਾਸ਼ਟਰੀਯ ਮਹਿਲਾ ਦਿਵਸ ਮਨਾਉਣ ਦਾ ਸਾਡਾ ਮਨੋਰਥ ਤਾਂ ਹੀ ਪੂਰਾ ਹੁੰਦਾ ਹੈ ਜੇਕਰ ਪਰਿਵਾਰਕ, ਸਮਾਜਿਕ, ਰਾਜਨੀਤਿਕ ਮਾਮਲਿਆ ਵਿੱਚ ਨਾਰੀ ਦੀ ਆਵਾਜ ਨੂੰ ਬੁਲੰਦ ਕਰਨਾ ਹੀ ਇੱਕ ਵਧੀਆ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਇਸ ਦੇ ਨਾਲ ਹੀ ਪੜੀਆਂ ਲਿਖੀਆਂ ਔਰਤਾਂ ਨੂੰ ਚਾਹੀਦਾ ਹੈ ਕਿ ਉਹ ਪੇਂਡੂ ਪੱਧਰ ਤੇ ਵੀ ਇਸ ਦਿਵਸ ਪ੍ਰਤੀ ਜਾਗਰੂਕ ਕਰਨ ਤਾਂ ਜੋ ਸਮਾਜ ਦੀਆਂ ਸਾਰੀਆਂ ਔਰਤਾਂ ਵਿੱਚ ਆਪਣੇ ਹੱਕ ਪ੍ਰਤੀ ਪੂਰੀ ਜਾਣਕਾਰੀ ਮਿਲ ਸਕੇ ਅਤੇ ਆਪਣੇ ਹਿੱਤਾਂ ਦੀ ਰਾਖੀ ਕਰਨ ਵਿੱਚ ਔਰਤ ਸਮਰੱਥ ਹੋ ਸਕੇ।

# ਬਲਜਿੰਦਰ ਮਾਨ ਦੀ ਪੁਸਤਕ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਕਲੱਬ ਵੱਲੋਂ ਜਾਰੀ

**ਮਾਹਿਲਪੁਰ–** ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵੱਲੋਂ ਉੱਘੇ ਲੇਖਕ ਬਲਜਿੰਦਰ ਮਾਨ ਦੀ ਪੁਸਤਕ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' 59 ਵੇਂ ਪ੍ਰਿੰ-ਸੀਪਲ ਹਰਭਜਨ ਸਿੰਘ ਆਲ ਇੰਡੀਆ ਯਾਦਗਾਰੀ ਫੁੱਟਬਾਲ ਟੂਰਨਾਮੈਂਟ ਮੌਕੇ ਜਾਰੀ ਕੀਤੀ ਗਈ। ਇਸ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪ੍ਰਿੰਸੀਪਲ ਡਾ ਜਸਪਾਲ ਸਿੰਘ ਅਤੇ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਪੁਸਤਕ ਦੇ ਪ੍ਰਕਾਸ਼ਨ ਨਾਲ ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਦਾ ਉਪਰਾਲਾ ਕੀਤਾ ਗਿਆ ਹੈ;ਜਿਸ ਵਿਚ ਭਾਰਤੀ ਫੁਟਬਾਲ ਦਾ ਇਤਿਹਾਸ ਅਤੇ ਮਾਹਿਲਪੁਰ ਦੀ ਨਰਸਰੀ ਦੇ ਦੋ ਸੌ ਦੇ ਕਰੀਬ ਖਿਡਾਰੀਆਂ ਦੀ ਜਾਣਕਾਰੀ ਹੈ।



ਬਲਜਿੰਦਰ ਮਾਨ ਨੇ ਦੋ ਸਾਲ ਦੀ ਸਖ਼ਤ ਮਿਹਨਤ ਤੋਂ ਬਾਅਦ ਇਸਦੀ ਸਿਰਜਣਾ ਕੀਤੀ। ਇਸ ਮੌਕੇ ਖੇਡ ਲੇਖਕ ਤੇ ਕੋਚ ਸੀਤਲ ਸਿੰਘ ਪਲਾਹੀ ਨੇ ਕਿਹਾ ਕਿ ਖੇਡ ਸਾਹਿਤ ਰਾਹੀਂ ਹੀ ਨਰੋਆ ਸਮਾਜ ਸਿਰਜਿਆ ਜਾ ਸਕਦਾ ਹੈ।ਜੇਕਰ ਸਾਡੀ ਸਿਹਤ ਨਰੋਈ ਹੋਵੇਗੀ ਤਦ ਹੀ ਕੌਮ ਤੰਦਰੁਸਤ ਬਣ ਸਕੇਗੀ।ਆਰਟ ਪੇਪਰ ਤੇ ਛਾਪੀ ਇਹ ਕੌਫ਼ੀ ਟੇਬਲ ਬੁੱਕ ਇੱਕ ਇਤਿਹਾਸਕ ਦਸਤਾਵੇਜ਼ ਹੈ।ਡਾ। ਜੰਗ ਬਹਾਦਰ ਸੇਖੋਂ ਨੇ ਕਿਹਾ ਕਿ ਪੰਜਾਬੀ ਭਾਸ਼ਾ ਵਿੱਚ ਰਚੀ ਇਹ ਪੁਸਤਕ ਅੰਗਰੇਜ਼ੀ ਪੁਸਤਕਾਂ ਦਾ ਮੁਕਾਬਲਾ ਕਰਦੀ ਹੈ।ਇੱਥੋਂ ਸਿੱਧ ਹੁੰਦਾ ਹੈ ਕਿ ਮਾਂ ਬੋਲੀ ਪੰਜਾਬੀ ਵਿੱਚ ਸਿਰਜਣਾ ਅੰਤਰਰਾਸ਼ਟਰੀ ਪੱਧਰ ਦੀ ਹੋ ਰਹੀ ਹੈ।ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸ਼ਵਿੰਦਰਜੀਤ ਸਿੰਘ ਬੈਂਸ ਰਿਟਾਇਰਡ ਐਸ ਪੀ, ਅਰਜੁਨ ਐਵਾਰਡੀ ਗੁਰਦੇਵ ਸਿੰਘ ਗਿੱਲ ਅਤੇ ਅਰਜੁਨ ਐਵਾਰਡੀ ਮਾਧੁਰੀ ਏ ਸਿੰਘ ਨੇ ਕਿਹਾ ਕਿ ਅਜਿਹੀਆਂ ਪੁਸਤਕਾਂ ਦੀ ਸਾਡੇ ਸਮਾਜ ਨੂੰ ਵਿਸ਼ੇਸ਼ ਲੋੜ ਹੈ। ਉੱਘੇ ਚਿੰਤਕ ਵਿਜੈ ਬੰਬੇਲੀ ਦਾ ਕਹਿਣਾ ਸੀ ਕਿ ਆਪਣੀ ਅਮੀਰ ਵਿਰਾਸਤ ਨੂੰ ਸੰਭਾਲਣਾ ਪੁੰਨ ਦਾ ਕੰਮ ਹੈ। ਇਸ ਉਪਰਾਲੇ ਵਾਸਤੇ ਬਲਜਿੰਦਰ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਾਨ ਨੇ ਜਿਸ ਨਿਰਸਵਾਰਥੀ ਭਾਵਨਾ ਨਾਲ ਇਸ ਪੁਸਤਕ ਦੀ ਸਿਰਜਣਾ ਕੀਤੀ ਉਸੇ ਤਰ੍ਹਾਂ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਪੂਰੀ ਤਨਦੇਹੀ ਨਾਲ ਇਸ ਦੇ ਪ੍ਰਕਾਸ਼ਨ ਨੂੰ ਕੌਮਾਂਤਰੀ ਪੱਧਰ ਦਾ ਬਣਾਉਣ ਵਿੱਚ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।ਪ੍ਰਿੰਸੀਪਲ ਜਸਪਾਲ ਸਿੰਘ ਨੇ ਫਖ਼ਰ ਮਹਿਸੂਸ ਕਰਦਿਆਂ ਕਿਹਾ ਕਿ ਬਲਜਿੰਦਰ ਮਾਨ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦਾ ਹੀਰਾ ਵਿਦਿਆਰਥੀ ਰਿਹਾ ਹੈ।ਜਿਸ ਨੇ ਸਾਹਿਤ, ਖੇਡ ਸਾਹਿਤ, ਖ਼ਾਸਕਰ ਬਾਲ ਸਾਹਿਤ ਦੇ ਖੇਤਰ ਵਿਚ ਅਨੇਕਾਂ ਮਾਣ ਸਨਮਾਨ ਪ੍ਰਾਪਤ ਕਰਕੇ ਮਾਹਿਲਪੁਰ ਦਾ ਨਾਂ ਰੌਸ਼ਨ ਕੀਤਾ ਹੈ। ਇਸ ਕਾਰਜ ਵਾਸਤੇ ਬਲਜਿੰਦਰ ਮਾਨ ਨੇ ਕਲੱਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਕਾਰਜ ਕਰਕੇ ਹੀ ਅਸੀਂ ਆਪਣੇ ਭਵਿੱਖ ਨੂੰ ਸੁਚੱਜਾ ਬਣਾ ਸਕਦੇ ਹਾਂ। ਇਸ ਮੌਕੇ ਅਵਤਾਰ ਲੰਗੇਰੀ, ਪੰਮੀ ਖੁਸ਼ਹਾਲਪੁਰੀ, ਬੱਗਾ ਸਿੰਘ ਆਰਟਿਸਟ, ਚੈਂਚਲ ਸਿੰਘ ਬੈਂਸ, ਕੁੰਦਨ ਸਿੰਘ ਸੱਜਣ, ਹਰਦੇਵ ਸਿੰਘ ਢਿਲੋਂ, ਅਨੂਪ ਸਿੰਘ ਲੱਡੂ, ਦਲਜੀਤ ਸਿੰਘ ਬੈਂਸ, ਸੁਖਮਨ ਸਿੰਘ ਅਤੇ ਹਰਨੰਦਨ ਸਿੰਘ ਖਾਬੜਾ ਸਮੇਤ ਹਜ਼ਾਰਾਂ ਦਰਸ਼ਕ, ਫੁਟਬਾਲਰ ਅਤੇ ਖੇਡ ਪ੍ਰੇਮੀ ਹਾਜ਼ਰ ਸਨ।

# ਵਿਦਿਆਰਥੀਆਂ ਦੇ ਹੁਨਰ ਨੂੰ ਉਜਾਗਰ ਕਰਨ ਲਈ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਟੈਲੰਟ ਹੰਟ ਸਮਾਗਮ ਦਾ ਆਯੋਜਨ

## ਉੱਘੇ ਗਾਇਕ ਗੁਰਨਾਮ ਭੁੱਲਰ ਅਤੇ ਸੋਨਮ ਬਾਜਵਾ ਨੇ 'ਵਰਸਿਟੀ ਦੇ ਵਿਹੜੇ ਲਾਈਆਂ ਰੌਣਕਾਂ

ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵੱਲੋਂ ਵਿਦਿਆਰਥੀਆਂ ਦੇ ਹੁਨਰ ਦੀ ਭਾਲ ਲਈ ਦੋ ਰੋਜ਼ਾ ਟੈਲੰਟ ਹੰਟ ਸਮਾਗਮ ਦਾ ਆਯੋਜਨ ਕਰਵਾਇਆ ਗਿਆ। 'ਵਰਸਿਟੀ ਵੱਲੋਂ ਵਿਦਿਆਰਥੀਆਂ ਦਾ ਕੈਂਪਸ 'ਚ ਮੁੜ ਤੋਂ ਸਵਾਗਤ ਕਰਦਿਆਂ ਵੱਖ-ਵੱਖ ਸੱਭਿਆਚਾਰਕ ਮੁਕਾਬਲਿਆਂ ਦਾ ਆਯੋਜਨ ਕਰਵਾਇਆ ਗਿਆ। ਇਨ੍ਹਾਂ ਗਤੀਵਿਧੀਆਂ 'ਚ ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਭਾਗ ਲੈਂਦਿਆਂ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਦਿਆਂ ਸਭਨਾਂ ਨੂੰ ਖੂਬ ਪ੍ਰਭਾਵਿਤ ਕੀਤਾ। 'ਵਰਸਿਟੀ ਵਿਖੇ ਪੜ੍ਹਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਗਿੱਧਾ, ਭੰਗੜਾ, ਡਾਂਸਿੰਗ, ਗਾਇਕੀ, ਸਕਿੱਟ ਆਦਿ ਗਤੀਵਿਧੀਆਂ 'ਚ ਭਾਗ ਲਿਆ।



ਟੈਲੰਟ ਹੰਟ ਸਮਾਗਮ ਦੇ ਅੱਜ ਆਖਰੀ ਦਿਨ ਪ੍ਰਸਿੱਧ ਪੰਜਾਬੀ ਅਦਾਕਾਰ ਅਤੇ ਗਾਇਕ ਗੁਰਨਾਮ ਭੁੱਲਰ ਨੇ ਆਪਣੀ ਬਾਕਾਮਲ ਗਾਇਕੀ ਨਾਲ 'ਵਰਸਿਟੀ ਦੀ ਰੌਣਕ ਵਧਾਈ। ਇਸ ਮੌਕੇ ਪ੍ਰਸਿੱਧ ਅਦਾਕਾਰਾ ਸੋਨਮ ਬਾਜਵਾ ਸਮੇਤ ਉਨ੍ਹਾਂ ਦੀ ਆਉਣ ਵਾਲੀ ਫ਼ਿਲਮ ਦੀ ਸਮੁੱਚੀ ਸਟਾਰਕਾਸਟ ਨੇ ਵੀ ਸਮਾਗਮ 'ਚ ਉਚੇਚੇ ਤੌਰ 'ਤੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਦੇ ਉਤਸ਼ਾਹ ਨੂੰ ਵਧਾਇਆ।

ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਵਿਦਿਆਰਥੀਆਂ ਦੀ ਪ੍ਰਤੀਭਾ ਨੂੰ ਵੇਖਦਿਆਂ ਖੁਸ਼ੀ ਜਾਹਿਰ ਕੀਤੀ।

ਉਨ੍ਹਾਂ ਕਿਹਾ ਕਿ ਅਜਿਹੇ ਮੰਚ ਜਿੱਥੇ ਵਿਦਿਆਰਥੀਆਂ ਦੇ ਹੁਨਰ ਅਤੇ ਰਚਨਾਤਮਕਤਾ ਨੂੰ ਉਜਾਗਰ ਕਰਨ ਲਈ ਲਾਹੇਵੰਦ ਸਾਬਤ ਹੁੰਦੇ ਹਨ ਉਥੇ ਹੀ ਵਿਦਿਆਰਥੀਆਂ ਦੇ ਮਨੋਬਲ ਨੂੰ ਵੀ ਉਚਾ ਚੁੱਕਦੇ ਹਨ। ਇਸ ਤੋਂ ਇਲਾਵਾ ਡਾ. ਬਾਵਾ ਨੇ ਲੰਮੇ ਅਰਸੇ ਬਾਅਦ ਵਿਦਿਆਰਥੀਆਂ ਵੱਲੋਂ ਕੈਂਪਸ 'ਚ ਮੁੜ ਪਰਤਣ 'ਤੇ ਉਨ੍ਹਾਂ ਨੂੰ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਗਿਣਤੀ ਤੋਂ ਪਹਿਲਾਂ ਸਿਰਫ਼ 'ਆਪ' ਨੂੰ ਹੀ ਸਰਕਾਰ ਬਣਾਉਣ ਦਾ ਭਰੋਸਾ, ਬਾਕੀ ਪਾਰਟੀਆਂ ਚੁੱਪ



ਹਰਦੀਪ ਸਿੰਘ ਚੁੰਬਰ
+91-94636-01616

ਪੰਜਾਬ ਚੋਣਾਂ 2022: ਪੰਜ ਰਾਜਾਂ - ਉੱਤਰ ਪ੍ਰਦੇਸ਼, ਉੱਤਰਾਖੰਡ, ਪੰਜਾਬ, ਮਨੀਪੁਰ ਅਤੇ ਗੋਆ - ਫਰਵਰੀ-ਮਾਰਚ 2022 ਵਿੱਚ ਚੋਣਾਂ ਹੋਣਗੀਆਂ। ਉੱਤਰ ਪ੍ਰਦੇਸ਼ ਵਿੱਚ 403 ਵਿਧਾਨ ਸਭਾ ਸੀਟਾਂ, ਉੱਤਰਾਖੰਡ 80, ਪੰਜਾਬ 117, ਮਨੀਪੁਰ 60 ਅਤੇ ਗੋਆ ਵਿੱਚ 40 ਵਿਧਾਨ ਸਭਾ ਸੀਟਾਂ ਹਨ। ਆਮ ਆਦਮੀ ਪਾਰਟੀ ਪੰਜਾਬ ਵਿੱਚ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਆਤਮਵਿਸ਼ਵਾਸ ਅਤੇ ਉਤਸ਼ਾਹਿਤ ਹੈ। ਭਾਵੇਂ 'ਆਪ' (ਆਪ) ਨੂੰ ਪੰਜਾਬ 'ਚ ਪਾਰਟੀ ਦੇ ਸੱਤਾ 'ਚ ਆਉਣ ਦਾ ਭਰੋਸਾ ਹੈ ਪਰ ਦੂਜੀਆਂ ਪਾਰਟੀਆਂ ਇਸ ਰਾਏ ਨਾਲ ਸਹਿਮਤ ਨਹੀਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤ੍ਰਿਸ਼ੂਲ ਵਿਧਾਨ ਸਭਾ ਦੀ ਉਮੀਦ ਹੈ।

ਪੰਜਾਬ ਵਿਧਾਨ ਸਭਾ ਚੋਣਾਂ 'ਚ ਕਿਹੜੀ ਪਾਰਟੀ ਨੂੰ ਬਹੁਮਤ ਮਿਲੇਗਾ, ਇਸ ਦੀ ਤਸਵੀਰ 10 ਮਾਰਚ ਨੂੰ ਸਪੱਸ਼ਟ ਹੋ ਜਾਵੇਗੀ ਪਰ ਆਮ ਆਦਮੀ ਪਾਰਟੀ (ਆਪ) ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਨਾਲ ਆਸਵੰਦ ਅਤੇ ਉਤਸ਼ਾਹਿਤ ਹੈ। ਪਾਰਟੀ ਸੱਤਾ ਵਿੱਚ ਆਉਣ ਤੋਂ ਬਾਅਦ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਭਰੋਸੇ ਨਾਲ ਬਿਆਨ ਦੇ ਰਹੀ ਹੈ। ਫਿਲਹਾਲ 'ਆਪ' ਨੂੰ ਛੱਡ ਕੇ ਪੰਜਾਬ 'ਚ ਵੋਟਾਂ ਪੈਣ ਤੋਂ ਬਾਅਦ ਇਕ ਤੋਂ ਵੱਧ ਬਿਆਨ ਦੇਣ ਵਾਲੇ ਪੰਜਾਬ ਦੀਆਂ ਹੋਰ ਸਿਆਸੀ ਪਾਰਟੀਆਂ ਦੇ ਆਗੂ ਚੁੱਪ ਹਨ। ਅਜਿਹਾ ਦਿਨ ਨਹੀਂ ਲੰਘਦਾ,ਜਦੋਂ ਕਿ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਚਿਹਰੇ ਭਗਵੰਤ ਮਾਨ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਵੱਲੋਂ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਜਿਸ ਵਿੱਚ ਦੋਵੇਂ ਆਗੂਆਂ ਨੇ 10 ਮਾਰਚ ਨੂੰ ਚੋਣ ਜਿੱਤਣ ਤੋਂ ਬਾਅਦ ਸਰਕਾਰ ਵੱਲੋਂ ਚੁੱਕੇ ਜਾਣ ਵਾਲੇ ਫੌਰੀ ਕਦਮਾਂ ਬਾਰੇ ਜਾਣਕਾਰੀ ਦਿੱਤੀ।

ਇਕ ਮੀਡੀਆ ਰਿਪੋਰਟ 'ਚ ਕਿਹਾ ਗਿਆ ਹੈ ਕਿ 'ਆਪ' ਦਾ ਕੋਈ ਵੀ ਆਗੂ ਸੂਬੇ 'ਚ 20 ਫਰਵਰੀ ਨੂੰ ਹੋਣ ਵਾਲੀਆਂ ਵੋਟਾਂ ਤੋਂ ਬਾਅਦ ਆਪਣੇ ਅੰਦਰੂਨੀ ਸਰਵੇਖਣ 'ਚ ਇਹ ਨਹੀਂ ਦੱਸਣਾ ਚਾਹੁੰਦਾ ਕਿ ਪਾਰਟੀ ਨੂੰ ਕਿੰਨੀਆਂ ਸੀਟਾਂ ਮਿਲ ਰਹੀਆਂ ਹਨ। ਨਿੱਜੀ ਤੌਰ 'ਤੇ, ਉਹ ਭਰੋਸਾ ਦਿਵਾਉਂਦੇ ਹਨ ਕਿ ਪਾਰਟੀ ਆਰਾਮਦਾਇਕ ਬਹੁਮਤ ਨਾਲ ਅਗਲੀ ਸਰਕਾਰ ਬਣਾਉਣ ਦੇ ਰਾਹ 'ਤੇ ਹੈ। ਭਗਵੰਤ ਮਾਨ ਨੇ ਹੁਣ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ 'ਆਪ' ਸਰਕਾਰ ਸੂਬੇ ਵਿੱਚ ਪੁਲਿਸ ਮੁਲਾਜ਼ਮਾਂ ਸਮੇਤ ਸਰਕਾਰੀ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰੇਗੀ।ਮਾਨ ਅਨੁਸਾਰ ਜਦੋਂ ਤੱਕ ਪੁਲਿਸ-ਪ੍ਰਸ਼ਾਸਨ ਤੋਂ ਬੇਲੋੜੀ ਸਿਆਸੀ ਦਖਲਅੰਦਾਜ਼ੀ ਖਤਮ ਨਹੀਂ ਕੀਤੀ ਜਾਂਦੀ, ਉਦੋਂ ਤੱਕ ਸੂਬੇ ਦੀ ਅਮਨ-ਕਾਨੂੰਨ ਦੀ ਸਥਿਤੀ ਨਹੀਂ ਸੁਧਰ ਸਕਦੀ। ਉਧਰ, ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਪੁਲਿਸ ਦੀ ਕਾਬਲੀਅਤ ਨੂੰ ਸਾਬਤ ਕਰਨ ਲਈ ਪ੍ਰਸ਼ੰਸਾ ਕਰਦਿਆਂ ਮਾਨ ਨੇ ਕਿਹਾ ਕਿ ਪੁਲਿਸ ਮੁਲਾਜ਼ਮ ਸ਼ਾਂਤਮਈ ਢੰਗ ਨਾਲ ਪੋਲਿੰਗ ਨੂੰ ਯਕੀਨੀ ਬਣਾਉਣ ਅਤੇ ਲੋਕਤੰਤਰੀ ਪ੍ਰਣਾਲੀ ਨੂੰ ਮਜ਼ਬੂਤ ਕਰਨਲ ਈ ਬੂਥਾਂ ਅਤੇ ਸਟਰਾਂਗ ਰੂਮਾਂ ਦੀ ਚੌਵੀ ਘੰਟੇ ਪਹਿਰਾ ਦੇ ਰਹੇ ਹਨ।




10 ਮਾਰਚ ਨੂੰ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਬਾਅਦ ਵਿਰੋਧੀਆਂ ਵੱਲੋਂ ਹਾਰਸ ਟਰੇਡਿੰਗ ਦੇ ਡਰੋਂ ਕਾਂਗਰਸ ਅਤੇ 'ਆਪ' ਵੱਲੋਂ ਆਪਣੇ ਨਵੇਂ ਚੁਣੇ ਗਏ ਵਿਧਾਇਕਾਂ ਨੂੰ ਪੰਜਾਬ ਤੋਂ ਬਾਹਰ ਭੇਜਣ ਦੀ ਸੰਭਾਵਨਾ ਹੈ। ਵੱਡੀ ਪੁਰਾਣੀ ਪਾਰਟੀ ਕਾਂਗਰਸ ਆਪਣੇ ਵਿਧਾਇਕਾਂ ਨੂੰ ਪੰਜਾਬ ਤੋਂ ਰਾਜਸਥਾਨ ਸ਼ਿਫਟ ਕਰ ਸਕਦੀ ਹੈ, ਜਦੋਂ ਕਿ ਦਿੱਲੀ ਦੀ ਸੱਤਾਧਾਰੀ ਪਾਰਟੀ ਆਪਣੇ ਵਿਧਾਇਕਾਂ ਨੂੰ ਰਾਸ਼ਟਰੀ ਰਾਜਧਾਨੀ ਸ਼ਿਫਟ ਕਰ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਰਾਜਸਥਾਨ 'ਚ ਕਾਂਗਰਸ ਦੀ ਸਰਕਾਰ ਹੋਣ ਕਾਰਨ ਪੰਜਾਬ ਦੇ ਨਵੇਂ ਚੁਣੇ ਗਏ ਕਾਂਗਰਸੀ ਵਿਧਾਇਕਾਂ ਨੂੰ ਜੈਪੁਰ 'ਚ ਰੱਖਣ ਦਾ ਫੈਸਲਾ ਲਿਆ ਗਿਆ ਹੈ। ਪਾਰਟੀ ਦੇ ਇਕ ਆਗੂ ਨੇ ਨਾਂ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਅੰਦਰੂਨੀ ਸਰਵੇਖਣਾਂ ਮੁਤਾਬਕ ਪਾਰਟੀ ਨੂੰ ਪੰਜਾਬ 'ਚ 50 ਦੇ ਕਰੀਬ ਸੀਟਾਂ ਮਿਲ ਸਕਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਇਕ ਹੋਰ ਅੰਦਰੂਨੀ ਸਰਵੇਖਣ ਮੁਤਾਬਕ ਅਕਾਲੀ-ਬਸਪਾ ਗਠਜੋੜ ਨੂੰ ਕਰੀਬ 35 ਸੀਟਾਂ ਮਿਲ ਸਕਦੀਆਂ ਹਨ। ਹਾਲਾਂਕਿ 'ਆਪ' ਸੂਬੇ 'ਚ ਪੂਰਨ ਬਹੁਮਤ ਦਾ ਦਾਅਵਾ ਕਰ ਰਹੀ ਹੈ। ਜੇਕਰ ਸਰਕਾਰ ਬਣਾਉਣ ਲਈ ਉਨ੍ਹਾਂ ਕੋਲ ਲੋੜੀਂਦੀ ਗਿਣਤੀ ਹੈ ਤਾਂ ਅਕਾਲੀ ਆਗੂ ਚੋਣਾਂ ਤੋਂ ਬਾਅਦ ਗਠਜੋੜ ਬਣਾਉਣ ਲਈ ਭਾਜਪਾ ਦੇ ਸੰਪਰਕ ਵਿੱਚ ਹਨ।

'ਨਿਊ ਇੰਡੀਅਨ ਐਕਸਪ੍ਰੈਸ' ਦੀ ਰਿਪੋਰਟ ਮੁਤਾਬਕ ਸਾਰੀਆਂ ਪਾਰਟੀਆਂ ਸੂਬੇ 'ਚ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੀਆਂ ਹਨ, ਉਥੇ ਹੀ ਪੰਜਾਬ 'ਚ ਤ੍ਰਿਸ਼ਕਾਰ ਦਾ ਘਰ ਆਉਣ ਦੀ ਵੀ ਸੰਭਾਵਨਾ ਹੈ। ਸੂਤਰਾਂ ਨੇ ਦੱਸਿਆ ਕਿ ਖਦਸ਼ਾ ਹੈਕਿ ਜੇਕਰ ਕਿਸੇ ਨੂੰ ਵੀ ਸਪੱਸ਼ਟ ਬਹੁਮਤ ਨਹੀਂ ਮਿਲਦਾ ਹੈ, ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਇਸਦੀ ਸਾਬਕਾ ਸਹਿਯੋਗੀ ਭਾਜਪਾ ਗਠਜੋੜ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰੇਗੀ ਅਤੇ ਲੋੜੀਂਦੀ ਗਿਣਤੀ 59 ਤੋਂ ਘੱਟ ਹੋਣ 'ਤੇ ਕਾਂਗਰਸ ਅਤੇ 'ਆਪ' ਵਿਧਾਇਕਾਂ ਨੂੰ ਖਰੀਦਣ ਦੀ ਕੋਸ਼ਿਸ਼ ਕਰੇਗੀ। ਗੱਠਜੋੜ ਸਰਕਾਰ ਬਣਾਉਣ ਲਈ ਅਕਾਲੀ ਦਲ ਭਾਜਪਾ ਨਾਲ ਸੰਪਰਕ ਕਰ ਸਕਦਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨੇ ਇੱਕ ਯੋਜਨਾ ਉਲੀਕੀ ਹੈ ਤਾਂ ਜੋ ਉਨ੍ਹਾਂ ਦੇ ਨਵੇਂ ਚੁਣੇ ਵਿਧਾਇਕ ਦੂਜੀਆਂ ਸਿਆਸੀ ਪਾਰਟੀਆਂ ਦੇ ਸ਼ਿਕਾਰ ਨਾ ਹੋਣ। 'ਆਪ' ਦੇ ਜੇਤੂ ਵਿਧਾਇਕਾਂ ਨੂੰ ਦਿੱਲੀ ਲਿਜਾਏ ਜਾਣ ਦੀ ਸੰਭਾਵਨਾ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੂਤਰਾਂ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿਛਲੇ ਕੁਝ ਦਿਨਾਂ ਤੋਂ ਦਿੱਲੀ ਵਿੱਚ ਹਨ।

(ਚੋਣ ਨਤੀਜਿਆਂ ਤੋਂ ਪਹਿਲਾਂ ਦਾ ਇਕ ਲੇਖ)

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street, Union City, California 94587



## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵੇਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਨੂੰ ਮਨਾਇਆ ਜਾਵੇਗਾ

ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਬਣਾਉਣ ਲਈ ਕਾਉਂਟੀ ਵਲੋਂ ਮਨਜੂਰੀ ਮਿਲ ਗਈ ਹੈ

ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ
ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।
ਨੋਟ- ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)
ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ
27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

| ਵਿਨੋਦ ਕੁਮਾਰ ਚੁੰਬਰ (ਚੇਅਰਮੈਨ) | ਰਾਮ ਲੁਭਾਇਆ (ਪ੍ਰਧਾਨ) | ਨਰੇਸ਼ ਕੁਮਾਰ (ਜਨਰਲ ਸਕੱਤਰ) | ਸੋਹਨ ਲਾਲ (ਖਜਾਨਚੀ) |
|---|---|---|---|

# ਕੌਮਾਂਤਰੀ ਮਹਿਲਾ ਦਿਵਸ ਮੌਕੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ 'ਚ ਪ੍ਰਤੀਯੋਗਤਾ ਕਰਵਾਈ

## ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਨਮਾਨ

**ਬੰਗਾ, (ਰੇਸ਼ਮ ਕਰਨਾਣਵੀ)–** ਅੱਜ ਕੌਮਾਂਤਰੀ ਮਹਿਲਾ ਦਿਵਸ ਮੌਕੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਵਿਖੇ ਆਮ ਗਿਆਨ ਦੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਇਹ ਉਪਰਾਲਾ ਸਮਾਜਿਕ ਸਾਂਝ ਸੰਸਥਾ ਬੰਗਾ ਵੱਲੋਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਪ੍ਰਤੀਯੋਗਤਾ 'ਚ ਪਹਿਲੇ ਤਿੰਨ ਸਥਾਨ ਬੀ ਐਸ ਸੀ ਨਰਸਿੰਗ ਦੀਆਂ ਵਿਦਿਆਰਥਣਾਂ ਨੇ ਹਾਸਲ ਕੀਤੇ। ਇਹਨਾਂ 'ਚ ਨੀਤਿਕਾ ਵਾਸੀ ਫਗਵਾੜਾ, ਹਰਦੀਪ ਕੌਰ ਵਾਸੀ ਭੂਨੋ ਅਤੇ ਗੁਰਵੀਰ ਕੌਰ ਵਾਸੀ ਗੋਸਲਾਂ ਨੇ ਕ੍ਰਮਵਾਰ ਪਹਿਲਾ, ਦੂਜੇ ਅਤੇ ਤੀਜਾ ਇਨਾਮ ਜਿੱਤਿਆ। ਇਹਨਾਂ ਵਿਦਿਆਰਥਣਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਪ੍ਰਤੀਯੋਗਤਾ 'ਚ ਭਾਗ ਲੈਣ ਵਾਲੀਆਂ ਸਾਰੀਆਂ ਵਿਦਿਆਰਥਣਾਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਏ ਸਨਮਾਨ ਸਮਾਗਮ ਵਿਚ ਸ। ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਸ। ਹਰਮਿੰਦਰ ਸਿੰਘ



ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ ਅਤੇ ਡਾ। ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਹਰ ਚੁਣੌਤੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਅਤੇ ਸਥਾਪਤੀ ਹਾਸਲ ਕਰਨ ਲਈ ਹਿੰਮਤ ਅਤੇ ਮਿਹਨਤ ਦਾ ਸੁਮੇਲ ਬਣਾ ਕੇ ਅੱਗੇ ਵਧਣਾ ਚਾਹੀਦਾ ਹੈ।ਇਸ ਮੌਕੇ ਬੁਲਾਰਿਆਂ ਨੇ ਕੌਮਾਂਤਰੀ ਮਹਿਲਾ ਦਿਵਸ ਦੀ ਮਹੱਤਤਾ ਅਤੇ ਇਤਿਹਾਸ ਬਾਰੇ ਚਾਨਣਾ ਪਾਉਂਦਿਆਂ ਮਹਿਲਾ ਵਰਗ ਨੂੰ ਹੋਰ ਮਜ਼ਬੂਤੀ ਨਾਲ ਸਮਾਜ ਅੰਦਰ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ। ਮੰਚ ਦਾ ਸੰਚਾਲਨ ਸਮਾਜਿਕ ਸਾਂਝ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਬਾਖੂਬੀ ਕੀਤਾ।

ਕੌਮਾਂਤਰੀ ਮਹਿਲਾ ਦਿਵਸ ਮੌਕੇ ਹੋਏ ਸਨਮਾਨ ਸਮਾਗਮ ਵਿਚ ਸ ਹਰਦੇਵ ਸਿੰਘ ਕਾਹਮਾ ਪ੍ਰਧਾਨ, ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਸ ਮਲਕੀਅਤ ਸਿੰਘ ਬਾਹੜੋਵਾਲ ਸੀਨੀਅਰ ਮੀਤ ਪ੍ਰਧਾਨ, ਸ। ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਸ। ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਜਗਜੀਤ ਸਿੰਘ ਸੋਢੀ ਕਾਰਜਕਾਰੀ ਮੈਂਬਰ, ਸ। ਹਰਮਿੰਦਰ ਸਿੰਘ ਤਲਵੰਡੀ ਪ੍ਰਧਾਨ ਸਮਾਜਿਕ ਸਾਂਝ ਸੰਸਥਾ ਬੰਗਾ, ਸ੍ਰੀ ਸੁਰਜੀਤ ਮਜਾਰੀ ਸਕੱਤਰ ਸਮਾਜਿਕ ਸਾਂਝ ਸੰਸਥਾ, ਸ ਮਹਿੰਦਰਪਾਲ ਸਿੰਘ, ਡਾ। ਸੁਰਿੰਦਰ ਜਸਪਾਲ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ, ਸ੍ਰੀ ਸੰਜੇ ਕੁਮਾਰ, ਮੈਡਮ ਸੁਖਮਿੰਦਰ ਕੌਰ, ਮੈਡਮ ਜਸਪ੍ਰੀਤ ਕੌਰ, ਮੈਡਮ ਰਾਬੀਆ ਹਾਟਾ, ਮੈਡਮ ਦਲਜੀਤ ਕੌਰ, ਮੈਡਮ ਪੂਜਾ ਰਾਣੀ, ਕਾਲਜ ਦਾ ਸਮੂਹ ਸਟਾਫ਼, ਨਰਸਿੰਗ ਵਿਦਿਆਰਥੀ ਅਤੇ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਅਮਰੀਕਾ ਵਿਚ ਇਕ ਸਕੂਲ ਦੇ ਬਾਹਰ ਗੋਲੀਆਂ ਚਲਾ ਕੇ ਇਕ ਦੀ ਹੱਤਿਆ ਕਰਨ ਦੇ ਮਾਮਲੇ ਵਿਚ 6 ਨਬਾਲਗ ਗ੍ਰਿਫਤਾਰ

**ਸੈਕਰਾਮੈਂਟੋ 9 ਮਾਰਚ (ਹੁਸਨ ਲੜੋਆ ਬੰਗਾ)–** ਲੰਘੇ ਸੋਮਵਾਰ ਡੇਸ ਮੋਇਨਸ, ਲੋਵਾ ਵਿਚ ਇਕ ਹਾਈ ਸਕੂਲ ਦੇ ਬਾਹਰ ਗੋਲੀਆਂ ਚਲਾ ਕੇ ਇਕ ਲੜਕੇ ਦੀ ਹੱਤਿਆ ਕਰਨ ਤੇ 2 ਹੋਰਨਾਂ ਨੂੰ ਗੰਭੀਰ ਜ਼ਖਮੀ ਕਰਨ ਦੀ ਘਟਨਾ ਸਬੰਧੀ ਪੁਲਿਸ ਨੇ ਹੱਤਿਆ ਦਾ ਕੇਸ ਦਰਜ ਕਰਕੇ 6 ਨਬਾਲਗਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਦੋਸ਼ੀਆਂ ਨੇ 15 ਸਾਲਾ ਲੜਕੇ ਨੂੰ ਗਿਣੀ ਮਿਥੀ ਯੋਜਨਾ ਤਹਿਤ ਨਿਸ਼ਾਨਾ ਬਣਾਇਆ ਜਦ ਕਿ ਇਸ ਘਟਨਾ ਵਿਚ 16 ਤੇ 18 ਸਾਲ ਦੀਆਂ ਦੋ ਲੜਕੀਆਂ ਜ਼ਖਮੀ ਹੋ ਗਈਆਂ ਸਨ ਜਿਨਾਂ ਦੀ ਹਾਲਤ ਗੰਭੀਰ ਹੈ। ਡੇਸ ਮੋਇਨਸ ਪੁਲਿਸ ਵਿਭਾਗ ਦੇ ਬੁਲਾਰੇ ਸਾਰਜੈਂਟ ਪੌਲ ਪੈਰਿਜ਼ੇਕ ਅਨੁਸਾਰ ਲੜਕੀਆਂ ਅਚਾਨਕ ਗੋਲੀਆਂ ਦੀ ਲਪੇਟ ਵਿਚ ਆ ਕੇ ਜ਼ਖਮੀਆਂ ਹੋਈਆਂ ਹਨ ਜਦ ਕਿ ਹਮਲਾਵਰਾਂ ਦਾ ਇਰਾਦਾ ਉਨਾਂ ਨੂੰ ਨੁਕਸਾਨ ਪਹੁੰਚਾਉਣ ਦਾ ਨਹੀਂ ਸੀ। ਬੁਲਾਰੇ ਅਨੁਸਾਰ ਗੋਲੀਆਂ ਇਕ ਤੋਂ ਵਧ ਵਾਹਨਾਂ ਵਿਚੋਂ ਚਲਾਈਆਂ ਗਈਆਂ। ਪੁਲਿਸ ਨੇ ਗ੍ਰਿਫਤਾਰ 6 ਨਬਾਲਗਾਂ ਵਿਰੁੱਧ ਹੱਤਿਆ ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਆਇਦ ਕੀਤੇ ਹਨ। ਗ੍ਰਿਫਤਾਰ ਸ਼ੱਕੀ ਹਮਲਾਵਰਾਂ ਦੀ ਪਛਾਣ ਓਕਟਾਵੀਓ ਲੋਪੇਜ਼ 17 ਸਾਲ, ਨਿਯਾਂਗ ਚੈਮਡੂਲ 14 ਸਾਲ, ਮੈਨੁਏਲ ਬੁਜ਼ੋ 16 ਸਾਲ, ਰੋਮੇਰੋ ਪਰਡੋਮੋ 16 ਸਾਲ, ਅਲੈਕਸ ਪਰਡੋਮੋ 15 ਸਾਲ ਤੇ ਹੈਨਰੀ ਵਾਲਾਡੇਰਸ ਅਮਾਇਆ 17 ਸਾਲ ਵਜੋਂ ਹੋਈ ਹੈ। ਬੁਲਾਰੇ ਅਨੁਸਾਰ ਸਾਰੇ ਸ਼ੱਕੀ ਦੋਸ਼ੀਆਂ ਨੂੰ ਘਟਨਾ ਵਾਪਰਨ ਦੇ ਕੁਝ ਹੀ ਘੰਟਿਆਂ ਵਿਚ ਗ੍ਰਿਫਤਾਰ ਕਰ ਲਿਆ ਗਿਆ ਤੇ ਪੁਲਿਸ ਨੇ ਤਲਾਸ਼ੀ ਵਾਰੰਟ ਲੈ ਕੇ 6 ਅਗਨ ਸ਼ਸ਼ਤਰ ਵੀ ਬਰਾਮਦ ਕੀਤੇ ਹਨ।




# ਪੁਤਿਨ ਦਾ ਅਗਲਾ ਕਦਮ ਕੀ ਹੋਵੇਗਾ?

ਰੂਸ ਦੇ ਵਲੋਂ 24 ਫਰਵਰੀ ਤੋਂ ਯੂਕਰੇਨ 'ਤੇ ਉਪਰ ਲਗਾਤਾਰ ਹਮਲੇ ਜਾਰੀ ਹਨ। ਇੱਕ ਪਾਸੇ ਰੂਸ ਅਤੇ ਯੂਕਰੇਨ ਵਿਚਾਲੇ ਗੱਲਬਾਤ ਚੱਲ ਰਹੀ ਹੈ। ਦੂਜੇ ਪਾਸੇ ਰੂਸੀ ਰਾਸ਼ਟਰਪਤੀ ਪੂਤਿਨ ਨੇ ਆਪਣੇ ਪਰਮਾਣੂ ਬਲਾਂ ਨੂੰ ਹਮਲੇ ਲਈ ਚੌਕਸ ਕਰ ਦਿੱਤਾ ਹੈ। ਹਰ ਕਿਸੇ ਦੇ ਮਨ ਵਿੱਚ ਇਹ ਸਵਾਲ ਉੱਠ ਰਿਹਾ ਹੈ ਕਿ ਹੁਣ ਪੂਤਿਨ ਦਾ ਅਗਲਾ ਕਦਮ ਕੀ ਹੋਵੇਗਾ? ਇਹ ਸ਼ੱਕ ਇਸ ਲਈ ਹੋਰ ਵੀ ਵਧ ਗਿਆ ਹੈ ਕਿਉਂਕਿ ਪੂਤਿਨ ਨੇ ਸਾਰਿਆਂ ਦੀਆਂ ਉਮੀਦਾਂ ਦੇ ਉਲਟ ਫੈਸਲੇ ਲੈ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਹਮੇਸ਼ਾਂ ਹੀ ਉਮੀਦ ਤੋਂ ਉਲਟ ਫੈਸਲੇ ਲੈ ਕੇ ਹੈਰਾਨ ਕਰਰਨ ਦੇ ਲਈ ਮਸ਼ਹੂਰ ਹਨ। ਮਿਸਾਲ ਦੇ ਤੌਰ 'ਤੇ ਲੋਕ ਵਿਸ਼ਵਾਸ ਕਰਦੇ ਸਨ ਕਿ ਕ੍ਰੀਮੀਆ ਨੂੰ ਸ਼ਾਮਲ ਨਹੀਂ ਕੀਤਾ ਜਾਵੇਗਾ, ਪਰ ਪੂਤਿਨ ਨੇ ਕੀਤਾ। ਲੋਕ ਵਿਸ਼ਵਾਸ ਕਰਦੇ ਸਨ ਕਿ ਉਹ ਕਦੇ ਵੀ ਡੌਨਬਾਸ ਵਿੱਚ ਜੰਗ ਨਹੀਂ ਲੜੇਗਾ, ਪਰ ਪੂਤਿਨ ਨੇ ਕੀਤਾ। ਲੋਕ ਕਹਿੰਦੇ ਸਨ ਕਿ ਉਹ ਕਦੇ ਵੀ ਯੂਕਰੇਨ 'ਤੇ ਪੂਰੀ ਤਰ੍ਹਾਂ ਨਾਲ ਜੰਗ ਸ਼ੁਰੂ ਨਹੀਂ ਕਰੇਗਾ ਪਰ 24 ਫਰਵਰੀ ਦੀ ਸਵੇਰ ਨੂੰ ਪੂਤਿਨ ਨੇ ਹਮਲੇ ਦਾ ਐਲਾਨ ਕਰ ਦਿੱਤਾ।

ਰੂਸ-ਯੂਕਰੇਨ ਯੁੱਧ ਵਿੱਚ ਪੂਤਿਨ ਅੱਗੇ ਕੀ ਕਦਮ ਚੁੱਕਣਗੇ? ਇਹ ਜਾਣਨ ਲਈ ਸਭ ਤੋਂ ਪਹਿਲਾਂ ਸਾਨੂੰ ਪੂਤਿਨ ਦੇ ਸੋਚਣ ਦੇ ਢੰਗ ਨੂੰ ਸਮਝਣਾ ਹੋਵੇਗਾ। ਸਭ ਤੋਂ ਪਹਿਲਾਂ, ਪੂਤਿਨ ਦੇ ਜੀਵਨ ਦੀਆਂ ਤਿੰਨ ਘਟਨਾਵਾਂ ਤੋਂ ਉਸ ਦੇ ਸੁਭਾਅ ਬਾਰੇ ਤਿੰਨ ਗੱਲਾਂ ਜਾਣਦੇ ਹਾਂ।

1 ਖ਼ਤਰੇ ਨੂੰ ਘੱਟ ਸਮਝਣਾ

ਪੂਤਿਨ ਦਾ ਮੁੱਢਲਾ ਜੀਵਨ ਬਹੁਤ ਸਾਦਾ ਸੀ। ਉਸਦੇ ਪਿਤਾ ਸੋਵੀਅਤ ਨੇਵੀ ਵਿੱਚ ਕੰਮ ਕਰਦੇ ਸਨ ਅਤੇ ਮਾਂ ਇੱਕ ਫੈਕਟਰੀ ਵਰਕਰ ਸੀ। ਬੱਚੇ ਆਮ ਤੌਰ 'ਤੇ ਡਾਕਟਰ ਅਤੇ ਇੰਜੀਨੀਅਰ ਬਣਨ ਦੇ ਸੁਪਨੇ ਦੇਖਦੇ ਹਨ, ਪਰ ਪੂਤਿਨ ਨੇ ਕਾਲਜ ਤੋਂ ਪਹਿਲਾਂ ਹੀ ਫੈਸਲਾ ਕਰ ਲਿਆ ਸੀ ਕਿ ਉਹ ਜਾਸੂਸ ਬਣਨਾ ਚਾਹੁੰਦਾ ਹੈ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਹ ਸੋਵੀਅਤ ਖੁਫੀਆ ਏਜੰਸੀ ਕੇਜੀਬੀ ਵਿੱਚ ਸ਼ਾਮਲ ਹੋ ਗਿਆ। ਵਲਾਦੀਮੀਰ ਪੂਤਿਨ ਲੰਬੇ ਸਮੇਂ ਤੋਂ ਸੋਵੀਅਤ ਸੰਘ ਦੀ ਖੁਫੀਆ ਏਜੰਸੀ ਕੇਜੀਬੀ ਦੇ ਏਜੰਟ ਵਜੋਂ ਪੂਰਬੀ ਜਰਮਨੀ ਵਿੱਚ ਤਾਇਨਾਤ ਸਨ। ਕੇਜੀਬੀ ਵਿੱਚ ਸਿਖਲਾਈ ਦੌਰਾਨ, ਇੱਕ ਕੇਜੀਬੀ ਅਧਿਕਾਰੀ ਨੇ ਪੂਤਿਨ ਵਿੱਚ 'ਖਤਰੇ ਦੀ ਘਟਦੀ ਭਾਵਨਾ' ਪਾਈ। ਯਾਨੀ ਕਿ ਜਿਸ ਨੂੰ ਲੋਕ ਆਮ ਤੌਰ 'ਤੇ ਵੱਡਾ ਖ਼ਤਰਾ ਸਮਝਦੇ ਹਨ, ਉਹ ਪੂਤਿਨ ਲਈ ਆਮ ਗੱਲ ਹੈ। ਪੂਤਿਨ ਵੀ ਆਪਣੀ ਜੀਵਨੀ ਵਿੱਚ ਇਸ ਗੱਲ ਨੂੰ ਸਵੀਕਾਰ ਕਰਦੇ ਹਨ।

ਪੂਤਿਨ ਦੇ ਇਸ ਸੁਭਾਅ ਕਾਰਨ ਪਿਛਲੇ 14 ਸਾਲਾਂ ਵਿੱਚ ਤਿੰਨ ਹਮਲੇ ਹੋਏ ਹਨ। ਪੂਤਿਨ ਨੇ ਨਤੀਜਿਆਂ ਦੀ ਚਿੰਤਾ ਕੀਤੇ ਬਿਨਾਂ ਜਾਰਜੀਆ, ਕ੍ਰੀਮੀਆ ਅਤੇ ਹੁਣ ਯੂਕਰੇਨ 'ਤੇ ਹਮਲਾ ਕੀਤਾ ਹੈ।

2 ਆਵੇਗਸ਼ੀਲ ਅਤੇ ਜੋਖਮ ਲੈਣ ਵਾਲਾ

ਆਪਣੀ ਜੀਵਨੀ ਵਿੱਚ ਪੂਤਿਨ ਜਵਾਨੀ ਦਾ ਇੱਕ ਕਿੱਸਾ ਦੱਸਦਾ ਹੈ। ਆਪਣੇ ਯੂਨੀਵਰਸਿਟੀ ਦੇ ਦਿਨਾਂ ਦੌਰਾਨ ਪੂਤਿਨ ਆਪਣੇ ਮਾਰਸ਼ਲ ਆਰਟ ਕੋਚ ਨਾਲ ਕਾਰ ਰਾਹੀਂ ਸਫ਼ਰ ਕਰ ਰਿਹਾ ਸੀ। ਸੁੱਕੇ ਘਾਹ ਨਾਲ ਭਰਿਆ ਇੱਕ ਟਰੱਕ ਰਸਤੇ ਵਿੱਚ ਲੰਘਿਆ। ਪੂਤਿਨ ਨੇ ਕਾਰ ਨੂੰ ਟਰੱਕ ਦੇ ਅੱਗੇ ਲਾਇਆ ਅਤੇ ਘਾਹ ਹਟਾਉਣਾ ਸ਼ੁਰੂ ਕਰ ਦਿੱਤਾ ਅਤੇ ਉਸ ਦੀ ਕਾਰ ਬੇਕਾਬੂ ਹੋ ਗਈ। ਕਿਸੇ ਤਰ੍ਹਾਂ ਉਹ ਕਾਰ ਨੂੰ ਕਾਬੂ ਕਰ ਸਕਿਆ। ਕੋਚ ਨੇ ਪੁੱਛਿਆ ਕਿ ਇੰਨਾ ਜੋਖਮ ਕਿਉਂ ਲਿਆ। ਪੂਤਿਨ ਨੇ ਜਵਾਬ ਦਿੱਤਾ ਕਿ ਘਾਹ ਦੀ ਗੰਧ ਅਜਿਹੀ ਸੀ ਕਿ ਆਪਣੇ ਆਪਨੂੰ ਕੰਟਰੋਲ ਨਹੀਂ ਕਰ ਸਕਿਆ।

2015 ਵਿੱਚ, ਪੂਤਿਨ ਨੇ ਆਪਣੇ ਯੂਨੀਵਰਸਿਟੀ ਦੇ ਦਿਨਾਂ ਨੂੰ ਯਾਦ ਕਰਦੇ ਹੋਏ ਕਿਹਾ, '50 ਸਾਲ ਪਹਿਲਾਂ, ਲੈਨਿਨਗ੍ਰਾਡ ਦੀ ਸੜਕ ਦੀ ਕੁੱਟਮਾਰ ਨੇ ਮੈਨੂੰ ਸਿਖਾਇਆ ਸੀ ਕਿ ਜਦੋਂ ਲੜਾਈ ਹੋਣੀ ਹੀ ਹੈ, ਤਾਂ ਪਹਿਲਾ ਮੁੱਕਾ ਆਪ ਹੀ ਮਾਰੋ'। ਉਹ ਪਿਛਲੇ 14 ਸਾਲਾਂ ਵਿੱਚ ਤਿੰਨ ਹਮਲੇ ਕਰਕੇ ਕੁਝ ਅਜਿਹਾ ਹੀ ਕਰਦਾ ਨਜ਼ਰ ਆ ਰਿਹਾ ਹੈ।

3 ਸਭ ਲਈ ਗੁਪਤ ਅਤੇ ਹੈਰਾਨ ਕਰਨ ਵਾਲਾ

ਪੂਤਿਨ ਚੀਜ਼ਾਂ ਨੂੰ ਗੁਪਤ ਰੱਖਣ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਜੋ ਸਭ ਤੋਂ ਵੱਧ ਹੈਰਾਨ ਕਰਨ ਵਾਲੀਆਂ ਹਨ। ਪੂਤਿਨ ਦੇ ਪਰਿਵਾਰ ਅਤੇ ਇੱਥੋਂ ਤੱਕ ਕਿ ਸੰਪਤੀਆਂ ਬਾਰੇ ਵੀ ਬਹੁਤੀ ਜਨਤਕ ਜਾਣਕਾਰੀ ਨਹੀਂ ਹੈ। ਪੂਤਿਨ ਦੇ ਪਰਿਵਾਰ ਬਾਰੇ ਹੋਰ ਜਾਣਕਾਰੀ ਮਿਲਣ 'ਤੇ ਨਿਊਜ਼ ਏਜੰਸੀ ਰਾਇਟਰਜ਼ ਨੇ ਜਾਂਚ ਵੀ ਕਰਵਾਈ ਸੀ। ਕੇਜੀਬੀ ਦੇ ਦਿਨਾਂ ਤੋਂ ਹੀ ਉਸਨੂੰ ਗੁਪਤਤਾ ਰੱਖਣ ਦੀ ਆਦਤ ਹੈ। ਰਾਇਟਰਜ਼ ਮੁਤਾਬਕ ਪੂਤਿਨ ਦਾ ਵਿਆਹ 28 ਜੁਲਾਈ 1983 ਨੂੰ ਲਿਊਡਮਿਲਾ ਨਾਂ ਦੀ ਔਰਤ ਨਾਲ ਹੋਇਆ ਸੀ ਅਤੇ 2014 ਵਿੱਚ ਉਨ੍ਹਾਂ ਦਾ ਤਲਾਕ ਹੋ ਗਿਆ ਸੀ।

ਜਰਮਨੀ ਵਿੱਚ ਲੰਬੇ ਸਮੇਂ ਤੱਕ ਜਾਸੂਸੀ ਕਰਨ ਤੋਂ ਬਾਅਦ, ਉਸਨੂੰ ਕੇਜੀਬੀ ਦਾ ਬੌਸ ਬਣਾਇਆ ਗਿਆ ਸੀ। ਫਿਰ ਉਸ ਨੂੰ ਫੈਡਰਲ ਸਕਿਉਰਿਟੀ ਚੀਫ਼ ਬਣਾਇਆ ਗਿਆ। ਇਸ ਤੋਂ ਬਾਅਦ 1999 'ਚ ਉਹ ਕਾਰਜਕਾਰੀ ਪ੍ਰਧਾਨ ਮੰਤਰੀ ਅਤੇ ਫਿਰ ਪ੍ਰਧਾਨ ਮੰਤਰੀ ਬਣੇ। 2000 ਵਿੱਚ ਪੂਤਿਨ ਰੂਸ ਦੇ ਰਾਸ਼ਟਰਪਤੀ ਬਣੇ। ਕਿਹਾ ਜਾਂਦਾ ਹੈ ਕਿ ਪੂਤਿਨ ਨੂੰ ਰਾਸ਼ਟਰਪਤੀ ਬਣਾਏ ਜਾਣ ਦੀ ਜਾਣਕਾਰੀ ਸੀ, ਪਰ ਉਨ੍ਹਾਂ ਨੇ ਆਪਣੀ ਪਤਨੀ ਨੂੰ ਵੀ ਇਸ ਸਬੰਧੀ ਨਹੀਂ ਦੱਸਿਆ ਸੀ।

# ਪੰਜਾਬ ਮੁੜ ਖੇਡਾਂ ਦੀ ਹੱਬ ਬਣੇ

ਜਗਦੀਪ ਸਿੰਘ ਕਾਹਲੋਂ

ਕੌਮਾਂਤਰੀ ਪੱਧਰ ਦੇ ਪੰਜਾਬੀ ਖਿਡਾਰੀਆਂ ਦੀ ਹਿੱਸੇਦਾਰੀ ਬਹੁਤ ਘਟ ਰਹੀ ਹੈ। ਕਿਸੇ ਸਮੇਂ ਪੰਜਾਬ ਨੂੰ ਭਾਰਤ ਦੀਆਂ ਖੇਡਾਂ ਦੀ ਹੱਬ ਵੀ ਕਿਹਾ ਜਾਂਦਾ ਸੀ, ਪਰ ਅੱਜ ਇਹ ਖਿਤਾਬ ਖੁਸਦਾ ਨਜ਼ਰ ਆ ਰਿਹਾ ਹੈ। ਪੰਜਾਬੀ ਖਿਡਾਰੀ ਉਲੰਪਿਕ ਖੇਡਾਂ, ਰਾਸ਼ਟਰਮੰਡਲ ਖੇਡਾਂ, ਏਸ਼ਿਆਈ ਖੇਡਾਂ ਵਰਗੇ ਵੱਡੇ ਟੂਰਨਾਮੈਂਟਾਂ ਵਿਚ ਭਾਰਤ ਦੀ ਅਗਵਾਈ ਕਰਦੇ ਸਨ। ਕੋਈ ਸਮਾਂ ਸੀ ਜਦੋਂ ਭਾਰਤੀ ਹਾਕੀ ਟੀਮ ਵਿਚ 10-10 ਖਿਡਾਰੀ ਪੰਜਾਬੀ ਹੁੰਦੇ ਸਨ।

ਸਾਈਕਲਿੰਗ, ਅਥਲੈਟਿਕਸ ਕੁਸ਼ਤੀ ਆਦਿ ਖੇਡਾਂ ਦੀਆਂ ਭਾਰਤੀ ਟੀਮਾਂ ਵਿਚ ਪੰਜਾਬੀ ਖਿਡਾਰੀਆਂ ਦਾ ਦਬਦਬਾ ਰਹਿੰਦਾ ਸੀ। ਪਰ ਦਿਨੋ-ਦਿਨ ਪੰਜਾਬੀ ਖਿਡਾਰੀਆਂ ਦੀ ਭਾਗੀਦਾਰੀ ਦੀ ਨਫ਼ਰੀ ਘਟਦੀ ਹੀ ਗਈ। ਜੋ ਇਕ ਚਿੰਤਾ ਦਾ ਵਿਸ਼ਾ ਹੈ। ਇਸ ਸਭ ਦਾ ਵੱਡਾਂ ਕਾਰਨ ਰਾਜ ਸਰਕਾਰਾਂ ਵਲੋਂ ਖਿਡਾਰੀਆਂ ਨੂੰ ਮਿਲਣ ਵਾਲੀਆਂ ਸਹੂਲਤਾਂ ਨਾ ਮਿਲਣਾ, ਨਕਦੀ ਰਾਸ਼ੀ ਵਿਚ ਕਮੀ, ਖੇਡਾਂ ਦਾ ਸਹੀ ਕੈਲੰਡਰ ਨਾ ਹੋਣਾ ਵਰਗੇ ਹੋਰ ਵੀ ਕਈ ਕਾਰਨ ਹਨ ਜਿਨ੍ਹਾਂ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿਚ ਪਿਛੜ ਰਿਹਾ ਹੈ। ਅੱਜ ਇਸ ਬੇਰੁਜ਼ਗਾਰੀ ਦੇ ਦੌਰ 'ਚ ਪੰਜਾਬੀ ਖਿਡਾਰੀਆਂ ਨੂੰ ਪੰਜਾਬ ਵਿਚ ਨੌਕਰੀ ਨਾ ਮਿਲਣ ਕਾਰਨ ਖਿਡਾਰੀ ਪੰਜਾਬ ਤੋਂ ਦੂਰ ਹੁੰਦੇ ਜਾ ਰਹੇ ਹਨ।

ਅੱਜ ਪੰਜਾਬ ਪੁਲਿਸ ਵਰਗੇ ਵਿਭਾਗ ਨੂੰ ਛੱਡ ਦੇਈਏ ਤਾਂ ਕੋਈ ਵੀ ਵਿਭਾਗ ਖਿਡਾਰੀਆਂ ਨੂੰ ਭਰਤੀ ਨਹੀਂ ਕਰਦਾ ਜੇਕਰ ਕੋਈ ਹੋਰ ਵਿਭਾਗ ਭਰਤੀ ਕਰਦਾ ਵੀ ਹੈ ਸਿਰਫ਼ ਨਾਮਾਤਰ ਹੀ ਹੈ। ਕਹਿਣ ਨੂੰ ਪੰਜਾਬ ਵਿਚ 3 ਪ੍ਰਤੀਸ਼ਤ ਖਿਡਾਰੀਆਂ ਨੂੰ ਰਾਖਵਾਂਕਰਨ ਦਾ ਕੋਟਾ ਮਿਲਦਾ ਹੈ। ਪਰ ਉਹ ਕਿੰਨਾ ਕੁ ਸਫ਼ਲ ਹੈ ਇਹ ਇਕ ਸੋਚਣ ਵਾਲਾ ਵਿਸ਼ਾ ਹੈ। ਇਸ ਗੱਲ ਵਿਚ ਕਿੰਨੀ ਸਚਾਈ ਹੈ ਕਿ ਰਾਸ਼ਟਰੀ-ਅੰਤਰਰਾਸ਼ਟਰੀ ਖਿਡਾਰੀਆਂ ਨੂੰ ਪੰਜਾਬ ਵਿਚ 3 ਪ੍ਰਤੀਸ਼ਤ ਖੇਡ ਕੋਟੇ ਦਾ ਲਾਭ



ਮਿਲ ਰਿਹਾ ਹੈ। ਇਸੇ ਕਰਕੇ ਪੰਜਾਬੀ ਖਿਡਾਰੀ ਦੂਜੇ ਰਾਜਾਂ ਤੋਂ ਰਾਸ਼ਟਰੀ ਖੇਡਾਂ ਅਤੇ ਹੋਰ ਵੱਡੇ ਟੂਰਨਾਮੈਂਟਾਂ ਵਿਚ ਖੇਡਣਾ ਪਸੰਦ ਕਰਦੇ ਹਨ। ਭਾਰਤ ਨੇ ਪਹਿਲੀ ਵਾਰ 1900 ਵਿਚ ਉਲੰਪਿਕ ਖੇਡਾਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਜੇਕਰ ਗੱਲ ਸਾਲ 2016 ਦੀਆਂ ਰੀਓ ਉਲੰਪਿਕ ਖੇਡਾਂ ਦੀ ਕਰੀਏ ਤਾਂ ਇਸ ਵਿਚ 13 ਖਿਡਾਰੀਆਂ ਨੇ ਕੁਆਲੀਫਾਈ ਕੀਤਾ ਸੀ, ਪਰ ਕੋਈ ਵੀ ਖਿਡਾਰੀ ਤਗਮਾ ਜਿੱਤਣ ਵਿਚ ਸਫ਼ਲ ਨਹੀਂ ਹੋ ਸਕਿਆ। ਸਾਲ 2018 ਦੀਆਂ ਰਾਸ਼ਟਰਮੰਡਲ ਖੇਡਾਂ ਦੀ ਗੱਲ ਕਰੀਏ ਤਾਂ ਪੰਜਾਬ ਦੇ 28 ਖਿਡਾਰੀਆਂ ਨੇ ਹਿੱਸਾ ਲਿਆ, ਜੋ ਪੰਜਾਬ ਦੀ ਕੁੱਲ ਆਬਾਦੀ ਦਾ 9 ਪ੍ਰਤੀਸ਼ਤ ਹੈ। ਸਰਕਾਰਾਂ ਦਾਅਵੇ ਤਾਂ ਬਹੁਤ ਕਰਦੀਆਂ ਹਨ ਪਰ ਉਹ ਹਕੀਕਤ ਤੋਂ ਬਹੁਤ ਦੂਰ ਹਨ। ਅੱਜ ਲੋੜ ਹੈ ਖਿਡਾਰੀਆਂ ਨੂੰ ਸਮੇਂ ਸਿਰ ਉਨ੍ਹਾਂ ਦਾ ਮਾਣ-ਸਨਮਾਨ ਦੇਣ ਦੀ। ਪੰਜਾਬ ਵਿਚ ਨਕਦ ਪੁਰਸਕਾਰ ਦੀ ਇਨਾਮੀ ਰਾਸ਼ੀ ਵਿਚ ਵਾਧਾ ਕੀਤਾ ਜਾਵੇ, ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਸਮੇਂ ਸਿਰ ਦਿੱਤੇ ਜਾਣਾ, ਖਿਡਾਰੀ ਜੋ ਕੌਮਾਂਤਰੀ ਪੱਧਰ 'ਤੇ ਤਗਮੇ ਜਿੱਤਣ ਉਨ੍ਹਾਂ ਨੂੰ ਕਲਾਸ ਵਨ ਅਫ਼ਸਰ ਦੀ ਨੌਕਰੀ ਦਿੱਤੀ ਜਾਵੇ। ਅੱਜ ਪੰਜਾਬ ਵਿਚ ਖੇਡ ਨਰਸਰੀ ਤਿਆਰ ਕਰਨ ਦੀ ਬਹੁਤ ਜ਼ਰੂਰਤ ਹੈ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਖੇਡ ਐਕਡਮੀ ਹੋਣੀ ਚਾਹੀਦੀ ਹੈ। ਉਦਾਹਰਨ ਦੇ ਤੌਰ 'ਤੇ ਗੁਰਦਾਸਪੁਰ ਵਿਚ ਖਿਡਾਰੀਆਂ ਦੇ ਕੱਦ ਲੰਮੇ ਹੁੰਦੇ ਹਨ ਉਥੇ ਬਾਸਕਟਬਾਲ ਅਕੈਡਮੀ ਖੋਲ੍ਹਣੀ ਚਾਹੀਦਾ ਹੈ। ਹੁਸ਼ਿਆਰਪੁਰ, ਪਟਿਆਲਾ, ਜਲੰਧਰ, ਲੁਧਿਆਣਾ ਵਰਗੇ ਜ਼ਿਲ੍ਹਿਆਂ ਵਿਚ ਸਾਈਕਲਿੰਗ ਨੂੰ ਨੌਜਵਾਨ ਪਸੰਦ ਕਰਦੇ ਹਨ। ਇਸ ਜਗ੍ਹਾ 'ਤੇ ਸਾਈਕਲਿੰਗ ਅਕੈਡਮੀ ਖੋਲ੍ਹਣੀ ਚਾਹੀਦੀ ਹੈ। ਆਸ ਕਰਦੇ ਹਾਂ ਕਿ ਸਰਕਾਰਾਂ ਸਿਰਫ਼ ਦਾਅਵੇ ਨਾ ਕਰਨ ਧਰਾਤਲ 'ਤੇ ਕੰਮ ਕਰਦੇ ਹੋਏ ਪੁਰਾਣੇ ਸਾਬਕਾ ਉਲੰਪੀਅਨ ਅਤੇ ਤਜਰਬੇਕਾਰ ਖਿਡਾਰੀਆਂ ਦੀ ਕਮੇਟੀ ਬਣਾ ਕੇ ਪੰਜਾਬ ਦੀਆਂ ਖੇਡਾਂ ਨੂੰ ਪ੍ਰਫੁੱਲਿਤ ਕਰਨ ਵੱਲ ਧਿਆਨ ਦੇਣ। ਪੰਜਾਬ ਵਿਚ ਜ਼ਿਲ੍ਹਾ ਪੱਧਰ 'ਤੇ ਨਰਸਰੀਆਂ ਵਿਕਸਤ ਕੀਤੀਆਂ ਜਾਣ, ਖਿਡਾਰੀਆਂ ਨੂੰ ਪੰਜਾਬ ਸਰਕਾਰ ਬਣਦੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕਰੇ ਤਾਂ ਕਿ ਪੰਜਾਬ ਮੁੜ ਖੇਡਾਂ ਦੀ ਹੱਬ ਬਣ ਸਕੇ।

# ਆਸਟਰੇਲਿਆਈ ਸਪਿੰਨਰ ਸ਼ੇਨ ਵਾਰਨ ਦਾ ਦੇਹਾਂਤ

**ਮੈਲਬਰਨ**–ਬੱਲੇਬਾਜ਼ਾਂ ਨੂੰ ਆਪਣੀ ਸਪਿੰਨ ਦੀ ਫਿਰਕੀ ਨਾਲ ਘੁੰਮਣ-ਘੇਰੀਆਂ ਵਿਚ ਪਾਈ ਰੱਖਣ ਵਾਲੇ ਮਹਾਨ ਆਸਟਰੇਲਿਆਈ ਕ੍ਰਿਕਟਰ ਸ਼ੇਨ ਵਾਰਨ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਸ਼ੇਨ ਦੀ ਮੌਤ ਥਾਈਲੈਂਡ ਦੇ ਕੋਹ ਸਮੁਈ ਵਿਚ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਉਹ 52 ਸਾਲਾਂ ਦੇ ਸਨ। ਉਨ੍ਹਾਂ ਦਾ ਕੰਮ ਦੇਖ ਰਹੀ ਟੀਮ ਨੇ ਦੱਸਿਆ ਕਿ ਉਹ ਥਾਈਲੈਂਡ ਦੀ ਆਪਣੀ ਰਿਹਾਇਸ਼ (ਵਿਲਾ) ਵਿਚ ਬੇਸੁਰਤ ਪਾਏ ਗਏ ਸਨ ਤੇ ਮੈਡੀਕਲ ਟੀਮ ਵੱਲੋਂ ਕਾਫ਼ੀ ਯਤਨ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਸ਼ੇਨ ਦੇ ਪਰਿਵਾਰ 'ਵਿਚ ਦੋ ਧੀਆਂ ਤੇ ਇਕ ਪੁੱਤਰ ਹੈ। ਕੌਮਾਂਤਰੀ ਕ੍ਰਿਕਟ ਦੇ ਇਸ ਬੇਮਿਸਾਲ ਖਿਡਾਰੀ ਨੇ 1992 ਵਿਚ ਸਿਡਨੀ ਕ੍ਰਿਕਟ ਮੈਦਾਨ 'ਤੇ ਭਾਰਤ ਖਿਲਾਫ਼ ਮੈਚ ਤੋਂ ਆਪਣੇ ਟੈਸਟ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਸ਼ੇਨ ਨੇ ਆਸਟਰੇਲੀਆ ਲਈ 145 ਟੈਸਟ ਮੈਚਾਂ ਵਿਚ 708 ਵਿਕਟਾਂ ਹਾਸਲ ਕੀਤੀਆਂ। ਉਨ੍ਹਾਂ 194 ਇਕ ਰੋਜ਼ਾ ਮੈਚ ਖੇਡੇ ਤੇ 293 ਵਿਕਟਾਂ ਲਈਆਂ।



ਟੈਸਟ ਕ੍ਰਿਕਟ ਦੇ ਇਤਿਹਾਸ ਵਿੱਚ ਸ੍ਰੀਲੰਕਾ ਦੇ ਮੁਥੱਈਆ ਮੁਰਲੀਧਰਨ ਮਗਰੋਂ ਉਹ ਸਭ ਤੋਂ ਵੱਧ ਵਿਕਟਾਂ ਲੈਣ ਵਾਲੇ ਦੂਜੇ ਗੇਂਦਬਾਜ਼ ਸਨ। ਮੁਰਲੀਧਰਨ ਦੇ ਨਾਂ 800 ਤੋਂ ਵੱਧ ਵਿਕਟਾਂ ਲੈਣ ਦਾ ਰਿਕਾਰਡ ਦਰਜ ਹੈ। ਸ਼ੇਨ ਵਾਰਨ ਨੇ ਸਾਲ 2013 ਵਿੱਚ ਕ੍ਰਿਕਟ ਨੂੰ ਅਲਵਿਦਾ ਆਖ ਦਿੱਤੀ ਸੀ। 1999 ਦੇ ਵਿਸ਼ਵ ਕੱਪ ਵਿੱਚ ਮਿਲੀ ਖਿਤਾਬੀ ਜਿੱਤ ਵਿੱਚ ਵਾਰਨ ਦੀ ਅਹਿਮ ਭੂਮਿਕਾ ਸੀ। ਐਸ਼ੇਜ਼ ਕ੍ਰਿਕਟ ਵਿੱਚ ਸਭ ਤੋਂ ਵੱਧ 195 ਵਿਕਟਾਂ ਲੈਣ ਦਾ ਰਿਕਾਰਡ ਵੀ ਵਾਰਨ ਦੇ ਨਾਂ ਦਰਜ ਹੈ। ਵਾਰਨ ਨੇ ਸੇਵਾ ਮੁਕਤੀ ਮਗਰੋਂ ਆਈਪੀਐੱਲ ਫਰੈਂਚਾਇਜ਼ੀ ਰਾਜਸਥਾਨ ਰੌਇਲਜ਼ ਲਈ ਕਪਤਾਨ ਤੇ ਕੋਚ ਦੀਆਂ ਭੂਮਿਕਾਵਾਂ ਨਿਭਾਈਆਂ।

# ਦਿਵਿਆਂਗ ਵਾਸੂ ਨੇ ਫਤਿਹ ਕੀਤੀ ਅਮਰੀਕਾ ਦੀ ਸਭ ਤੋਂ ਉੱਚੀ ਚੋਟੀ

**ਕੈਲੀਫੋਰਨੀਆ**–ਮਨੁੱਖ ਚਾਹੇ ਤਾਂ ਆਪਣੇ ਦ੍ਰਿੜ੍ਹ ਵਿਸ਼ਵਾਸ ਨਾਲ ਹਰ ਮੁਕਾਮ ਹਾਸਲ ਕਰ ਸਕਦਾ ਹੈ। ਅਜਿਹਾ ਹੀ ਕੁਝ ਭਾਰਤੀ ਮੂਲ ਦੇ ਵਾਸੂ ਸੋਜਿਤਰਾ (30) ਨੇ ਕੀਤਾ ਹੈ ਜਿਸ ਦੀ ਹਰ ਕੋਈ ਤਾਰੀਫ਼ ਕਰ ਰਿਹਾ ਹੈ। ਅਸਲ ਵਿਚ ਵਾਸੂ ਨੇ ਉੱਤਰੀ ਅਮਰੀਕਾ ਦੀ ਸਭ ਤੋਂ ਉੱਚੀ ਚੋਟੀ ਡੇਨਾਲੀ (ਮਾਊਂਟ ਮੈਕਿਨਲੇ) ਨੂੰ ਸਿਰਫ ਇਕ ਪੈਰ ਦੀ ਮਦਦ ਨਾਲ ਫਤਹਿ ਕਰ ਦਿਖਾਇਆ ਹੈ। 20,310 ਫੁੱਟ ਦੀ ਉਚਾਈ ਨੂੰ ਛੂਹਣ ਵਾਲੇ ਉਹ ਪਹਿਲੇ ਦਿਵਿਆਂਗ ਬਣ ਗਏ ਹਨ।

9 ਸਾਲ ਦੀ ਉਮਰ ਵਿਚ ਸੇਪਟੀਸੀਮੀਆ ਕਾਰਨ ਉਹਨਾਂ ਨੂੰ ਆਪਣਾ ਸੱਜਾ ਪੈਰ ਗੁਆਉਣਾ ਪਿਆ। ਸਾਲ ਭਰ ਬਾਅਦ ਵਾਸੂ ਨੇ ਕਨੈਕਟੀਕਟ ਵਿਚ ਇਕ ਦਿਵਿਆਂਗ ਨੂੰ ਸਕੀਇੰਗ ਕਰਦਿਆਂ ਦੇਖਿਆ। ਇਸ ਮਗਰੋਂ ਉਹਨਾਂ ਨੇ ਆਪਣੇ ਮਾਤਾ-ਪਿਤਾ ਨੂੰ ਵੀ ਸਪੈਸ਼ਲ ਲੋਕਾਂ ਲਈ ਬਣਾਈ ਜਾਣ ਵਾਲੀ ਛੋਟੀ ਸਕੀ ਦੀ ਮੰਗ ਕੀਤੀ। ਉਦੋਂ ਤੋਂ ਸ਼ੁਰੂ ਹੋਇਆ ਵਾਸੂ ਦਾ ਇਹ ਸਫਰ ਹੁਣ ਤੱਕ ਜਾਰੀ ਹੈ। ਉਹਨਾਂ ਨੇ ਆਪਣੇ ਜਿਹੇ ਦੂਜੇ ਦਿਵਿਆਂਗਾਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕੀਤਾ ਹੈ।

2014 ਵਿਚ ਵਾਸੂ ਨੇ ਫੌਹੜੀ ਦੀ ਮਦਦ ਨਾਲ ਵਿਓਮਿੰਗ ਗ੍ਰੈਂਡ ਟੇਟਨ (13375 ਫੁੱਟ ਉੱਚੀ) ਨੂੰ ਫਤਹਿ



ਕੀਤਾ। ਬੀਤੇ ਸਾਲ ਉਹਨਾਂ ਨੇ ਮਾਊਂਟ ਮੋਰਨ (12610 ਫੁੱਟ ਉੱਚੀ) ਪਹਿਲੀ ਡਿਸਏਬਲਡ ਸਕੀ ਡੀਸੈਂਟ ਨੂੰ ਪੂਰਾ ਕੀਤਾ। ਵਾਸੂ ਕਹਿੰਦੇ ਹਨ ਕਿ ਮੈਂ ਇਕੱਲਾ ਦਿਵਿਆਂਗ ਨਹੀਂ ਹਾਂ ਜੋ ਉੱਚੇ ਪਹਾੜਾਂ 'ਤੇ ਪਹੁੰਚ ਰਿਹਾ ਹਾਂ। ਪਹਿਲਾਂ ਵੀ ਕਈ ਲੋਕ ਪਹੁੰਚੇ ਹਨ। ਮੇਰਾ ਉਦੇਸ਼ ਸਿਰਫ ਲੋਕਾਂ ਨੂੰ ਦਿਖਾਵਾ ਕਰਨਾ ਨਹੀਂ ਹੈ। ਸਗੋਂ ਮੈਂ ਇਸ ਜ਼ਰੀਏ ਬਾਕੀ ਦਿਵਿਆਂਗਾਂ ਦੀ ਮਦਦ ਕਰਨਾ ਚਾਹੁੰਦਾ ਹਾਂ।

# ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਪਹਿਲਾ ਇਕ ਦਿਨਾਂ ਕ੍ਰਿਕਟ ਮੈਚ 107 ਦੌੜਾਂ ਨਾਲ ਜਿੱਤਿਆ

## ਭਾਰਤ 244/7 (50 ਓਵਰ) ਪਾਕਿਸਤਾਨ 137 (43 ਓਵਰ)

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਮਹਿਲਾ ਵਿਸ਼ਵ ਕ੍ਰਿਕਟ ਕੱਪ ਦੇ ਵਿਚ ਅੱਜ ਭਾਰਤੀ ਔਰਤਾਂ ਦੀ ਦਹਾੜ ਰਹੀ। ਭਾਰਤੀ ਕੁੜੀਆਂ ਦਾ ਪਹਿਲਾ ਮੈਚ ਅੱਜ ਦੁਪਹਿਰ 2 ਵਜੇ ਪਾਕਿਸਤਾਨ ਦੀ ਟੀਮ ਦੇ ਨਾਲ ਬੇਅ ਓਵਲ ਮਾਊਂਟ ਮਾਂਗਾਨੂਈ ਟੌਰੰਗਾ ਖੇਡ ਮੈਦਾਨ ਦੇ ਵਿਚ ਹੋਇਆ ਜੋ ਰਾਤ ਲਗਪਗ 9 ਵਜੇ ਖਤਮ ਹੋਇਆ।

ਭਾਰਤੀ ਮਹਿਲਾ ਟੀਮ ਨੇ ਵਿਸ਼ਵ ਕੱਪ ਦੇ ਪਹਿਲੇ ਮੈਚ ਵਿੱਚ ਪਾਕਿਸਤਾਨ ਨੂੰ 107 ਦੌੜਾਂ ਨਾਲ ਹਰਾਇਆ। ਪਾਕਿਸਤਾਨ ਨੂੰ 245 ਦੌੜਾਂ ਦਾ ਟੀਚਾ ਮਿਲਿਆ ਸੀ, ਜਿਸ ਦੇ ਜਵਾਬ 'ਚ ਟੀਮ 43 ਓਵਰਾਂ 'ਚ 137 ਦੌੜਾਂ ਹੀ ਬਣਾ ਸਕੀ ਅਤੇ ਮੈਚ ਹਾਰ ਗਈ। ਸਿਦਰਾ ਅਮੀਨ (30) ਸਭ ਤੋਂ ਵੱਧ ਸਕੋਰਰ ਰਹੀ। ਭਾਰਤ ਲਈ ਰਾਜੇਸ਼ਵਰੀ ਗਾਇਕਵਾੜ ਨੇ 4 ਵਿਕਟਾਂ ਲਈਆਂ। ਇਸ ਤੋਂ ਪਹਿਲਾਂ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਟੀਮ ਇੰਡੀਆ ਨੇ 7 ਵਿਕਟਾਂ ਦੇ ਨੁਕਸਾਨ 'ਤੇ 244 ਦੌੜਾਂ ਬਣਾਈਆਂ। ਟੀਮ ਲਈ ਸਨੇਹ ਰਾਣਾ ਅਤੇ ਪੂਜਾ ਵਸਤਰਕਾਰ ਨੇ ਸ਼ਾਨਦਾਰ ਪਾਰੀਆਂ ਖੇਡੀਆਂ। ਪੂਜਾ ਨੇ 59 ਗੇਂਦਾਂ ਵਿੱਚ 67 ਦੌੜਾਂ ਬਣਾਈਆਂ। ਇਸ ਦੇ ਨਾਲ ਹੀ ਸਨੇਹ ਦੇ ਬੱਲੇ ਤੋਂ 53 ਦੌੜਾਂ ਆਈਆਂ। ਸਮ੍ਰਿਤੀ ਮੰਧਾਨਾ ਨੇ ਵੀ 52 ਦੌੜਾਂ ਦਾ ਯੋਗਦਾਨ ਪਾਇਆ।

ਭਾਰਤੀ ਟੀਮ ਦੀ ਮਹਿਲਾ ਵਨਡੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਦੇ ਖਿਲਾਫ ਭਾਰਤ ਦੀ ਲਗਾਤਾਰ ਚੌਥੀ ਜਿੱਤ ਹੈ। ਇਸ ਤੋਂ ਪਹਿਲਾਂ ਟੀਮ ਇੰਡੀਆ ਨੇ 2009, 2013 ਅਤੇ 2017 'ਚ ਖੇਡੇ ਗਏ ਵਿਸ਼ਵ ਕੱਪ ਮੈਚਾਂ 'ਚ ਪਾਕਿਸਤਾਨ ਨੂੰ ਹਰਾਇਆ ਸੀ। ਇਸ ਦੇ ਨਾਲ ਹੀ ਪਾਕਿਸਤਾਨ ਦੇ ਖਿਲਾਫ ਭਾਰਤ ਦੀ ਇਹ ਲਗਾਤਾਰ 11ਵੀਂ ਜਿੱਤ ਹੈ।

**ਸਨੇਹ-ਪੂਜਾ ਨੇ ਭਾਰਤੀ ਪਾਰੀ ਨੂੰ ਸੰਭਾਲਿਆ**

ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਟੀਮ ਇੰਡੀਆ ਨੇ 244 ਦੌੜਾਂ ਬਣਾਈਆਂ। ਭਾਰਤ ਨੇ ਸ਼ੁਰੂਆਤ 'ਚ 6 ਵਿਕਟਾਂ



ਗੁਆ ਲਈਆਂ ਸਨ ਪਰ ਇਸ ਤੋਂ ਬਾਅਦ ਸਨੇਹ ਰਾਣਾ ਅਤੇ ਪੂਜਾ ਵਸਤਰਾਕਰ ਨੇ ਟੀਮ ਇੰਡੀਆ ਲਈ ਸ਼ਾਨਦਾਰ ਪਾਰੀ ਖੇਡੀ। ਪੂਜਾ ਨੇ 59 ਗੇਂਦਾਂ ਵਿੱਚ 67 ਦੌੜਾਂ ਬਣਾਈਆਂ। ਇਸ ਦੇ ਨਾਲ ਹੀ ਸਨੇਹ ਦੇ ਬੱਲੇ ਤੋਂ 53 ਦੌੜਾਂ ਆਈਆਂ।

ਇਨ੍ਹਾਂ ਦੋਵਾਂ ਤੋਂ ਇਲਾਵਾ ਦੀਪਤੀ ਸ਼ਰਮਾ ਨੇ 40 ਅਤੇ ਸਮ੍ਰਿਤੀ ਮੰਧਾਨਾ ਨੇ 52 ਦੌੜਾਂ ਬਣਾਈਆਂ। ਅਭਿਆਸ ਮੈਚਾਂ 'ਚ ਦੱਖਣੀ ਅਫਰੀਕਾ ਖਿਲਾਫ ਸ਼ਾਨਦਾਰ ਸੈਂਕੜਾ ਲਗਾਉਣ ਵਾਲੀ ਹਰਮਨਪ੍ਰੀਤ ਕੌਰ ਸਿਰਫ 5 ਦੌੜਾਂ ਬਣਾ ਕੇ ਆਊਟ ਹੋ ਗਈ।

ਇਸ ਦੇ ਨਾਲ ਹੀ ਰਿਚਾ ਘੋਸ਼ ਅਤੇ ਕਪਤਾਨ ਮਿਤਾਲੀ ਰਾਜ ਵੀ ਕੁਝ ਖਾਸ ਨਹੀਂ ਕਰ ਸਕੀਆਂ। ਰਿਚਾ ਦੇ ਬੱਲੇ ਤੋਂ 1 ਰਨ ਨਿਕਲਣ 'ਤੇ ਮਿਤਾਲੀ ਸਿਰਫ 9 ਦੌੜਾਂ ਬਣਾ



ਕੇ ਆਊਟ ਹੋ ਗਈ। ਪਾਕਿਸਤਾਨ ਲਈ ਨਾਸ਼ਰਾ ਸੰਧੂ ਅਤੇ ਨਿਦਾ ਡਾਰ ਨੇ ਦੋ-ਦੋ ਵਿਕਟਾਂ ਲਈਆਂ।

**ਮੰਧਾਨਾ ਦਾ ਸ਼ਾਨਦਾਰ ਅਰਧ ਸੈਂਕੜਾ**

ਟੀਮ ਇੰਡੀਆ ਦੀ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਨੇ ਪਾਕਿਸਤਾਨ ਦੇ ਖਿਲਾਫ ਮੈਚ 'ਚ ਸ਼ਾਨਦਾਰ ਅਰਧ ਸੈਂਕੜਾ ਲਗਾਇਆ। ਉਸ ਨੇ 71 ਗੇਂਦਾਂ ਵਿੱਚ 50 ਦੌੜਾਂ ਬਣਾਈਆਂ। ਉਸ ਦੇ ਬੱਲੇ ਨੇ 3 ਚੌਕੇ ਅਤੇ 1 ਛੱਕਾ ਲਗਾਇਆ। ਹਾਲਾਂਕਿ, ਉਹ ਵੱਡੀ ਪਾਰੀ ਨਹੀਂ ਖੇਡ ਸਕੀ ਅਤੇ ਅਨਮ ਅਮੀਨ ਦੁਆਰਾ ਆਊਟ ਹੋ ਗਈ।

ਭਾਰਤ ਲਈ ਨੰਬਰ-3 'ਤੇ ਬੱਲੇਬਾਜ਼ੀ ਕਰਨ ਆਈ ਦੀਪਤੀ ਸ਼ਰਮਾ 40 ਦੌੜਾਂ ਬਣਾ ਕੇ ਆਊਟ ਹੋ ਗਈ। ਉਸ ਨੂੰ ਨਾਸ਼ਰਾ ਸੰਧੂ ਨੇ ਬੋਲਡ ਕੀਤਾ। ਦੀਪਤੀ ਨੇ ਆਪਣੀ ਪਾਰੀ ਵਿੱਚ 57 ਗੇਂਦਾਂ ਵਿੱਚ 40 ਦੌੜਾਂ ਬਣਾਈਆਂ।

ਪਾਕਿਸਤਾਨ ਖਿਲਾਫ ਭਾਰਤ ਦੀ ਪਹਿਲੀ ਵਿਕਟ ਜਲਦੀ ਡਿੱਗ ਗਈ। ਸ਼ੇਫਾਲੀ ਵਰਮਾ ਨੂੰ ਪਾਕਿਸਤਾਨ ਦੀ ਤੇਜ਼ ਗੇਂਦਬਾਜ਼ ਡਾਇਨਾ ਬੇਗ ਨੇ ਬੋਲਡ ਕੀਤਾ। ਉਹ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੀ। ਇਸ ਤੋਂ ਬਾਅਦ ਦੀਪਤੀ ਸ਼ਰਮਾ ਅਤੇ ਮੰਧਾਨਾ ਨੇ ਭਾਰਤੀ ਪਾਰੀ ਨੂੰ ਸੰਭਾਲਿਆ।

ਵਿਸ਼ਵ ਕੱਪ 'ਚ ਦੋਵੇਂ ਟੀਮਾਂ ਤਿੰਨ ਵਾਰ ਆਹਮੋ-ਸਾਹਮਣੇ ਹੋ ਚੁੱਕੀਆਂ ਹਨ। ਇਹ ਤਿੰਨੇ ਮੈਚ 2009, 2013 ਅਤੇ 2017 ਵਿੱਚ ਖੇਡੇ ਗਏ ਸਨ। ਟੀਮ ਇੰਡੀਆ ਨੇ ਤਿੰਨੋਂ ਮੈਚ ਜਿੱਤੇ। ਭਾਰਤੀ ਕੁੜੀਆਂ ਦੀ ਟੀਮ ਦੇ ਵਿਚ ਮਿਤਾਲੀ ਰਾਜ ਕੈਪਟਨ ਹੈ। ਹਰਮਨਪ੍ਰੀਤ ਕੌਰ ਭੁੱਲਰ (ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ, ਜਨਮ ਮਿਤੀ: 8 ਮਾਰਚ 1989 ਅੰਤਰਰਾਸ਼ਟਰੀ ਮਹਿਲਾ ਦਿਵਸ) ਪੰਜਾਬੀ ਕੁੜੀ ਉਪ ਕਪਤਾਨ ਹੈ ਜਿਸ ਨੇ 2017 ਦੇ ਵਿਸ਼ਵ ਕੱਪ ਦੇ ਵਿਚ ਆਸਟੇਰਲੀਆ ਖਿਲਾਫ 111 ਗੇਂਦਾਂ ਉਤੇ 171 ਦੌੜਾਂ (ਨਾਬਾਦ) ਬਣਾ ਕੇ ਸਭ ਦਾ ਧਿਆਨ ਖਿਚਿਆ ਸੀ। ਹਰਮਨਪ੍ਰੀਤ ਕੌਰ ਨੇ ਮਾਰਚ 2009 ਤੋਂ ਕ੍ਰਿਕਟ ਕੈਰੀਅਰ ਸ਼ੁਰੂ ਕੀਤਾ ਸੀ ਅਤੇ ਹੁਣ 13 ਸਾਲ ਹੋ ਗਏ ਹਨ। ਚੰਡੀਗੜ੍ਹ ਦੀ ਤਾਨਿਆ ਭਾਟੀਆ (ਯੋਗਰਾਜ ਸਿੰਘ ਹੋਰਾਂ ਤੋਂ ਸਿਖਲਾਈ ਪ੍ਰਾਪਤ) ਜੋ ਕਿ ਪੰਜਾਬ ਵੋਮੈਨ ਕ੍ਰਿਕਟ ਟੀਮ ਦੇ ਕੈਪਟਨ ਰਹੀ ਹੈ, ਵੀ ਵਿਸ਼ਵ ਕੱਪ ਦੇ ਵਿਚ ਖੇਡ ਰਹੀ ਹੈ।

# ਸੰਵਿਧਾਨ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਂਹ 'ਤੇ ਨਿਰਭਰ ਹੈ

ਪੇਸ਼ਕਸ਼ :-ਅਮਰਜੀਤ ਚੰਦਰ 9417600014

ਕਈ ਦਹਾਕੇ ਪਹਿਲਾਂ ਦੀ ਗੱਲ ਹੈ ਕਿ ਇਕ ਉਘੇ ਸਮਾਜ਼ ਵਿਗਿਆਨੀ ਨੇ ਭਾਰਤੀ ਲੋਕਤੰਤਰ ਨੂੰ ਆਧੁਨਿਕ ਸਮੇਂ ਦਾ ਧਰਮ ਨਿਰਪੱਖ ਚਮਤਕਾਰ ਅਤੇ ਦੂਜੇ ਵਿਕਸਸ਼ੀਲ ਦੇਸ਼ਾਂ ਨੂੰ ਇਕ ਮਾਡਲ ਕਿਹਾ ਸੀ। ਆਬਾਦੀ ਦੇ ਸੱਤ ਦਹਾਕਿਆਂ ਦੇ ਬਾਅਦ ਵੀ,ਭਾਰਤੀ ਲੋਕਤੰਤਰ ਦਾ ਚਮਤਕਾਰ ਉਨ੍ਹਾਂ ਲੋਕਾਂ ਲਈ ਉਮੀਦ ਦੀ ਕਿਰਨ ਵਾਂਗ ਚਮਕ ਰਿਹਾ ਹੈ,ਜੋ ਆਜਾਦੀ ਦੀ ਬੁਨਿਆਦ ਮਨੁੱਖੀ ਕਦਰਾਂ ਕੀਮਤਾਂ 'ਤੇ ਅਧਾਰਤ ਹੈ। ਜਦੋਂ ਭਾਰਤ ਆਜਾਦ ਹੋਇਆ ਤਾਂ ਦੁਨੀਆਂ ਦੇ ਬਹੁਤ ਸਾਰੇ ਲੋਕਾਂ ਨੇ ਸੋਚਿਆਂ ਕਿ ਸਾਡਾ ਲੋਕਤੰਤਰੀ ਪ੍ਰਯੋਗ ਕਦੇ ਵੀ ਸਫਲ ਨਹੀ ਹੋਵੇਗਾ।ਉਸ ਨੇ ਸਾਡੀ ਵਿਭਿੰਨਤਾ, ਗਰੀਬੀ ਅਤੇ ਸਾਡੇ ਲੋਕਾਂ ਦੀ ਸਿੱਖਿਆ ਦੀ ਘਾਟ ਨੂੰ ਦੇਖਦਿਆ ਭਵਿੱਖਬਾਣੀ ਕੀਤੀ ਕਿ ਭਾਰਤ ਤਾਨਾਸ਼ਾਹੀ ਸ਼ਾਸ਼ਨ ਜਾਂ ਫ਼ੌਜ਼ੀ ਤਾਨਾਸ਼ਾਹੀ ਤੋਂ ਹਾਰ ਜਾਵੇਗਾ। ਪਰ ਭਾਰਤ ਦੇ ਲੋਕਾਂ ਨੇ ਇਨਾਂ ਸਾਰੀ ਅਟਕਲਾਂ ਨੂੰ ਗਲਤ ਸਾਬਤ ਕਰ ਦਿੱਤਾ।

ਭਾਰਤ ਆਪਣੀ ਲੋਕਤੰਤਰੀ ਯਾਤਰਾ 'ਤੇ ਅੱਗੇ ਵਧਣ ਤੋਂ ਪਹਿਲਾਂ,ਸੰਸਥਾਪਕ ਸਮਝਦੇ ਸਨ ਕਿ ਬੇਇੰਨਸਾਫੀ ਕਿਤੇ ਵੀ, ਹਰ ਥਾਂ ਇੰਨਸਾਫ਼ ਲਈ ਖਤਰਾ ਹੈ।ਇਸ ਲਈ ਅਫਰੀਕਾ ਅਤੇ ਹੋਰ ਏਸ਼ੀਆਈ ਦੇਸ਼ਾਂ ਦੇ ਲੋਕਾਂ ਨਾਲ ਇਕ ਲੋਕਤੰਤਰੀ ਭਾਰਤ ਏਕਤਾ ਨਾਲ ਖੜ੍ਹਾ ਸੀ,ਜਿਸ ਨੇ ਬਸਤੀਵਾਦੀ ਸ਼ਕਤੀ ਦੀਆਂ ਜੰਜੀਰਾਂ ਨੂੰ ਉਖਾੜ ਦਿੱਤਾ ਸੀ। ਉਹ ਆਪਣੀ ਕਿਸਮਤ ਲਈ ਲੜ ਰਿਹਾ ਸੀ। ਭਾਰਤ ਉਹਨਾਂ ਦੇ ਸੰਘਰਸ਼ਾਂ ਲਈ ਇਕ ਮਜ਼ਬੂਤ ਤਾਕਤ ਸੀ। ਇਕ ਭਾਗੀਦਾਰ ਰਿਹਾ ਕਿਉਕਿ ਉਹਨਾਂ ਨੇ ਅਜਾਦੀ ਦੀ ਮੰਗ ਕੀਤੀ ਸੀ।

ਭਾਰਤ ਦਾ ਸੰਵਿਧਾਨ ਦੁਨੀਆ ਦੇ ਸੱਭ ਤੋਂ ਵੱਡੇ ਲੋਕਤੰਤਰ ਦੀ ਨੀਂਹ 'ਤੇ ਨਿਰਭਰ ਹੈ। ਇਹ ਦੇਸ਼ ਦੇ ਲੋਕਤੰਤਰੀ ਢਾਂਚੇਂ ਵਿੱਚ ਸਰਵਉੱਚ ਕਨੂੰਨ ਹੈ ਅਤੇ ਇਹ ਸਾਡੇ ਯਤਨਾਂ ਵਿੱਚ ਲਗਾਤਾਰ ਸਾਡੀ ਅਗਵਾਈ ਕਰਦਾ ਹੈ।ਸੰਵਿਧਾਨ ਸਾਡੀ ਲੋਕਤੰਤਰੀ ਸ਼ਾਸਨ ਪ੍ਰਣਾਲੀ ਦਾ ਸਰੋਤ ਅਤੇ ਸਾਡਾ ਮਾਰਗ ਦਰਸ਼ਕ ਹੈ। ਅਸੀ ਦੂਜੇ ਦੇਸ਼ਾਂ ਦੇ ਕਈ ਹੋਰ ਸੰਵਿਧਾਨਾਂ ਤੋਂ ਵਧੀਆਂ ਅਭਿਆਸ ਅਪਣਾਏ ਹਨ।ਇਸ ਤੋਂ ਇਲਾਵਾ ਸਾਡੇ ਸੁਤੰਤਰਤਾ ਦੀਆਂ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਅਤੇ ਅਦਰਸ਼ਾਂ ਦੀ ਛਾਪ ਸਾਡੇ ਸੰਵਿਧਾਨ ਵਿੱਚ ਵੀ ਦੇਖੀ ਜਾ ਸਕਦੀ ਹੈ। ਸਾਡਾ ਸੰਵਿਧਾਨ ਭਾਰਤ ਦੇ ਲੋਕਾਂ ਲਈ ਹੈ। ਇਹ ਇਕ ਰਾਸ਼ਟਰੀ ਦਸਤਾਵੇਜ਼ ਹੈ ਜਿਸ ਦੇ ਵੱਖ-ਵੱਖ ਪਹਿਲੂ ਸਾਡੀਆਂ ਪ੍ਰਚੀਨ ਅਸੈਬਲੀਆਂ,ਸਭਾਵਾਂ,ਅਤੇ ਹੋਰ ਪ੍ਰਾਚੀਨ ਭਾਰਤੀ ਗਣਰਾਜਾਂ ਅਤੇ ਬੋਧੀ ਸੰਘਾਂ ਵਿੱਚ ਪ੍ਰਚਲਿਤ ਲੋਕਤੰਤਰੀ ਪ੍ਰਣਾਲੀ ਨੂੰ ਦਰਸਾਉਦੇ ਹਨ।

ਭਾਰਤੀ ਲੋਕਤੰਤਰ ਨੂੰ ਪੂਰੀ ਦੁਨੀਆ ਵਿੱਚ ਪੂਰੀ ਤਰ੍ਹਾਂ ਨਾਲ ਸਤਿਕਾਰ ਦਿੱਤਾ ਜਾਂਦਾ ਹੈ,ਜਦੋਂ ਭਾਰਤ ਦੇ ਲੋਕਾਂ ਨੇ 17ਵੀਆਂ ਆਮ ਚੋਣਾਂ ਵਿੱਚ ਹਿੱਸਾ ਲਿਆ ਤਾਂ ਦੁਨੀਆਂ ਦੀ ਸੱਭ ਤੋਂ ਵੱਡੀ ਲੋਕਤੰਤਰੀ ਪ੍ਰਕਿਰਿਆ ਨੂੰ ਪੂਰਾ ਕੀਤਾ, ਇਸ ਚੋਣ ਵਿੱਚ 610 ਮਿਲੀਅਨ ਤੋਂ ਵੱਧ ਲੋਕਾਂ ਨੇ ਆਪਣੀ ਵੋਟ ਪਾਈ।ਮਹਿਲਾਂ ਵੋਟਰਾਂ ਦੀ ਭਾਗੀਦਾਰੀ ਮਰਦਾਂ ਦੇ ਬਰਾਬਰ ਰਹੀ, 17ਵੀ ਲੋਕ ਸਭਾ ਲਈ 78 ਮਹਿਲਾਂ ਦੀ ਚੋਣ ਹੋਈ, ਇਸ ਸਦਨ ਲਈ ਹੁਣ ਤੱਕ ਦੀ ਸੱਭ ਤੋਂ ਵੱਧ ਮਹਿਲਾਂ ਮੈਂਬਰਾਂ ਵਜੋਂ




Constitution of India:
List of All Articles (1-395) and Parts (1-22)

ਚੁਣੀ ਗਈ,ਇਹ ਸਾਡੇ ਲੋਕਤੰਤਰ ਲਈ ਇਕ ਸੱਭ ਤੋਂ ਸ਼ਾਨਦਾਰ ਪ੍ਰਾਪਤੀ ਹੈ। ਅੱਜ ਔਰਤਾਂ ਦੇ ਸ਼ਕਤੀਕਰਨ ਬਾਰੇ ਸੰਸਦ ਦੀ ਸਥਾਈ ਕਮੇਟੀ ਦੇ ਸਾਰੇ ਮੈਂਬਰ ਔਰਤਾਂ ਹਨ।ਇਹ ਇਕ ਮਹੱਤਵਪੂਰਨ ਸਮਾਜਿਕ ਅਤੇ ਰਾਜਨੀਤਕ ਤਬਦੀਲੀ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਇਕ ਉਜਵਲ ਭਵਿੱਖ ਦੀ ਭਵਿੱਖਬਾਣੀ ਕਰਦਾ ਹੈ।

25 ਨਵੰਬਰ ਸੰਨ 1949 ਨੂੰ ਸੰਵਿਧਾਨ ਸਭਾ ਵਿੱਚ ਆਪਣਾ ਆਖਰੀ ਭਾਸ਼ਣ ਦਿੰਦੇ ਹੋਏ ਬਾਵਾ ਸਾਹਿਬ ਡਾ, ਭੀਮ ਰਾਓ ਅੰਬੇਡਕਰ ਨੇ ਕਿਹਾ ਸੀ ਕਿ ਸੰਵਿਧਾਨ ਦੀ ਸਫਲਤਾ ਭਾਰਤ ਦੇ ਲੋਕਾਂ, ਅਤੇ ਰਾਜਨੀਤਕ ਪਾਰਟੀਆਂ ਦੇ ਵਿਵਹਾਰ 'ਤੇ ਨਿਰਭਰ ਕਰੇਗੀ। ਸਾਡੇ ਸੰਵਿਧਾਨ ਦੇ ਉਘੇ ਆਰਕੀਟੈਕਟ, ਪੂਰੀ ਇਮਾਨਦਾਰੀ ਨਾਲ, ਡਰ ਜਾਂ ਪੱਖ, ਸੁਨੇਹ ਜਾਂ ਬੁਰਾਈ ਅਤੇ ਪੱਖਪਾਤ ਤੋਂ ਮੁਕਤ ਰਹਿੰਦਿਆਂ ਇਮਾਨਦਾਰੀ ਨਾਲ ਸੇਵਾ ਤੋਂ ਕੰਮ ਕਰਨ ਦੀ ਕਲਪਨਾ ਕੀਤੀ ਹੋਵੇਗੀ ਕਿ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ, (ਅਸੀ ਸਾਰੇ) ਇਹਨਾਂ ਕਦਰਾਂ ਕੀਮਤਾਂ ਨੂੰ ਉਸੇ ਬਹਿਸ ਅਤੇ ਇਮਾਨਦਾਰੀ ਨਾਲ ਗ੍ਰਹਿਣ ਕਰਨਗੀਆਂ ਜਿਵੇਂ ਉਸ ਨੇ ਖੁਦ ਕੀਤਾ ਸੀ। ਮੈ ਸੋਚਦਾ ਹਾਂ, ਅਜੋਕੇ ਸਮੇਂ ਦੌਰਾਨ,ਸਾਨੂੰ ਸਾਰਿਆਂ ਨੂੰ ਸਵੈ-ਪੜਚੋਲ ਅਤੇ ਵਿਚਾਰ ਕਰਨ ਦੀ ਲੋੜ ਹੈ।

ਮਹਾਤਮਾ ਗਾਂਧੀ ਨੇ ਲੋਕਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਦੀ ਗੱਲ ਕਰਦੇ ਹੋਏ ਕਿਹਾ ਸੀ,ਕਿ ਅਧਿਕਾਰਾਂ ਦਾ ਅਸਲ ਸਰੋਤ ਫ਼ਰਜ ਹੈ। ਜੇਕਰ ਅਸੀ ਸਾਰੇ ਆਪਣੇ ਫ਼ਰਜਾਂ ਨੂੰ ਆਪਣੀ ਪੂਰੀ ਇਮਾਨਦਾਰੀ ਨਾਲ ਨਿਭਾਉਦੇ ਹਾਂ ਤਾਂ ਅਧਿਕਾਰਾਂ ਦੀ ਲੋੜ ਹੀ ਨਹੀ ਪਵੇਗੀ। ਜੋ ਕਰਤੱਵ ਨਹੀ ਨਿਭਾਉਦਾ ਤਾਂ ਉਹ ਫਿਰ ਆਪਣੇ ਹੱਕਾਂ ਪਿੱਛੇ ਭੱਜਦਾ ਹੈ, ਉਹ ਸਾਡੇ ਤੋਂ ਬਚ ਜਾਂਦੇ ਹਨ। ਆਪਣੀਆਂ ਭਾਵਨਾਵਾਂ ਨੂੰ ਵਿਕਸਿਤ ਕਰਨਾ ਵੀ ਨਾਗਰਿਕ ਦਾ ਬੁਨਿਆਦੀ ਫ਼ਰਜ ਹੈ। ਹਰ ਕਿਸੇ ਦੀ ਹਮਦਰਦੀ ਨਾਲ ਸੇਵਾ ਕਰਨਾ ਵੀ ਫ਼ਰਜ਼ਾਂ ਵਿੱਚ ਸ਼ਾਮਲ ਹੈ। ਗੁਜਰਾਤ ਦੀ ਮੁਕਤਾਬੇਨ ਡਗਲੀ, ਜਿੰਨਾਂ ਨੂੰ ਇਸ ਸਾਲ ਰਾਸ਼ਟਰਪਤੀ ਭਵਨ 'ਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਬਚਪਨ ਵਿੱਚ ਆਪਣੀ ਨਜ਼ਰ ਗੁਆਉਣ ਦੇ ਬਾਵਜੂਦ ਉਸ ਨੇ ਆਪਣਾ ਸਾਰਾ ਜੀਵਨ ਦੁਨੀਆ ਦੀ ਭਲਾਈ ਲਈ ਸਮਰਪਤ ਕਰ ਦਿੱਤਾ।ਉਸ ਨੇ ਬਹੁਤ ਸਾਰੀਆਂ ਨੇਤਰਹੀਣ ਦੀਆਂ ਜਿੰਦਗੀਆਂ ਨੂੰ ਰੌਸ਼ਨੀ ਦਿਖਾਈ ਸੀ। ਆਪਣੀ ਸੰਸਥਾਂ ਰਾਹੀ ਉਹ ਭਾਰਤ ਦੇ ਬਹੁਤ ਸਾਰੇ ਰਾਜਾਂ ਦੀਆਂ ਕਈ ਨੇਤਰਹੀਣ ਔਰਤਾਂ ਦੇ ਜੀਵਨ ਵਿੱਚ ਆਸ ਦੀ ਕਿਰਨ ਜਗਾ ਰਹੀ ਹੈ। ਉਨਾਂ ਵਰਗੇ ਨਾਗਰਿਕ ਅਸਲ ਵਿੱਚ ਸਾਡੇ ਸੰਵਿਧਾਨ ਦੇ ਆਦਰਸ਼ਾਂ ਨੂੰ ਬਰਕਰਾਰ ਰੱਖਦੇ ਹਨ। ਉਹ ਰਾਸ਼ਟਰ ਨਿਰਮਾਤਾ ਕਹਾਉਣ ਦੇ ਹੱਕਦਾਰ ਹਨ।

ਸਾਡਾ ਸੰਵਿਧਾਨ ਬਿੰਨਾਂ ਸ਼ੱਕ ਸਭ ਤੋਂ ਮਹੱਤਵਪੂਰਨ ਵਿਰਾਸਤ ਹੈ ਜੋ ਸਾਡੇ ਸੰਸਾਥਪਕਾਂ ਨੂੰ ਦਿੱਤਾ ਹੈ।ਇਹ ਏਨੀ ਸ਼ਰਧਾ ਦਾ ਹੁਕਮ ਕਿਉਂ ਦਿੰਦਾ ਹੈ? ਇਹ ਇਸ ਲਈ ਹੈ ਕਿਉਂਕਿ ਸੰਵਿਧਾਨ ਕਿਸੇ ਰਾਸ਼ਟਰ ਦੇ ਸ਼ਾਸ਼ਨ ਲਈ ਇਕ ਚਾਰਟਰ ਹੈ। ਇਹ ਸ਼ਾਸ਼ਨ ਦੀ ਪ੍ਰਕਿਰਤੀ ਅਤੇ ਪ੍ਰਕਿਰਿਆ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਇਸ ਦੀਆਂ ਸੰਸਥਾਵਾਂ ਦੀ ਸਥਾਪਨਾ ਅਤੇ ਕੰਮ-ਕਾਜ਼ ਲਈ ਨਿਯਮ ਬਣਾਉਦਾ ਹੈ। ਸਾਡੇ ਸੰਵਿਧਾਨ ਦੀ ਸੁੰਦਰਤਾ, ਇਸ ਦੀ ਲਚਕਤਾ ਅਤੇ ਵਿਆਖਿਆ ਦੇ ਦਾਇਰੇ ਵਿੱਚ ਹੈ ਜੋ ਇਸ ਨੂੰ ਸਮੇਂ ਦੀ ਲੋੜ ਦੇ ਪ੍ਰਤੀ ਜਵਾਬਦੇਹ ਅਤੇ ਦਹਾਕਿਆਂ ਦੇ ਤਜਰਬੇ ਨਾਲ ਭਰਪੂਰ ਬਣਾਉਦਾ ਹੈ। ਫਿਰ ਵੀ ਸੰਵਿਧਾਨ ਕੁਝ ਸਦੀਵੀ ਮੁੱਲਾਂ ਨੂੰ ਸਥਾਪਿਤ ਕਰਦਾ ਹੈ ਜੋ ਸਾਡੇ ਮਾਰਗਦਰਸ਼ਕ ਸਿਧਾਤਾਂ ਵਜੋਂ ਬਣੇ ਰਹਿੰਦੇ ਹਨ। ਸਾਡੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦਾ ਮੰਨਣਾ ਸੀ ਕਿ ਲੋਕਤੰਤਰ ਵਿੱਚ ਵੋਟਿੰਗ ਚੋਣ ਜਾਂ ਸਰਕਾਰ ਦੇ ਰਾਜਨਿਤਕ ਰੂਪ ਨਾਲੋਂ ਬਹੁਤ ਡੂੰਘੀ ਹੈ। ਉਸ ਨੇ ਕਿਹਾ ਹੈ ਕਿ ਇਹ ਤੁਹਾਡੇ ਗੁਆਂਢੀ ਅਤੇ ਤੁਹਾਡੇ ਵਿਰੋਧੀ ਲਈ ਸੋਚਣ ਦਾ ਇਕ ਤਰੀਕਾ ਹੈ,ਕੰਮ-ਕਾਜ ਕਰਨ਼ ਦਾ ਇਕ ਤਰੀਕਾ ਹੈ,ਵਿਚਾਰ ਕਰਨ ਦਾ ਇਕ ਤਰੀਕਾ ਹੈ।

25 ਨਵੰਬਰ ਸੰਨ 1949 ਨੂੰ ਬਾਵਾ ਸਾਹਿਬ ਡਾ, ਭੀਮ ਰਾਓ ਅੰਬੇਡਕਰ ਨੇ ਕਿਹਾ ਸੀ 'ਸੰਵਿਧਾਨ ਭਾਂਵੇਂ ਕਿੰਨਾਂ ਵੀ ਚੰਗਾ ਕਿਉਂ ਨਾ ਹੋਵੇ, ਜੇਕਰ ਇਸ ਨੂੰ ਲਾਗੂ ਕਰਨ ਵਾਲੇ ਬਹੁਤ ਮਾੜੇ ਹਨ ਤਾਂ ਇਸ ਦਾ ਮਾੜਾ ਹੋਣਾ ਸੁਭਾਵਿਕ ਹੈ। ਸੰਵਿਧਾਨ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ ਪਰ ਇਸ ਨੂੰ ਲਾਗੂ ਕਰਨ ਵਾਲੇ ਵਧੀਆ ਹੋਣਗੇ ਤਾਂ ਇਹ ਆਪਣੇ ਆਪ ਹੀ ਵਧੀਆਂ ਤਰੀਕੇ ਨਾਲ ਲਾਗੂ ਹੋ ਜਾਵੇਗਾ।

ਸੰਵਿਧਾਨ ਦਾ ਕੰਮ-ਕਾਜ਼ ਪੂਰੀ ਤਰ੍ਹਾਂ ਸੰਵਿਧਾਨ ਦੀ ਪ੍ਰਕਿਰਤੀ 'ਤੇ ਨਿਰਭਰ ਨਹੀ ਕਰਦਾ। ਸੰਵਿਧਾਨ ਸਿਰਫ਼ ਰਾਜ ਦੇ ਅੰਗਾਂ,ਜਿਵੇ ਕਿ ਵਿਧਾਨ ਸਭਾ, ਕਾਰਜ ਪਾਲਿਕਾ ਅਤੇ ਨਿਆ-ਪਾਲਿਕਾ ਦੀ ਵਿਵਸਥਾ ਕਰ ਸਕਦਾ ਹੈ। ਜਿੰਨਾਂ ਕਰਕੇ ਰਾਜ ਦੇ ਉਨਾਂ ਅੰਗਾਂ ਦਾ ਕੰਮ ਨਿਰਭਰ ਕਰਦਾ ਹੈ,ਉਹ ਲੋਕ ਅਤੇ ਰਾਜਨਿਤਕ ਪਾਰਟੀਆਂ ਹਨ ਜਿੰਨਾਂ ਨੂੰ ਉਹ ਆਪਣੀਆਂ ਇਛਾਵਾਂ ਅਤੇ ਆਪਣੀ ਰਾਜਨੀਤੀ ਦੀ ਪੂਰਤੀ ਲਈ ਆਪਣੇ ਸਾਧਨ ਵਜੋਂ ਵਰਤਣਗੇ।'



# ਦਿੱਲੀ ਨੂੰ ਮੌਸਮ ਨਾਲ ਸੰਬੰਧਿਤ ਅੱਤ ਦਰਜੇ ਦੀਆਂ ਘਟਨਾਵਾਂ ਤੋਂ ਕਿਵੇਂ ਬਚਾਇਆ ਜਾਵੇ?

ਦਿੱਲੀ ਸ਼ਹਿਰ ਵਿਚ 2021 ਦੇ ਸਾਲ ਦੌਰਾਨ ਜਨਵਰੀ ਤੋਂ ਲੈ ਕੇ ਦਸੰਬਰ ਤੱਕ ਹਰ ਮਹੀਨੇ ਮੌਸਮ ਨਾਲ ਸੰਬੰਧਿਤ ਅੱਤ ਦਰਜੇ ਦੀਆਂ ਘਟਨਾਵਾਂ, ਜਿਵੇਂ ਇਕ ਦਿਨ ਵੱਧ ਤੋਂ ਵੱਧ ਮੀਂਹ ਪੈਣ ਜਾਂ ਮਹੀਨੇ ਵਿਚ ਔਸਤ ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਤਾ-ਪਮਾਨ ਆਦਿ ਦਾ ਰਿਕਾਰਡ ਟੁੱਟਣ, ਵਾਪਰਦੀਆਂ ਰਹੀਆਂ ਹਨ।ਸਾਲ ਦੀ ਸ਼ੁਰੂਆਤ ਜਨਵਰੀ ਵਿਚ 2008 ਤੋਂ ਬਾਅਦ ਦਿੱਲੀ ਵਿਚ ਆਈਆਂ ਸਭ ਤੋਂ ਵੱਧ ਠੰਡੀਆਂ ਲਹਿਰਾਂ ਦੇ 7 ਦਿਨਾਂ ਦੇ ਲੰਬੇ ਰਿਕਾਰਡ ਨਾਲ ਹੋਈ। ਭਾਰਤੀ ਮੌਸਮ ਵਿਭਾਗ ਅਨੁਸਾਰ ਕਿਸੇ ਵੀ ਮੈਦਾਨੀ ਇਲਾਕੇ ਵਿਚ ਜਦੋਂ ਘੱਟੋ-ਘੱਟ ਜਾਂ ਰਾਤ ਦਾ ਤਾਪਮਾਨ ਔਸਤ ਤਾਪਮਾਨ ਨਾਲੋਂ 4.5 ਡਿਗਰੀ ਸੈਲਸੀਅਸ ਘੱਟ ਜਾਂਦਾ ਹੈ ਜਾਂ 4 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਜਾਂਦਾ ਹੈ ਤਾਂ ਉਹ ਇਲਾਕਾ ਠੰਡੀਆਂ ਹਵਾਵਾਂ ਦੇ ਪ੍ਰਭਾਵ ਵਿਚ ਆਇਆ ਮੰਨਿਆ ਜਾਂਦਾ ਹੈ। ਜਨਵਰੀ ਵਿਚ ਹੀ ਦਿੱਲੀ ਵਿੱਚ 56.6 ਮਿਲੀਮੀਟਰ ਮੀਂਹ ਪਿਆ ਜਿਸ ਨੇ ਪਿਛਲੇ 21 ਸਾਲਾਂ ਦਾ ਰਿਕਾਰਡ ਤੋੜ ਦਿੱਤਾ। ਆਮਤੌਰ ਉੱਤੇ ਇੱਥੇ ਜਨਵਰੀ ਵਿਚ ਔਸਤਨ 19 ਮਿਲੀਮੀਟਰ ਮੀਂਹ ਪੈਂਦਾ ਹੈ।

ਫ਼ਰਵਰੀ ਵਿਚ ਆਮਤੌਰ ਉੱਤੇ ਮੌਸਮ ਠੰਡਾ ਰਹਿੰਦਾ ਹੈ। ਫਰਵਰੀ ਵੱਧ ਤੋਂ ਵੱਧ ਔਸਤ ਤਾਪਮਾਨ 23 ਤੋਂ 24 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿੰਦਾ ਹੈ, ਪਰ 2021 ਵਿਚ ਫਰਵਰੀ ਵਿਚ ਇਹ ਤਾਪਮਾਨ 27.9 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਜੋ ਪਿਛਲੇ 20 ਸਾਲਾਂ ਵਿਚ ਸਭ ਤੋਂ ਵੱਧ ਸੀ।

ਭਾਵੇਂ ਮਾਰਚ ਦੇ ਸਾਰੇ ਮਹੀਨੇ ਵਿਚ ਤਾਂ ਔਸਤ ਤਾਪਮਾਨ ਹੀ ਰਿਕਾਰਡ ਕੀਤਾ ਗਿਆ, ਪਰ 29 ਮਾਰਚ ਨੂੰ ਪਾਰਾ 40.1 ਡਿਗਰੀ ਸੈਲਸੀਅਸ ਉੱਤੇ ਪਹੁੰਚ ਗਿਆ ਹੈ ਅਤੇ ਇਹ ਦਿਨ ਮਈ, ਜੂਨ ਦੇ ਮਹੀਨਿਆਂ ਵਾਂਗ ਤਪ ਗਿਆ। ਇਸ ਦਿਨ ਤਾਪਮਾਨ ਔਸਤ ਨਾਲੋਂ 8 ਡਿਗਰੀ ਸੈਲਸੀਅਸ ਜ਼ਿਆਦਾ ਰਿਕਾਰਡ ਕੀਤਾ ਗਿਆ।

ਆਮਤੌਰ ਉੱਤੇ ਅਪ੍ਰੈਲ ਦੇ ਮਹੀਨੇ ਵਿਚ ਤਾਪਮਾਨ ਵਧਣਾ ਸ਼ੁਰੂ ਹੋ ਜਾਂਦਾ ਹੈ, ਪਰ 2021 ਦੇ ਅਪ੍ਰੈਲ ਦੀ ਸ਼ੁਰੂਆਤ ਹੈਰਾਨ ਕਰਨ ਵਾਲੇ ਠੰਡੇ ਤਾਪਮਾਨ ਨਾਲ ਹੋਈ। 4 ਅਪ੍ਰੈਲ ਨੂੰ ਘੱਟੋ-ਘੱਟ (ਰਾਤ ਦਾ) ਤਾਪਮਾਨ ਸਿਰਫ 11.7 ਡਿਗਰੀ ਸੀ ਜਿਹੜਾ ਔਸਤ ਤਾਪਮਾਨ ਨਾਲੋਂ 9.3 ਡਿਗਰੀ ਸੈਲਸੀਅਸ ਘੱਟ ਸੀ।

2021 ਵਿਚ ਜਨਵਰੀ ਤੋਂ ਅਪ੍ਰੈਲ ਤੱਕ ਦੇ ਚਾਰ ਮਹੀਨਿਆਂ ਵਿਚ ਮੌਸਮ ਨਾਲ ਸੰਬੰਧਿਤ ਪੰਜ ਰਿਕਾਰਡ ਟੁੱਟ ਚੁੱਕੇ ਸਨ। ਪੰਜਵਾਂ ਮਹੀਨਾ ਮਈ ਦਾ ਆਇਆ। ਮਈ ਦੇ ਅੱਧ ਤੱਕ ਤਾਪਮਾਨ ਆਮ ਵਰਗਾ ਸੀ, ਪਰ 16 ਮਈ ਨੂੰ ਅਰਬ ਸਾਰਗ ਤੋਂ ਉੱਠੇ ਤਾਉਤੇ ਚੱਕਰਵਾਤ ਨੇ ਕੇਰਲ ਤੋਂ ਲੈ ਕੇ ਗੁਜਰਾਤ ਤੱਕ ਭਾਰੀ ਮੀਂਹ ਅਤੇ ਤੇਜ਼ ਹਵਾਵਾਂ ਨਾਲ ਭਾਰੀ ਨੁਕਸਾਨ ਕਰਦਿਆਂ ਦੇਸ ਦੇ 25 ਰਾਜਾਂ ਅਤੇ ਕੇਂਦਰੀ ਸ਼ਾਸਤ ਰਾਜਾਂ ਵਿਚ ਆਪਣੀ ਆਮਦ ਭਾਰੀ ਮੀਂਹ ਨਾਲ ਦਰਜ ਕਰਵਾਈ। ਤਾਉਤੇ ਦੇ ਪ੍ਰਭਾਵ ਥੱਲੇ ਦਿੱਲੀ ਵਿਚ 19 ਮਈ ਨੂੰ 119.3 ਮਿਲੀਮੀਟਰ ਮੀਂਹ ਪਿਆ। ਇਹ ਹੁਣ ਤੱਕ ਦੇ ਰਿਕ-ਾਰਡ ਅਨੁਸਾਰ ਦਿੱਲੀ ਵਿਚ ਮਈ ਵਿਚ ਪਿਆ ਸਭ ਤੋਂ ਵੱਧ ਮੀਂਹ ਸੀ। ਇਸ ਦਿਨ ਮਈ ਵਿਚ ਵੱਧ ਤੋਂ ਵੱਧ ਤਾਪਮਾਨ 23.8 ਡਿਗਰੀ ਸੈਲਸੀਅਸ ਸੀ ਜੋ ਇਸੇ ਸਾਲ ਦੇ ਫ਼ਰਵਰੀ (ਠੰਡੇ ਜਾਣੇ ਜਾਂਦੇ ਮਹੀਨੇ) ਦੇ ਔਸਤ ਤਾਪਮਾਨ (27.9 ਡਿਗਰੀ ਸੈਲਸੀਅਸ) ਤੋਂ 4.1 ਡਿਗਰੀ ਘੱਟ ਸੀ।

ਜੂਨ ਦੇ ਮਹੀਨੇ ਵਿਚ ਗਰਮ ਹਵਾਵਾਂ ਦੀ ਲਪੇਟ ਵਿਚ ਆਈ ਦਿੱਲੀ ਵਿਚ ਵੱਧ ਤੋਂ ਵੱਧ ਤਾਪਮਾਨ ਦਾ 29 ਜੂਨ 2021 ਨੂੰ ਇਕ ਹੋਰ ਰਿਕਾਰਡ ਟੁੱਟਿਆ। ਇਸ ਦਿਨ ਦਿੱਲੀ ਦਾ ਤਾਪਮਾਨ 43.5 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਜੋ ਆਮ ਨਾਲੋਂ 7 ਡਿਗਰੀ ਸੈਲਸੀਅਸ ਵੱਧ ਸੀ।

ਆਮਤੌਰ 27 ਜੂਨ ਦੇ ਆਸਪਾਸ ਮੌਨਸੂਨ ਪੌਣਾਂ ਦਿੱਲੀ ਪਹੁੰਚ ਜਾਂਦੀਆਂ ਹਨ। 2021 ਵਿਚ ਮੌਨਸੂਨ ਪੌਣਾਂ 16 ਦਿਨ ਪਛੜ ਕੇ ਜੂਨ ਦੀ ਥਾਂ 13 ਜੁਲਾਈ ਨੂੰ ਦਿੱਲੀ ਪਹੁੰਚੀਆਂ ਅਤੇ ਇਨ੍ਹਾਂ ਨੇ ਦਿੱਲੀ ਵਿਚ ਮੀਂਹ ਦੇ ਕਈ ਪੁਰਾਣੇ ਰਿਕਾਰਡ ਤੋੜ ਦਿੱਤੇ।

19 ਅਗਸਤ ਨੂੰ ਇਕ ਦਿਨ ਵਿਚ ਦਿੱਲੀ ਵਿਚ 138.8 ਮਿਲੀਮੀਟਰ ਮੀਂਹ ਪਿਆ ਜਿਸ ਨੇ ਪਿਛਲੇ 14 ਸਾਲ ਦਾ ਅਗਸਤ ਵਿਚ ਪੈਣ ਵਾਲੇ ਮੀਂਹ ਦਾ ਰਿਕਾਰਡ ਤੋੜਿਆ। ਸਤੰਬਰ ਵਿਚ ਦਿੱਲੀ ਵਿਚ 413.3 ਮਿਲੀਮੀਟਰ ਮੀਂਹ ਪਿਆ ਜੋ ਸਤੰਬਰ ਮਹੀਨੇ ਦੇ ਔਸਤ ਨਾਲੋਂ 230 ਫ਼ੀਸਦ ਵੱਧ ਸੀ। 13 ਦਿਨ ਪਛੜ ਕੇ ਆਈਆਂ ਮੌਨਸੂਨ ਪੌਣਾਂ ਬੇਮੌਸਮੀ ਭਾਰੀ ਮੀਂਹ ਪਾਉਂਦੀਆਂ ਨਿਯਮਿਤ ਸਮੇਂ ਤੋਂ 13 ਪਛੜ ਕੇ ਦਿੱਲੀ ਤੋਂ ਵਾਪਸ ਮੁੜੀਆਂ। ਇਨ੍ਹਾਂ ਨੇ 18 ਅਕਤੂਬਰ ਨੂੰ 122.5 ਮਿਲੀਮੀਟਰ ਮੀਂਹ ਪਾ ਕੇ ਪਿਛਲੇ 120 ਸਾਲਾਂ ਦਾ ਰਿਕਾਰਡ ਤੋੜ ਦਿੱਤਾ।

ਦਿੱਲੀ ਵਿਚ ਆਮ ਤੌਰ ਉੱਤੇ ਨਵੰਬਰ ਦੇ ਮਹੀਨੇ ਵਿਚ ਪੱਛਮੀ ਪੌਣਾਂ ਦੋ ਜਾਂ ਤਿੰਨ ਵਾਰ ਮੀਂਹ ਪਾਉਂਦੀਆਂ ਹਨ, ਪਰ ਇਹ ਪੌਣਾਂ 2021 ਵਿਚ ਦਿੱਲੀ ਤੱਕ ਪਹੁੰਚੀਆਂ ਹੀ ਨਹੀਂ ਅਤੇ ਨਵੰਬਰ 2021 ਰਿਕਾਰਡ ਅਨੁਸਾਰ ਹੁਣ ਤੱਕ ਸੱਭ ਤੋਂ ਵੱਧ ਹਵਾ ਦੇ ਪ੍ਰਦੂਸ਼ਣ ਵਾਲਾ ਮਹੀਨਾ ਰਿਹਾ ਹੈ।

ਦਸੰਬਰ ਵਿਚ ਮੌਸਮ ਆਮ ਨਾਲੋਂ ਗਰਮ ਰਿਹਾ ਹੈ, ਪਰ ਇਸ ਦੇ ਬਾਵਜੂਦ 19 ਤੋਂ 21 ਦਸੰਬਰ ਤਿੰਨ ਦਿਨ ਠੰਡੀਆਂ ਹਵਾਵਾਂ ਨੇ ਠੰਡ ਦਾ ਰਿਕਾਰਡ ਤੋੜ ਦਿੱਤਾ। 29 ਦਸੰਬਰ ਨੂੰ ਦਿੱਲੀ ਵਿਚ 1512.4 ਮਿਲੀਮੀਟਰ ਮੀਂਹ ਪਿਆ ਜੋ 1933 (1534.3 ਮਿਲੀਮੀਟਰ) ਤੋਂ ਬਾਅਦ ਪਿਆ ਸਭ ਤੋਂ ਵੱਧ ਮੀਂਹ ਹੈ।

ਦਿੱਲੀ ਵਿਚ ਮੌਸਮ ਨਾਲ ਸੰਬੰਧਿਤ ਘਟਨਾਵਾਂ ਦੇ ਰਿਕਾਰਡ ਟੁੱਟ ਦਾ ਸਿਲਸਿਲਾ ਤਾਂ ਅਗਸਤ 2020 ਤੋਂ ਸ਼ੁਰੂ ਹੋ ਗਿਆ ਸੀ। ਅਗਸਤ 2020 ਵਿਚ 2013 ਤੋਂ ਬਾਅਦ ਵੱਧ ਮੀਂਹ ਪਿਆ, ਜਦੋਂਕਿ 2020 ਦਾ ਸਤੰਬਰ 2000 ਤੋਂ ਬਾਅਦ ਦਾ ਸਭ ਤੋਂ ਗਰਮ ਸਤੰਬਰ ਆਂਕਿਆ ਗਿਆ। ਅਕਤੂਬਰ, ਨਵੰਬਰ, ਅਤੇ ਦਸੰਬਰ ਦੇ ਮਹੀਨੇ ਕ੍ਰਮਵਾਰ 58, 71, ਅਤੇ 15 ਸਾਲਾਂ ਵਿਚ ਸਭ ਤੋਂ ਠੰਡੇ ਅਕਤੂਬਰ, ਨਵੰਬਰ, ਅਤੇ ਦਸੰਬਰ ਰਿਕਾਰਡ ਕੀਤੇ ਗਏ।

ਦਿੱਲੀ ਵਿਚ ਮੌਸਮ ਦੇ ਫੇਰ-ਬਦਲ ਦੀਆਂ ਘਟਨਾਵਾਂ ਕੋਈ ਅਚੰਭੇ ਵਾਲੀ ਗੱਲ ਨਹੀਂ ਹੈ ਕਿਉਂਕਿ ਦੁਨੀਆ ਦੇ ਸਾਰੇ ਦੇਸਾਂ ਵਿਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਵੇਂ ਠੰਡੇ ਜਾਣੇ ਜਾਂਦੇ ਇਲਾਕਿਆਂ ਵਿਚ ਅੱਤ ਦੀ ਗਰਮੀ ਪੈਣਾ, ਭਿਆਨਕ ਜੰਗਲੀ ਅੱਗਾਂ ਲੱਗਣਾ ਆਦਿ। ਇਨ੍ਹਾਂ ਸਾਰੀਆਂ ਅੱਤ ਦਰਜੇ ਦੀਆਂ ਘਟਨਾਵਾਂ ਨੂੰ ਆਮ ਤੌਰ ਉੱਤੇ ਧਰਤੀ ਦੇ ਔਸਤ ਤਾਪਮਾਨ ਵਿਚ ਹੋਏ ਵਾਧੇ ਨਾਲ ਆਈਆਂ ਮੌਸਮੀ ਤਬਦੀਲੀਆਂ ਨਾਲ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਦਿੱਲੀ ਵਿਚ ਪਿਛਲੇ 17 ਮਹੀਨਿਆਂ ਤੋਂ ਮੌਸਮ ਨਾਲ ਸੰਬ-ਧਿਤ ਘਟਨਾਵਾਂ ਵਿਚ ਰਿਕਾਰਡ ਟੁੱਟਣ ਦੀ ਪ੍ਰਕਿਰਿਆ ਦੇ ਲਗਾਤਾਰਤਾ ਵਿਚ ਚੱਲਣ ਨੂੰ ਸਿੱਧਾ ਹੀ ਮੌਸਮੀ ਤਬਦੀਲੀਆਂ ਨਾਲ ਜੋੜ ਦਿੱਤਾ ਜਾਂਦਾ ਹੈ। ਭਾਵੇਂ ਅੱਤ ਦਰਜੇ ਦੀਆਂ ਹਰ ਤਰ੍ਹਾਂ ਦੀਆਂ ਮੌਸਮ ਨਾਲ ਸੰਬੰਧਿਤ ਘਟਨਾਵਾਂ ਮੌਸਮੀ ਤਬਦੀਲੀਆਂ ਨਾਲ ਸੰਬੰਧਿਤ ਹਨ, ਪਰ ਉਸਦੇ ਨਾਲ ਨਾਲ ਇਨ੍ਹਾਂ ਦੇ ਵਧਣ ਦੇ ਕਈ ਸਥਾਨਕ ਕਾਰਨ ਵੀ ਹਨ ਜੋ ਇਨ੍ਹਾਂ ਘਟਨਾਵਾਂ ਦੀ



ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਨੂੰ ਵਧਾਉਂਦੇ ਹਨ। ਸਥਾਨਕ ਕਾਰਨਾਂ ਵਿਚ ਮੁੱਖ ਤੌਰ ਉੱਤੇ ਵਧਦਾ ਸ਼ਹਿਰੀਕਰਨ, ਆਬਾਦੀ, ਕੰਕਰੀਟ ਵਾਲੀਆਂ ਥਾਵਾਂ, ਅਤੇ ਰਿਹਾਇਸ਼ੀ ਖੇਤਰ, ਸੜਕਾਂ, ਪੁਲ ਆਦਿ, ਅਤੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਵਾਲੀਆਂ ਗਤੀਵਿਧੀਆਂ ਵਿਚ ਵਾਧਾ (ਕਾਰਾਂ ਦੀ ਗਿਣਤੀ, ਉਦਯੋਗਿਕ ਇਕਾਈਆਂ, ਥਰਮਲ ਪਲਾਟਾਂ, ਇੱਟਾਂ ਦੇ ਭੱਠੇ, ਆਦਿ), ਹਵਾ ਦਾ ਵਧਦਾ ਪ੍ਰਦੂਸ਼ਣ, ਝੁੱਗੀਆਂ-ਝੌਂਪੜੀਆਂ ਵਾਲੇ ਇਲਾਕਿਆਂ ਵਿਚਵਾਧਾ ਅਤੇ ਹਰੇ ਖੇਤਰਾਂ ਅਤੇ ਜਲਸਰੋਤਾਂ ਥੱਲੇ ਘਟਦਾ ਰਕਬਾ ਸ਼ਾਮਲ ਹਨ।

ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ 2021 ਦੇ ਸਾਲ ਵਿਚ ਦੁਨੀਆ ਦੇ ਵੱਖਵੱਖ ਦੇਸਾਂ ਨੇ ਅੱਤ ਦੀਆਂ ਕੁਦਰਤੀ ਆਫ਼ਤਾਂ ਦੀ ਮਾਰ ਝੱਲੀ ਹੈ। ਸੰਯੁਕਤ ਰਾਜ ਅਮਰੀਕਾ ਤੋਂ ਲੈ ਕੇ ਯੂਰਪ ਦੇ ਸਾਰੇ ਦੇਸਾਂ, ਚੀਨ, ਜਾਪਾਨ, ਇੰਡੋਨੇਸ਼ੀਆ, ਕੈਨੇਡਾ ਆਦਿ ਨੇ ਅੱਤ ਦੀ ਗਰਮੀ, ਸੋਕੇ, ਜੰਗਲੀ ਅੱਗਾਂ ਤੋਂ ਲੈ ਕੇ ਰਿਕਾਰਡ ਤੋੜ ਮੀਂਹ ਅਤੇ ਹੜ੍ਹਾਂ ਦੀ ਮਾਰ ਝੱਲੀ ਹੈ। ਇਸ ਬਾਰੇ ਆਈ.ਪੀ.ਸੀ.ਸੀ. ਦੀ ਅਗਸਤ 2021 ਵਿਚ ਆਈ ਛੇਵੀਂ ਰਿਪੋਰਟ ਦੇ ਨੇ ਵਿਸਥਾਰਪੂਰਵਕ ਖੁਲਾਸਾ ਕੀਤਾ ਸੀ ਕਿ ਆਉਣ ਵਾਲੇ ਦਹਾਕਿਆਂ ਵਿਚ ਸਰਦੀ ਦੀ ਰੁੱਤ ਛੋਟੀ ਹੁੰਦੀ ਜਾਵੇਗੀ ਅਤੇ ਗਰਮੀ ਰੁੱਤ ਲੰਮੀ ਹੁੰਦੀ ਜਾਵੇਗੀ, ਗਰਮ ਲਹਿਰਾਂ ਦੀਆਂ ਘਟਨਾਵਾਂ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ, ਕੁਝ ਥਾਵਾਂ ਉੱਤੇ ਜ਼ਿਆਦਾ ਮੀਂਹ ਪੈਣ ਨਾਲ ਹੜ੍ਹ ਆਉਣਗੇ, ਅਤੇ ਕੁਝ ਥਾਵਾਂ ਉੱਤੇ ਸੋਕਾ ਪੈਣ ਦੀਆਂ ਘਟਨਾਵਾਂ ਵਿਚ ਵਾਧਾ ਹੋਵੇਗਾ। ਨੋਆ, ਨਾਸਾ ਸਮੇਤ ਛੇ ਸੰਸਥਾਵਾਂ ਦੇ ਅੰਕੜਿਆਂ ਅਨੁਸਾਰ 2021 ਦਾ ਸਾਲ ਰਿਕਾਰਡ ਅਨੁਸਾਰ ਦੁਨੀਆ ਦਾ ਹੁਣ ਤੱਕ ਦਾ ਸੱਤਵਾਂ ਸਭ ਤੋਂ ਗਰਮ ਸਾਲ ਰਿਹਾ ਅਤੇ ਭਾਰਤ ਵਿਚ ਭਾਰਤੀ ਮੌਸਮ ਵਿਭਾਗ ਦੇ ਰਿਕਾਰਡ ਅਨੁਸਾਰ 2021 ਪੰਜਵਾਂ ਸਭ ਤੋਂ ਗਰਮ ਸਾਲ ਰਿਹਾ ਹੈ।

ਭਾਰਤ ਦੇ ਵੀ ਵੱਖਵੱਖ ਰਾਜਾਂ ਨੇ ਵੀ 2021 ਵਿਚ ਮੌਨਸੂਨ ਦੇ ਆਉਣ ਤੋਂ ਪਹਿਲਾਂ ਅਤੇ ਆਉਂਦੀਆਂ ਅਤੇ ਜਾਂਦੀਆਂ ਮੌਨਸੂਨ ਪੌਣਾਂ ਦੇ ਸਮੇਂ ਭਾਰੀ ਮੀਂਹ ਅਤੇ ਹੜ੍ਹਾਂ ਦੀ ਮਾਰ ਝੱਲੀ ਹੈ। ਭਾਰਤ ਦੀ ਮਨਿਸਟਰੀ ਆਫ਼ ਅਰਥ ਸਾਇੰਸਜ਼ ਦੀ ਇਕ ਰਿਪੋਰਟ ਅਨੁਸਾਰ ਭਾਰਤ ਦੇ ਔਸਤ ਤਾਪਮਾਨ ਵਿਚ 1901 ਤੋਂ 2018 ਤੱਕ ਦੇ ਅਰਸੇ ਦੌਰਾਨ ਲਗਭਗ 0.7 ਡਿਗਰੀ ਸੈਲਸੀਅਸ ਦਾ ਵਾਧਾ ਹੋ ਗਿਆ। ਕੌਂਸਿਲ ਔਨ ਅਨਰਜੀ, ਇਨਵਾਇਰਨਮੈਂਟ ਅਤੇ ਵਾਟਰ ਦੀ 2020 ਦੀ ਇਕ ਰਿਪੋਰਟ ਅਨੁਸਾਰ ਤਾਪਮਾਨ ਵਿਚ ਵਾਧਾ ਹੋਣ ਨਾਲ ਦੇਸ ਦੇ 75 ਫ਼ੀਸਦ ਜ਼ਿਲ੍ਹੇ ਬੁਰੀ ਤਰ੍ਹਾਂ ਮੌਸਮੀ ਤਬਦੀਲੀਆਂ ਦੀ ਲਪੇਟ ਵਿਚ ਆ ਚੁੱਕੇ ਹਨ। ਇਸ ਰਿਪੋਰਟ ਵਿਚ 1970-2019 ਦੇ ਅਰਸੇ ਵਿਚਕਾਰ ਵਾਪਰੀਆਂ ਕੁਦਰਤੀ ਆਫ਼ਤਾਂ ਦਾ ਜ਼ਿਲ੍ਹੇਵਾਰ ਅਧਿਐਨ ਕੀਤਾ ਗਿਆ ਹੈ। ਇਸ ਰਿਪੋਰਟ ਅਨੁਸਾਰ 1970 ਤੋਂ 2005 ਦੌਰਾਨ ਬਹੁਤ ਜ਼ਿਆਦਾ ਨੁਕਸਾਨ ਕਰਨ ਵਾਲੀਆਂ 250 ਕੁਦਰਤੀ ਆਫ਼ਤਾਂ ਵਾਪਰੀਆਂ ਸਨ, ਪਰ 2005 ਤੋਂ ਬਾਅਦ 2019 ਤੱਕ ਇਨ੍ਹਾਂ ਦੀ ਗਿਣਤੀ ਵਧ ਕੇ 310 ਹੋ ਗਈ ਹੈ। ਇਨ੍ਹਾਂ ਪੰਜ ਦਹਾਕਿਆਂ ਵਿਚ ਹੜ੍ਹਾਂ ਦੀਆਂ ਘਟਨਾਵਾਂ ਵਿਚ 8 ਗੁਣਾ ਅਤੇ ਸੋਕੇ ਦੀਆਂ ਘਟਨਾਵਾਂ ਵਿਚ 13 ਗੁਣਾ ਵਾਧਾ ਹੋਇਆ ਹੈ। ਦੇਸ ਦੇ ਲਗਭਗ 40 ਜਿਲ੍ਹਿਆਂ ਵਿਚ ਹੈਰਾਨ ਕਰਨ ਵਾਲਾ ਵਰਤਾਰਾ ਸਾਹਮਣੇ ਆਇਆ ਹੈ ਕਿ ਰਵਾਇਤੀ ਤੌਰ ਉੱਤੇ ਸੋਕੇ ਨਾਲ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਔਰੰਗਾਬਾਦ, ਕੋਲਹਾਪੁਰ, ਸੰਗਲੀ, ਪੂਣੇ ਆਦਿ ਵਿਚ ਹੜ੍ਹਾਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ, ਜਦੋਂ ਕਿ ਦੂਜੇ ਪਾਸੇ ਹੜ੍ਹ ਪ੍ਰਭਾਵਿਤ ਜ਼ਿਲ੍ਹੇ ਜਿਵੇਂ ਕਟਕ, ਗੁੰਟਰ, ਕੁਰਨੂਲ ਆਦਿ ਸੋਕੇ ਦੀ ਮਾਰ ਝੱਲ ਰਹੇ ਹਨ।

ਪਿਛਲੇ ਪੰਜ ਸਾਲਾਂ (2017-2021) ਤੋਂ ਮੌਨਸੂਨ ਪੌਣਾਂ ਲਗਾਤਾਰ ਨਿਸ਼ਚਿਤ ਸਮੇਂ ਤੋਂ ਬਾਅਦ ਭਾਰਤ ਤੋਂ ਵਾਪਸ ਮੁੜਦੀਆਂ ਹਨ। ਪਹਿਲਾਂ ਮੌਨਸੂਨ ਪੌਣਾਂ 1 ਸਤੰਬਰ ਤੋਂ ਦੇਸ ਦੇ ਉੱਤਰੀ-ਪੱਛਮੀ ਖੇਤਰ ਤੋਂ ਮੁੜਨੀਆਂ ਸ਼ੁਰੂ ਹੋ ਜਾਂਦੀਆਂ ਸਨ ਅਤੇ ਅਕਤੂਬਰ ਤੱਕ ਇਹ ਪੂਰੀ ਤਰ੍ਹਾਂ ਦੇਸ ਦੇ ਦੱਖਣੀ ਭਾਗਾਂ ਤੋਂ ਬਾਹਰ ਜਾਂਦੀਆਂ ਸਨ, ਪਰ ਇਨ੍ਹਾਂ ਦੇ ਦੇਰ ਨਾਲ ਮੁੜਨ ਦੇ ਵਰਤਾਰੇ ਨੂੰ ਦੇਖਦੇ ਹੋਏ ਭਾਰਤੀ ਮੌਸਮ ਵਿਭਾਗ ਨੇ 2020 ਵਿਚ ਮੌਨਸੂਨ ਪੌਣਾਂ ਦੇ ਵਾਪਸ ਮੁੜਨ ਦੀ ਨਵੀਂ ਮਿਤੀ 17 ਸਤੰਬਰ ਨਿਸ਼ਚਿਤ ਕੀਤੀ ਸੀ। ਮੌਸਮੀ ਤਬਦੀਲੀਆਂ ਕਾਰਨ ਮੌਨਸੂਨ ਪੌਣਾਂ ਦੀ ਵਾਪਸੀ 2017 ਤੋਂ ਬਾਅਦ ਨਵੀਂ ਮਿਤੀ ਬਾਅਦ ਹੀ ਹੋ ਰਹੀ ਹੈ। 2017 ਵਿਚ ਇਹ ਮਿਤੀ 27 ਸਤੰਬਰ, 2018 ਵਿਚ 29 ਸਤੰਬਰ, 2019 ਵਿਚ 9 ਅਕਤੂਬਰ, 2020 ਵਿਚ 28 ਸਤੰਬਰ ਅਤੇ 2021 ਵਿਚ 6 ਅਕਤੂਬਰ ਸੀ। ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਦਿੱਲੀ ਤੋਂ ਇਲਾਵਾ ਦੇਸ ਦੇ ਬਾਕੀਆਂ ਖੇਤਰਾਂ ਵਿਚ ਮੌਸਮ ਸੰਬੰਧੀ ਘਟਨਾਵਾਂ ਦੇ ਨਵੇਂ ਰਿਕਾਰਡ ਬਣ ਰਹੇ ਹਨ।

ਮੌਸਮੀ ਤਬਦੀਲੀਆਂ ਦੇ ਨਾਲ ਨਾਲ ਦਿੱਲੀ ਵਿਚ ਮੌਸਮ ਸੰਬੰਧੀ ਘਟਨਾਵਾਂ ਦੇ ਰਿਕਾਰਡ ਟੁੱਟਣ ਦੁਨੀਆ ਦੇ ਦੂਜੇ ਸ਼ਹਿਰਾਂ ਨਾਲੋਂ ਕੋਈ ਅਜੀਬ ਵਰਤਾਰਾ ਨਹੀਂ ਹੈ। ਇਹ ਵੀ ਮੌਸਮੀ ਤਬਦੀਲੀਆਂ ਕਾਰਨ ਹੋ ਰਿਹਾ ਹੈ, ਪਰ ਇਨ੍ਹਾਂ ਅੱਤ ਦਰਜੇ ਦੀਆਂ ਘਟਨਾਵਾਂ ਦੀ ਗਿਣਤੀ ਵਿਚ ਵਾਧਾ ਸਥਾਨਕ ਕਾਰਨਾਂ ਕਰਕੇ ਵੀ ਹੋ ਰਿਹਾ ਹੈ। ਨੌਆ ਦੇ ਬਾਲਟੀਮੋਰ, ਵਾਸ਼ਿੰਗਟਨ, ਅਤੇ ਰਿਚਮੰਡ ਆਦਿ ਸ਼ਹਿਰਾਂ ਦੇ ਤਿੰਨ ਸਾਲਾਂ ਦੇ ਇਕ ਅਧਿਐਨ ਅਨੁਸਾਰ ਜ਼ਿਆਦਾ ਕੰਕਰੀਟ ਵਾਲੀਆਂ ਥਾਵਾਂ ਉੱਤੇ ਜਿੱਥੇ ਦਰਖ਼ਤ ਘੱਟ ਹਨ ਦਾ ਤਾਪਮਾਨ ਛਾਂ ਵਾਲੀਆਂ ਥਾਵਾ ਨਾਲੋਂ 17 ਡਿਗਰੀ ਫਾਰਹਨਹੀਟ ਜ਼ਿਆਦਾ ਰਿਕਾਰਡ ਕੀਤਾ ਗਿਆ। ਦਿੱਲੀ ਵਿਚ ਵੀ ਉਸਾਰੀ ਅਧੀਨ ਖੇਤਰ ਵਿਚ ਲਗਾਤਾਰ ਵਾਧਾ ਹੋ ਰਿਹਾ ਜਿਸ ਦਾ ਸਿੱਧਾ ਅਸਰ ਤਾਪਮਾਨ ਉੱਤੇ ਪੈ ਰਿਹਾ ਹੈ। ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ ਰਾਹੀਂ ਕੌਮੀ ਰਾਜਧਾਨੀ ਖੇਤਰ ਲਈ 2021 ਦੀ ਯੋਜਨਾ ਲਈ ਕੀਤੇ ਗਏ ਅਧਿਐਨ ਅਨੁਸਾਰ 1999 ਤੋਂ 2012 ਤੱਕ ਦੇ ਸਮੇਂ ਵਿਚ ਬਿਲਟ-ਅੱਪ ਖੇਤਰ ਵਿਚ 34.5 ਫ਼ੀਸਦ ਵਾਧਾ ਹੋਇਆ ਹੈ। ਇਹ ਵਾਧਾ ਜ਼ਿਆਦਾਤਰ ਹਰੇ ਖੇਤਰਾਂ, ਅਤੇ ਜਲ ਸਰੋਤਾਂ ਦੀ ਕੀਮਤ ਉੱਤੇ ਹੋਇਆ ਹੈ ਕਿਉਂਕਿ ਇਸ ਅਰਸੇ ਵਿਚ ਇਨ੍ਹਾਂ ਦੋਹਾਂ ਥੱਲੇ ਰਕਬੇ ਵਿਚ ਇਸ ਅਰਸੇ ਵਿਚ ਕ੍ਰਮਵਾਰ 22.5 ਫ਼ੀਸਦ ਅਤੇ 5.9 ਫ਼ੀਸਦ ਕਮੀ ਆਈ ਹੈ। ਇਸ ਅਧਿਐਨ ਅਨੁਸਾਰ ਕੌਮੀ ਰਾਜਧਾਨੀ ਖੇਤਰ ਵਿਚ ਪਈ ਖਾਲੀ ਪਈ ਜ਼ਮੀਨ, ਜਿਸ ਵਿਚ ਬੰਜਰ, ਰੇਤਲੀ, ਦਲਦਲੀ, ਅਤੇ ਕੱਲਰੀ ਜ਼ਮੀਨ ਸ਼ਾਮਲ ਹਨ, 19.6 ਫ਼ੀਸਦ ਘਟ ਗਈ, ਪਰ ਪੱਥਰ ਦੀ ਖੁਦਾਈ, ਇੱਟਾਂ ਦੇ ਭੱਠਿਆਂ ਦੇ ਖੇਤਰ ਵਿਚ ਲਗਭਗ 59.59 ਫ਼ੀਸਦ ਵਾਧਾ ਦਰਜ ਕੀਤਾ ਗਿਆ ਹੈ। ਪੱਕੇ ਥਾਂ ਹਰੇ ਖੇਤਰਾਂ (ਬਨਸਪਤੀ ਵਾਲੇ ਖੇਤਰ) ਤੋਂ ਜ਼ਿਆਦਾ ਗਰਮ ਹੁੰਦੇ ਹਨ ਜਿਸ ਨਾਲ ਗਰਮ ਹਵਾਵਾਂ ਦੀ ਆਮਦ ਵਿਚ ਵਾਧਾ ਹੁੰਦਾ ਹੈ।

ਉੱਚ ਤਾਪਮਾਨ ਵਾਲੀ ਗਰਮ ਹਵਾ ਜ਼ਿਆਦਾ ਨਮੀ ਨੂੰ ਜਜ਼ਬ ਕਰ ਸਕਦੀ ਹੈ ਜੋ ਥੋੜ੍ਹੇ ਸਮੇਂ ਵਿਚ ਜ਼ਿਆਦਾ ਮੀਂਹ ਪਾ ਸਕਦੀ ਹੈ। ਦਿੱਲੀ ਵਿਚ ਮੀਂਹ ਦੇ ਰਿਕਾਰਡ ਟੁੱਟਣ ਦਾ ਇਕ ਕਾਰਨ ਇੱਥੋਂ ਦੇ ਵਧਦੇ ਬਿਲਟ-ਅੱਪ ਖੇਤਰ ਕਾਰਨ ਵਧ ਰਿਹਾ ਤਾਪਮਾਨ ਵੀ ਹੈ।



ਡਾ. ਗੁਰਿੰਦਰ ਕੌਰ
001-408-493-9776

ਜੰਗਲਾਂ ਜਾਂ ਬਨਸਪਤੀ ਦੀ ਕਟਾਈ ਵੀ ਸਥਾਨਕ ਤਾਪਮਾਨ ਦੇ ਵਾਧੇ ਨਾਲ ਜੁੜੀ ਜਾਣੀ ਜਾਂਦੀ ਹੈ। ਦਰਖ਼ਤ ਸੂਰਜ ਦੀਆਂ ਕਿਰਨਾਂ ਨੂੰ ਰੋਕਦੇ ਅਤੇ ਛਾਂ ਪ੍ਰਦਾਨ ਕਰਦੇ ਅਤੇ ਵਾਸ਼ਪੀਕਰਨ ਵਿਧੀ ਰਾਹੀਂ ਹਵਾ ਨੂੰ ਠੰਡਾ ਕਰਦੇ ਹਨ। ਜਨਵਰੀ 2022 ਵਿਚ ਇੰਡੀਆ ਸਟੇਟ ਆਫ਼ ਫੋਰੈਸਟ ਦੀ ਰਿਲੀਜ਼ ਹੋਈ ਇਕ ਰਿਪੋਰਟ ਅਨੁਸਾਰ ਦਿੱਲੀ ਵਿਚ ਦਰਖ਼ਤਾਂ ਥੱਲੇ ਖੇਤਰ ਵਿਚ 0.44 ਵਰਗ ਕਿਲੋਮੀਟਰ ਦਾ ਥੋੜ੍ਹਾ ਜਿਹਾ ਵਾਧਾ ਹੋਇਆ ਹੈ ਜਦੋਂਕਿ ਜੰਗਲ ਦੇ ਰਕਬੇ ਵਿਚ 0.62 ਕਿਲੋਮੀਟਰ ਕਮੀ ਆਈ। ਪੁਰਾਣੇ ਦਰਖ਼ਤ ਅਤੇ ਘਣੀ ਛੱਤਰੀ ਵਾਲੇ ਦਰਖ਼ਤ ਤਾਪਮਾਨ ਨੂੰ ਠੰਡਾ ਰੱਖਣ ਵਿਚ ਜ਼ਿਆਦਾ ਯੋਗਦਾਨ ਪਾਉਂਦੇ ਹਨ ਨਾ ਕਿ ਨਵੇਂ ਲਾਏ ਦਰਖ਼ਤ। ਇਸ ਸਾਲ ਤੋਂ ਦਿੱਲੀ ਵਿਚ 2025 ਤੱਕ 3.3 ਮਿਲੀਅਨ ਦਰਖ਼ਤ ਲਗਾਉਣ ਦੀ ਯੋਜਨਾ ਉੱਤੇ ਕੰਮ ਸ਼ੁਰੂ ਹੋ ਗਿਆ ਹੈ ਜਿਸ ਨਾਲ 2025 ਤੱਕ 25 ਫ਼ੀਸਦ ਹਰੇ ਖੇਤਰ ਵਿਚ ਵਾਧਾ ਹੋਣ ਦਾ ਅਨੁਮਾਨ ਹੈ।

ਦਿੱਲੀ ਵਿਚ ਤਾਉਤੇ ਚੱਕਰਵਾਤ ਨਾਲ ਮਈ ਵਿਚ ਭਾਰੀ ਮੀਂਹ ਪੈਣ ਦਾ ਇਕ ਕਾਰਨ ਅਰਾਵਲੀ ਪਰਬਤਾਂ ਉੱਤੋਂ ਜੰਗਲਾਂ ਦਾ ਉਜਾੜਾ ਅਤੇ ਪੱਥਰਾਂ ਦੀ ਖੁਦਾਈ ਵੀ ਹੈ। ਦਿੱਲੀ ਵਿਚਲੇ ਉੱਚ ਤਾਪਮਾਨ ਵਿਚਲੀ ਹਵਾ ਵਿਚ ਪਾਣੀ ਸੋਖਣ ਦੀ ਵੱਧ ਸਮਰੱਥਾ ਹੋਣ ਕਰਕੇ ਉਸ ਨੇ ਅਰਬ ਸਾਗਰ ਤੋਂ ਆਈਆਂ ਨਮੀ ਵਾਲੀਆਂ ਹਵਾਵਾਂ ਦੇ ਪ੍ਰਭਾਵ ਥੱਲੇ ਵਧ ਮੀਂਹ ਪਾਇਆ। ਰਸਤੇ ਵਿਚਲੀ ਅਰਵਲੀ ਪਰਬਤਾਂ ਅਤੇ ਉਸ ਉੱਤੇ ਦਰਖ਼ਤਾਂ ਵਾਲੀ ਰੋਕ ਆਰਥਿਕ ਵਿਕਾਸ ਨਾਮ ਉੱਤੇ ਖ਼ਤਮ ਹੋਈ ਵਰਗੀ ਹੀ ਹੈ। 17 ਜਨਵਰੀ 2022 ਨੂੰ ਵਰਲਡ ਇਕਨੋਮਿਕ ਫੋਰਮ ਦੀ ਛਪੀ ਇਕ ਰਿਪੋਰਟ ਅਨੁਸਾਰ ਭਾਵੇਂ ਦੁਨੀਆ ਦੀ ਕੁੱਲ ਜੀ.ਡੀ.ਪੀ. ਵਿਚ ਸ਼ਹਿਰਾਂ ਦਾ 80 ਫ਼ੀਸਦ ਯੋਗਦਾਨ ਹੈ, ਪਰ ਸ਼ਹਿਰ ਧਰਤੀ ਦੇ ਔਸਤ ਤਾਪਮਾਨ ਵਿਚ ਵਾਧਾ ਕਰਨ ਵਾਲੀਆਂ ਗਰੀਨਹਾਊਸ ਗੈਸਾਂ ਦਾ 75 ਫ਼ੀਸਦ ਹਿੱਸਾ ਵੀ ਵਾਤਾਵਰਨ ਵਿਚ ਨਿਕਾਸਦੇ ਹਨ। ਦਿੱਲੀ ਸ਼ਹਿਰ ਵੀ ਉਨ੍ਹਾਂ ਸ਼ਹਿਰਾਂ ਦਾ ਇਕ ਹਿੱਸਾ ਹੈ।

ਦਿੱਲੀ ਸ਼ਹਿਰ ਵਿਚ ਹਰ ਰੋਜ਼ ਵਧਦੇ ਵਾਹਨ, ਉਦਯੋਗਿਕ ਇਕਾਈਆਂ ਆਦਿ ਇੱਥੋਂ ਦੇ ਵਾਤਾਵਰਨ ਵਿਚ ਵੱਡੀ ਮਾਤਰਾ ਵਿਚ ਗਰੀਨਹਾਊਸ ਗੈਸਾਂ ਛੱਡ ਰਹੇ ਹਨ ਜੋ ਇੱਥੋਂ ਦੇ ਵਾਤਾਵਰਨ ਨੂੰ ਗੰਧਲਾ ਕਰ ਰਹੀਆਂ ਹਨ। ਅਰੁਨਾਭਾ ਘੋਸ਼ ਦੀ ਇਕ ਖੋਜ ਅਨੁਸਾਰ ਵੱਡੇ ਸ਼ਹਿਰਾਂ ਵਿਚ ਵੱਖ ਵੱਖ ਗਤੀ-ਵਿਧੀਆਂ ਦੁਆਰਾ ਨਿਕਾਸੀ ਗਈ ਗਰਮੀ ਅਤੇ ਪੀ.ਐੱਸ.2.5 ਅਤੇ 10 ਵਰਗੇ ਪ੍ਰਦੂਸ਼ਕ ਬੱਦਲਾਂ ਦੇ ਨਿਰਮਾਣ ਵਿਚ ਯੋਗਦਾਨ ਪਾਉਂਦੇ ਹਨ। ਸ਼ਹਿਰੀ ਢਾਂਚਾ ਇਨ੍ਹਾਂ ਪ੍ਰਦੂਸ਼ਕਾਂ ਨੂੰ ਜਜ਼ਬ ਕਰ ਲੈਂਦਾ ਹੈ ਜੋ ਭਾਰਤ ਦੇ ਦਿੱਲੀ ਵਰਗੇ ਸ਼ਹਿਰਾਂ ਵਿਚ ਬੱਦਲ ਫਟਣ ਅਤੇ ਤੇਜ ਮੀਂਹ ਪੈਣ ਵਰਗੀਆਂ ਘਟਨਾਵਾਂ ਵਾਪਰਨ ਦਾ ਕਾਰਨ ਬਣਦੇ ਹਨ। ਦਿੱਲੀ ਵਿਚ ਮੌਸਮ ਨਾਲ ਸੰਬੰਧਿਤ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਸਾਡੇ ਦੇਸ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨਾ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਕਿ ਧਰਤੀ ਦੇ ਔਸਤ ਤਾਪਮਾਨ ਨੂੰ ਸੁਰੱਖਿਅਤ ਸੀਮਾ ਤੱਕ ਕਾਬੂ ਕੀਤਾ ਜਾ ਸਕੇ। ਸਥਾਨਕ ਪੱਧਰ ਉੱਤੇ ਵੀ ਇਨ੍ਹਾਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਕੇਂਦਰ ਅਤੇ ਦਿੱਲੀ ਸਰਕਾਰਾਂ ਨੂੰ ਚਾਹੀਦਾ ਹੈ ਕਿ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘੱਟ ਕਰਨ ਲਈ ਸਭ ਤੋਂ ਪਹਿਲਾਂ ਨਿੱਜੀ ਵਾਹਨਾਂ ਦੀ ਗਿਣਤੀ ਨੂੰ ਘਟਾਉਣ ਜਿਸ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਇੰਨਾ ਚੁਸਤ-ਦਰੁਸਤ ਬਣਾ ਦੇਣ ਤਾਂ ਕਿ ਲੋਕ ਨਿੱਜੀ ਵਾਹਨਾਂ ਦੀ ਵਰਤੋਂ ਕਰਨੀ ਆਪਣੇ ਆਪ ਹੀ ਘਟਾ ਦੇਣ। ਇਸ ਨਾਲ ਸੜਕਾਂ ਉੱਤੇ ਘੁੰਮਦੇ ਲੱਖਾਂ ਵਾਹਨ ਜੋ ਗਰੀਨਹਾਊਸ ਗੈਸਾਂ ਛੱਡਦੇ ਹਨ ਸੜਕਾਂ ਤੋਂ ਲਾਂਭੇ ਹੋ ਜਾਣਗੇ। ਨਿੱਜੀ ਵਾਹਨਾਂ ਦੀ ਵਰਤੋਂ ਘਟਣ ਨਾਲ ਪਾਰਕਿੰਗ ਵਾਲੀਆਂ ਥਾਵਾਂ ਵੀ ਖਾਲੀ ਹੋ ਜਾਣਗੀਆਂ। ਉਨ੍ਹਾਂ ਖਾਲੀ ਪਈਆਂ ਥਾਵਾਂ ਨੂੰ ਸਰਕਾਰ ਪਾਰਕਾਂ ਵਰਗੇ ਹਰੇ ਖੇਤਰਾਂ ਵਿਚ ਬਦਲ ਸਕਦੀ ਹੈ। ਉਦਯੋਗਿਕ ਇਕਾਈਆਂ ਵਿਚ ਪ੍ਰਦੂਸ਼ਣ ਸ਼ੁਧੀਕਰਨ ਯੰਤਰ ਲਗਾਉਣੇ ਯਕੀਨੀ ਬਣਾਏ ਜਾਣ ਤਾ ਕਿ ਸਲਫਰ ਡਾਇਆਕਸਾਈਡ, ਨਾਈਟੋਜਨ ਆਕਸਾਈਡ, ਅਤੇ ਧੂੰਏਂਦੇ ਕਣ ਦਿੱਲੀ ਦੇ ਵਾਤਾਵਰਨ ਨੂੰ ਪਲੀਤ ਨਾ ਕਰਨ। ਸਰਕਾਰਾਂ ਹਰੇ ਖੇਤਰਾਂ ਦਾ ਅਸਲ ਰੂਪ ਵਿਚ ਵਾਧਾ, ਘਣੇ ਜੰਗਲ ਅਤੇ ਪੁਰਾਣੇ ਦਰਖ਼ਤਾਂ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਅਤੇ ਆਰਥਿਕ ਵਿਕਾਸ ਦੇ ਨਾਮ ਉੱਤੇ ਉਨ੍ਹਾਂ ਦੀ ਕਟਾਈ ਪੂਰਨ ਤੌਰ ਉੱਤੇ ਬੰਦ ਕਰਨ। ਹਰ ਤਰ੍ਹਾਂ ਦੇ ਜਲ ਸਰੋਤਾਂ (ਝੀਲਾਂ, ਬਰਸਾਤੀ ਨਾਲੇ, ਯਮੁਨਾ ਨਦੀ) ਉੱਤੇ ਹੋਏ ਨਾਜਾਇਜ਼ ਕਬਜ਼ੇ ਹਟਾਏ ਜਾਣ ਅਤੇ ਉਨ੍ਹਾਂ ਵਿਚ ਕਿਸੇ ਵੀ ਤਰ੍ਹਾਂ ਗੰਦਗੀ ਸੁੱਟਣ ਉੱਤੇ ਪਾਬੰਦੀ ਲਗਾਈ ਜਾਵੇ ਕਿਉਂਕਿ ਦਰਖ਼ਤ ਅਤੇ ਜਲਸਰੋਤ ਸਥਾਨ ਤਾਪਮਾਨ ਨੂੰ ਸਾਵਾਂ ਰੱਖਣ ਵਿਚ ਬਹੁਤ ਜ਼ਿਆਦਾ ਯੋਗਦਾਨ ਪਾਉਂਦੇ ਹਨ। ਇਸ ਦੇ ਨਾਲ ਨਾਲ ਦਿਲੀ ਦੇ ਲੋਕਾਂ ਨੂੰ ਵੀ ਆਪਣੇ ਰਹਿਣ-ਸਹਿਣ ਦੇ ਤੌਰ-ਤਰੀਕੇ ਤੇਜ਼ੀ ਨਾਲ ਬਦਲਣੇ ਚਾਹੀਦੇ ਹਨ।

## ਔਰਤ ਦਿਵਸ ’ਤੇ

# ‘ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ’



ਪ੍ਰੋ: ਐਚ ਐਲ ਕਪੂਰ

**‘ਮਾਂ ਦਿਵਸ’** ਸੰਸਾਰ ਵਿਚ ਪਹਿਲੀ ਵਾਰ 1908 ਨੂੰ ਉੱਤਰੀ ਅਮਰੀਕਾ ਦੇ ਸ਼ਹਿਰ ਗਰਾਫਟਨ ਜੋ ਪੱਛਮੀ ਵਰਜੀਨੀਆ ਵਿਚ ਸਥਿਤ ਹੈ, ਵਿਖੇ ਮਨਾਇਆ ਗਿਆ। ਇਹ ਦਿਨ ਅੰਨਾ ਜਾਰਵਿਸ ਨਾਂ ਦੀ ਲੜਕੀ ਨੇ ਆਪਣੀ ਮਾਂ ਅੰਨਾ ਰੀਵਜ਼ ਜਾਰਵਿਸ ਦੀ 1908 ਵਿਚ ਹੋਈ ਮੌਤ ਉਪਰੰਤ ਮਨਾਇਆ। ਉਸਦੀ ਮਾਂ ਇਕ ਸਮਾਜ ਸੇਵਿਕਾ ਸੀ। ਅੱਗੋਂ ਤੋਂ ’ਮਾਂ ਦਿਵਸ’ ਹਰ ਸਾਲ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ। ਇਹ ਮਾਂ ਦਿਵਸ ਹਰ ਸਾਲ ਕੌਮਾਂਤਰੀ ਪੱਧਰ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਮਨਾਇਆ ਜਾਂਦਾ ਹੈ। ਭਾਰਤ ਵਿਚ ਪਹਿਲੀ ਵਾਰ ‘ਮਾਂ ਦਿਵਸ’ ਭਾਵ ‘ਮਹਿਲਾ ਦਿਵਸ’ 8 ਮਾਰਚ 1943 ਨੂੰ ਮਨਾਇਆ ਗਿਆ। ਇਸ ਦਿਨ ’ਤੇ ’ਮਾਂ’ ਜਾਂ ’ਮਹਿਲਾ’ ਦੀ ਮਹਾਨਤਾ ਨੂੰ ਸਮਝਿਆ ਜਾਂਦਾ ਹੈ ਤੇ ਬੱਚੇ ਉਸ ਨੂੰ ਤੋਹਫਿਆਂ ਦੇ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਉਪਹਾਰ ਦਿੰਦੇ ਹਨ ਤੇ ਆਪਣੀ ਮਾਂ ਨੂੰ ਯਾਦ ਕਰਦੇ ਹਨ। ਇਸ ਦਿਨ ਨੂੰ ਲੱਗਭੱਗ 100 ਸਾਲ ਤੋਂ ਉਪਰ ਮਨਾਉਂਦਿਆਂ ਨੂੰ ਹੋ ਚੁੱਕੇ ਹਨ, ਇਸ ਦੇ ਬਾਵਜੂਦ ਅੱਜ ਵੀ ਔਰਤ ਪ੍ਰਤੀ ਮਰਦ ਦੀ ਸੋਚ ’ਚ ਫਰਕ ਨਹੀਂ ਆ ਸਕਿਆ। ਇਸ ਸਬੰਧੀ ਮੈਂ ਆਪਣੇ ਇਸ ਲੇਖ ਵਿਚ ਵਿਸਥਾਰ ਪੂਰਵਕ ਚਰਚਾ ਕਰ ਰਿਹਾ ਹਾਂ। ਆਦਿ ਕਾਲ ਤੋਂ ਹੀ ਔਰਤ ਆਪਣੇ ਸਵੈਮਾਨ ਲਈ ਤੇ ਆਪਣੀ ਹੋਂਦ ਭਾਵ ਹਸਤੀ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੀ ਹੈ। ਆਦਮੀ ਨੇ ਮੁੱਢ-ਕਦੀਮ ਤੋਂ ਹੀ ਔਰਤ ਨੂੰ ਆਪਣੇ ਨਿਸ਼ਾਨੇ ਤੇ ਰੱਖਿਆ ਹੈ ਤੇ ਉਸ ਨੂੰ ਹਮੇਸ਼ਾ ਹੀ ਦਬਾਅ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਉਹ ਭਾਵੇਂ ਆਰਥਿਕ ਤੌਰ ਤੇ ਤਕੜੀ ਹੋਵੇ ਜਾਂ ਕਮਜ਼ੋਰ, ਸੁਤੰਤਰ ਹੋਵੇ ਜਾਂ ਗੁਲਾਮ, ਪੜ੍ਹੀ-ਲਿਖੀ ਹੋਵੇ ਜਾਂ ਅਨਪੜ੍ਹ, ਇਕ ਹੇਠਲੇ ਪੱਧਰ ਦੀ ਮਜ਼ਦੂਰ ਹੋਵੇ ਜਾਂ ਦੇਸ਼ ਦੇ ਉੱਚੇ ਤੋਂ ਉੱਚੇ ਅਹੁਦੇ ਤੇ ਬਿਰਾਜਮਾਨ, ਉਹ ਆਸਤਕ ਹੋਵੇ ਜਾਂ ਨਾਸਤਕ, ਧਨਵਾਨ ਹੋਵੇ ਜਾਂ ਨਿਰਧਨ ਆਮ ਤੌਰ ਤੇ ਉਹ ਮਰਦ ਪ੍ਰਧਾਨ ਸਮਾਜ ਵਿਚ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਵਿਅਕਤਿਤਵ ਦੀ ਸਹੀ ਕੀਮਤ ਨਹੀਂ ਪੁਆ ਸਕਦੀ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਬੜੀ ਵੱਡੀ ਤ੍ਰਾਸਦੀ ਹੈ। ਵੈਸੇ ਵੀ ਇਹੀ ਨਜ਼ਰੀਆ ਸਾਨੂੰ ਦੁਨੀਆਂ ਦੇ ਹਰ ਦੇਸ਼ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆ ਹੀ ਜਾਂਦਾ ਹੈ। ਅਸੀਂ ਆਪਣੇ ਜਾਂ ਦੁਨੀਆਂ ਦੇ ਇਤਿਹਾਸ ਵੱਲ ਜਦੋਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਆਪਣੇ ਜੀਵਨ ਦੇ ਹਰ ਪਹਿਲੂ ਵਿਚੋਂ, ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਨਜ਼ਰ ਆਉਂਦੀ ਹੈ ਕਿ ਔਰਤ ਹਮੇਸ਼ਾ ਵਾਦ-ਵਿਵਾਦ ਦੇ ਘੇਰੇ ਵਿਚ ਰਹੀ ਹੈ। ਅਣਵਿਗਿਆਨਕ ਸੋਚ ਤੇ ਤਰਕਹੀਣ ਆਦਮੀ ਆਪਣੇ ਜੀਵਨ ਦੀ ਹਰ ਅਸਫਲਤਾ ਭਾਵੇਂ ਉਹ ਕਿਸੇ ਵੀ ਖੇਤਰ ਦੀ ਹੋਵੇ, ਉਸ ਨੂੰ ਔਰਤ ਹੀ ਆਪਣੀ ਅਸਫਲਤਾ ਦਾ ਕਾਰਨ ਨਜ਼ਰ ਆਉਂਦੀ ਹੈ। ਉਹ ਔਰਤ ਨੂੰ ਭੈੜੇ ਤੋਂ ਭੈੜੇ ਵਿਸ਼ੇਸ਼ਣਾਂ ਤੇ ਅਲੰਕਾਰਾਂ ਨਾਲ ਨਿਵਾਜਦਾ ਰਿਹਾ ਹੈ, ਜਿਵੇਂ- ਇਹ ਪੈਰ ਦੀ ਜੁੱਤੀ ਹੈ, ਇਸ ਦੀ ਗੁੱਤ ਪਿੱਛੇ ਮੱਤ ਹੈ, ਇਹ ਨਰਕ ਦਾ ਦਰਵਾਜ਼ਾ ਹੈ, ਮਰਦ ਦੀ ਤਰੱਕੀ ਵਿਚ ਅੜਿੱਕਾ ਹੈ, ਬੇਵਫ਼ਾ ਹੈ, ਪਰਾਇਆ ਧਨ ਹੈ, ਅਬਲਾ ਹੈ, ਮਨੁੱਖ ਤੇ ਇਕ ਬੋਝ ਹੈ, ਇਕ ਬਘਿਆੜਨ, ਸਪਣੀ ਤੇ ਡੈਣ ਹੈ ਆਦਿਕ। ਔਰਤ ਪ੍ਰਤੀ ਇਹ ਧਾਰਨਾ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਵੀ ਇਹ ਦੇਖਣ ਨੂੰ ਮਿਲਦੀ ਹੈ। ਅੰਗਰੇਜ਼ੀ ਸਾਹਿਤ ਦਾ ਸੰਸਾਰ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਔਰਤ ਨੂੰ ’ਕਮਜ਼ੋਰੀ ਦਾ ਦੂਸਰਾ ਨਾਮ ਦਿੰਦਾ ਹੈ।’ ਬਨਰਜ ਔਰਤ ਪ੍ਰਤੀ ਕਹਿੰਦਾ ਹੈ ਕਿ, ‘ਸ਼ੈਤਾਨ ਹੀ ਉਸ ਤੇ ਰਾਜ ਕਰਦਾ ਹੈ।’ ਨਿਤਜਸਚ ਔਰਤ ਨੂੰ ’ਰੱਬ ਦੀ ਦੂਸਰੀ ਗਲਤੀ ਮੰਨਦਾ ਹੈ।’ ਆਮ ਅਤੇ ਸਮੂਹਿਕ ਵਿਚਾਰਧਾਰਾ ਔਰਤ ਪ੍ਰਤੀ ਇਹੀ ਧਾਰਨੀ ਰੱਖਦੀ ਰਹੀ ਹੈ।

ਹਰ ਸਾਲ ਜਦੋਂ ਔਰਤ ਦਾ ਕੌਮੀ ਜਾਂ ਕੌਮਾਂਤਰੀ ਦਿਵਸ ਮਨਾਇਆ ਜਾਂਦਾ ਹੈ ਤਾਂ ਸਾਡੇ ਦੇਸ਼ ਵਿਚ ਹੀ ਨਹੀਂ, ਦੁਨੀਆਂ ਭਰ ਦੇ ਸਾਰੇ ਦੇਸ਼ਾਂ ਵਿਚ ਔਰਤ ਪ੍ਰਤੀ ਬੜੇ ਉੱਚੇ-ਉੱਚੇ ਦਮਗਜੇ ਮਾਰੇ ਜਾਂਦੇ ਹਨ, ਵੱਡੇ-ਵੱਡੇ ਭਾਸ਼ਣ ਦਿੱਤੇ ਜਾਂਦੇ ਹਨ, ਦੂਰਦਰਸ਼ਨ ਤੇ ਰੇਡੀਓ ਤੇ ਸਮਾਂ ਲੈ ਕੇ ਔਰਤ ਦੇ ਦਿਨ-ਦਿਹਾਰ ਨੂੰ ਮਨਾਉਣ ਦੇ ਬਹਾਨੇ ਨਾਲ, ਸਾਡੇ ਰਾਜਨੀਤਿਕ ਲੋਕ ਤੇ ਸਮਾਜ ਦੇ ਹੋਰ ਕਈ ਵਰਗਾਂ ਦੇ ਲੋਕ ਔਰਤ ਦੇ ਸਵੈਮਾਣ ਤੇ ਉਸ ਦੀ ਹੋਂਦ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਕੇ ਔਰਤ ਵਰਗ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਦੇ ਹਨ। ਇਸ ਤਰ੍ਹਾਂ ਇਹ ਔਰਤ ਪ੍ਰਤੀ ਮਨਾਇਆ ਜਾਂਦਾ ਕੌਮੀ ਤੇ ਕੌਮਾਂਤਰੀ ਦਿਵਸ ਵੀ ਆਮ ਦਿਨਾਂ ਵਾਂਗ ਲੰਘ ਜਾਂਦਾ ਹੈ। ਔਰਤ ਨੂੰ ਆ ਰਹੀਆਂ ਮੁਸ਼ਕਿਲਾਂ ਉਸੇ ਤਰ੍ਹਾਂ ਹੀ ਬਰਕਰਾਰ ਰਹਿੰਦੀਆਂ ਹਨ। ਉਹਨਾਂ ਦਾ ਨਿਪਟਾਰਾ ਨਹੀਂ ਹੁੰਦਾ, ਸਗੋਂ ਹਾਲਾਤ ਹੋਰ ਵੀ ਗੁੰਝਲਦਾਰ ਤੇ ਨਿਰਾਸ਼ਾਜਨਕ ਹੋਈ ਜਾ ਰਹੇ ਹਨ। ਗੱਲ ਕੀ ‘ਪੰਚਾਂ ਦਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ’ ਵਾਲੀ ਗੱਲ ਹੀ ਰਹਿੰਦੀ ਹੈ।

ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ ਘਰ ਅਤੇ ਸਮਾਜ ਵਿਚ ਉਸ ਦਾ ਸਥਾਨ ਮਰਦ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦਾ ਪਾਲਣ-ਪੋਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਤੇ ਤੁਰਨ ਦੀ ਲਾਲਸਾ ਨਾ ਜਾਗੇ। ਪੰਜਾਬੀ ਦੀ ਮਹਾਨ ਲੇਖਿਕਾ ਅਜੀਤ ਕੌਰ ਨੇ ਔਰਤ ਦੀ ਇਸ ਵੇਦਨਾ ਨੂੰ ਤੇ ਔਰਤ ਦੇ ਦੁਖਾਂਤਾਂ ਨੂੰ ਆਪਣੀਆਂ ਰਚਨਾਵਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ ਅਤੇ ਆਦਮੀ ਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਲਈ ਨਸੀਹਤ ਦਿੱਤੀ ਹੈ ਤੇ ਨਾਲ ਹੀ ਔਰਤ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਪ੍ਰਗਤੀਸ਼ੀਲ ਬਣੇ ਰਹਿਣ ਤੇ ਸੁਤੰਤਰ ਸੋਚ ਰੱਖਣ ਦੀ ਨਸੀਹਤ ਵੀ ਦਿੱਤੀ ਹੈ ਤਾਂ ਜੋ ਮਰਦ ਦੇ ਗਰੂਰ ਨੂੰ ਕਿ ‘ਮੈਂ ਮਰਦ ਹਾਂ ਤੇ ਸਭ ਕੁਝ ਕਰ ਸਕਦਾ ਹਾਂ’ ਨੂੰ ਤੋੜਿਆ ਜਾ ਸਕੇ।

ਮਰਦ ਦੀ ਨਕਾਰਾਤਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਔਰਤ ਅਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ ਕੀਮਤਾਂ ਹਨ, ਜਿਹਨਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸੁਆਰਥ ਅਨੁਸਾਰ ਢਾਲਿਆ ਜਾਵੇ। ਅਸਲ ਵਿਚ ਭਾਰਤੀ ਸਮਾਜ ਅੰਦਰ ਔਰਤ ਲਈ ਥਾਂ-ਥਾਂ ਤੇ ਬੰਦਸ਼ਾਂ ਤੇ ਅੜਿੱਕੇ ਹਨ। ਜਦੋਂ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਇਹ ਚਲਿੱਤਰ ਕਰਦੀ ਹੈ। ਸਭ ਤੋਂ ਵੱਧ ਕੇ ਬਲਾਤਕਾਰ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਪ੍ਰਸਿੱਧ ਲੇਖਿਕਾ ਸ੍ਰੀਮਤੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ ਤੇ ਹੋ ਰਿਹਾ ਹੈ। ਕੁਝ ਨੌਕਰੀ ਪ੍ਰਾਪਤ ਕਰਨ ਲਈ ਤੇ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ ਗਲਤ ਕੰਮ ਕਰਨੇ ਪੈਂਦੇ ਹਨ। ਦੂਜਾ ਔਰਤ ਭਾਵੇਂ ਕੰਮਕਾਜੀ ਹੋਵੇ ਜਾਂ ਘਰੇਲੂ ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ ਇਕ ਲੋਕ ਗੀਤ ਦੀ ਜਵਾਨੀ ਲਲਕਾਰਦਾ ਹੈ, “ਕਰਦੂੰ ਗਜ਼ ਵਰਗੀ, ਜੇ ਮੁੜ ਕੇ ਜਵਾਨ ਖੋਲ੍ਹੀ।”



ਅਸਲੀਅਤ ਤਾਂ ਇਹ ਹੈ ਕਿ ਸਾਡੇ ਦੇਸ਼ ਦੀ ਹਰ ਔਰਤ ਦਾ ਮਸਤਕ ਖੋਟਾ ਹੈ, ਅਜਿਹੇ ਮੁਸ਼ਕਿਲਾਂ ਭਰੇ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇਕ ਟੱਸ-ਟੱਸ ਕਰਦੇ ਫੋੜੇ ਵਾਂਗ ਗੰਢ ਦੇ ਕੇ ਰੱਖਦੀ ਹੈ, ਜਿਵੇਂ ਇਕ ਜ਼ਖਮੀ ਹੋਇਆ ਕਬੂਤਰ ਆਪਣੇ ਜ਼ਖਮਾਂ ਨੂੰ ਆਪਣੇ ਖੰਭਾਂ ਹੇਠ ਛੁਪਾਅ ਰੱਖਦਾ ਹੈ। ਇਸ ਤਰ੍ਹਾਂ ਔਰਤ ਆਪਣੇ ਦਿਲ ਵਿਚ ਕਿੰਨੇ ਹੀ ਦਰਦ ਛੁਪਾਈ ਰੱਖਦੀ ਹੈ। ਔਰਤ ਵਿਆਹ ਤੋਂ ਪਹਿਲਾਂ ਵੀ ਜ਼ੰਜੀਰਾਂ ਵਿਚ ਜਕੜੀ ਹੋਈ ਹੈ ਤੇ ਵਿਆਹ ਤੋਂ ਬਾਅਦ ਵੀ। ਪੰਜਾਬੀ ਸਾਹਿਤ ਦਾ ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਔਰਤ ਦੇ ਦੁਖਾਂਤ ਨੂੰ ਆਪਣੀ ਕਵਿਤਾ ਵਿਚ ਇੰਝ ਬਿਆਨ ਕਰਦਾ ਹੈ:-

ਇਕ ਕੈਦ ’ਚੋਂ ਦੂਜੀ ਕੈਦ ਵਿਚ ਪਹੁੰਚ ਗਈ ਹੈ,<br>ਕੀ ਖੱਟਿਆ ਵਟਣਾ ਮ.ਲ਼ਕੇ, ਮਹਿੰਦੀ ਲਾ ਕੇ।

ਇਹ ਸਵੈ-ਅਭਿਮਾਨੀ ਮਨੁੱਖ ਜੋ ਆਪਣੇ ਆਪ ਨੂੰ ਇਕ ਸੁਤੰਤਰ ਹੋਂਦ ਰੱਖਣ ਦਾ ਭਰਮ ਪਾਲੀ ਬੈਠਾ ਹੈ ਤੇ ਬੜੇ ਫਖਰ ਨਾਲ ਆਖਦਾ ਹੈ ਕਿ, ਮੈਂ ਕਿਸੇ ਤੋਂ ਡਰਦਾ ਨਹੀਂ ਹਾਂ ਤੇ ਨਾਲ ਹੀ ਉਹ ਮਹਾਂਪੁਰਖਾਂ ਦੇ ਦਿੱਤੇ ਗਏ ਉਪਦੇਸ਼ਾਂ ਦੀ ਪਾਲਣਾ ਵੀ ਨਹੀਂ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਔਰਤ ਤੇ ਮਰਦ ਇਸ ਜੀਵਨ ਰੂਪੀ ਗੱਡੀ ਦੇ ਦੋ ਪਹੀਏ ਹਨ ਜੋ ਦੋਵੇਂ ਬਰਾਬਰ ਦੀ ਤਾਕਤ ਤੇ ਅਧਿਕਾਰ ਰੱਖਦੇ ਹਨ, ਜਿਹਨਾਂ ਨਾਲ ਜੀਵਨ ਦਾ ਸਾਵਾਂਪਣ ਬਣਿਆ ਰਹਿੰਦਾ ਹੈ, ਜੇਕਰ ਇਕ ਪਹੀਏ ਵਿਚ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਵਿਗਾੜ ਪੈ ਜਾਵੇ ਤਾਂ ਜੀਵਨ ਰੂਪੀ ਚਲਦੀ ਗੱਡੀ ਵਿਚ ਅਸਾਵਾਂਪਣ ਆ ਜਾਂਦਾ ਹੈ ਪਰ ਇਸ ਜੀਵਨ ਰੂਪੀ ਗੱਡੀ ਵਿਚ ਮਰਦ ਵੱਲੋਂ ਔਰਤ ਨੂੰ ਕਦੀ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ ਪਰ ਇਹ ਮਨੁੱਖ ਲਈ ਬੜੇ ਦੁੱਖ ਤੇ ਸ਼ਰਮ ਦੀ ਗੱਲ ਹੈ।

ਅੱਜ ਅਸੀਂ ਭਾਵੇਂ ‘ਕੌਮਾਂਤਰੀ ਜਾਂ ਕੌਮੀ ਮਹਿਲਾ ਦਿਵਸ’ ਮੌਕੇ ਤੇ ਕੀਤੇ ਗਏ ਸਮਾਗਮਾਂ ਤੇ ਔਰਤਾਂ ਦੇ ਹੱਕਾਂ ਲਈ ਲਾਏ ਗਏ ਵੱਡੇ-ਵੱਡੇ ਨਾਅਰਿਆਂ ਤੇ ਭਾਸ਼ਣਾਂ ਤੇ ਮਾਣ ਕਰੀਏ ਤੇ ਨਾਲ ਹੀ ਸੱਤਾ ਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਔਰਤਾਂ ਨੂੰ ਸਨਮਾਨ ਦੇ ਕੇ ਫਖਰ ਮਹਿਸੂਸ ਕਰੀਏ ਪਰ ਇਕ ਕੌੜਾ ਸੱਚ ਇਹ ਵੀ ਹੈ ਕਿ ਦੇਸ਼ ਵਿਚ ਅਜੇ ਵੀ ਕਰੋੜਾਂ ਔਰਤਾਂ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ‘ਕਬਾਇਲੀ ਖੋਜ ਅਤੇ ਸਭਿਆਚਾਰਕ ਫਾਉਂਡੇਸ਼ਨ’ ਵੱਲੋਂ ਕਰਵਾਏ ਗਏ ਸਰਵੇਖਣ ਨੇ ਜੰਮੂ-ਕਸ਼ਮੀਰ ਵਿਚ ਗੁੱਜਰ ਔਰਤਾਂ ਬਾਰੇ ਨਿਰਾਸ਼ਾਜਨਕ ਤੱਥ ਸਾਹਮਣੇ ਲਿਆਂਦੇ ਹਨ, ਭਾਵੇਂ ਇਸ ਦਾ ਦੋਸ਼ ਗਰੀਬੀ, ਅਨਪੜ੍ਹਤਾ, ਮਾੜਾ ਜੀਵਨ ਢੰਗ, ਜਲਦ ਵਿਆਹ, ਵਹਿਮ-ਭਰਮ, ਰਵਾਇਤੀ ਅਣਦੇਖੀ ਜਾਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਦੀ ਘਾਟ ਨੂੰ ਦੇਖੀਏ ਪਰ ਸੱਚ ਤਾਂ ਇਹ ਹੈ ਕਿ ਇਹਨਾਂ ਔਰਤਾਂ ਨੂੰ ਸਮਾਜਿਕ-ਰਾਜਨੀਤਿਕ ਖੇਤਰ ਵਿਚ ਘੱਟ ਪ੍ਰਤੀਨਿਧਤਾ ਮਿਲਦੀ ਹੈ। ਉਹਨਾਂ ਦੀ ਸ਼ਮੂਲੀਅਤ ਨਾ ਕੇਵਲ ਸੂਬੇ ਦੀ ਨੀਤੀ ਨਿਰਮਾਣ ਢਾਂਚੇ ਵਿਚ ਹੀ ਨਾਮਾਤਰ ਹੈ, ਸਗੋਂ ਗੁੱਜਰ ਮਾਮਲਿਆਂ ਲਈ ਕੰਮ ਕਰ ਰਹੇ ਇਕਮਾਤਰ ਮਹਿਕਮੇ ਵਿਚ ਵੀ ਉਹ ਪ੍ਰਤੱਖ ਤੌਰ ਤੇ ਗੈਰ ਹਾਜ਼ਰ ਹਨ।

ਅਗਰ ਸਮੁੱਚੇ ਭਾਰਤ ਵਿਚ ਔਰਤ ਦੀ ਦਸ਼ਾ ਤੇ ਝਾਤ ਮਾਰੀਏ ਤਾਂ ਇਸ ਦੇ ਨਤੀਜੇ ਬੜੇ ਹੈਰਾਨੀਜਨਕ ਸਾਡੇ ਸਾਹਮਣੇ ਆਉਂਦੇ ਹਨ, ਭਾਵੇਂ ਜੰਮੂ-ਕਸ਼ਮੀਰ ਦੀਆਂ ਔਰਤਾਂ ਦੇ ਸਰਵੇ ਦੀ ਗੱਲ ਹੋਵੇ ਜਾਂ ਹੋਰ ਸੂਬਿਆਂ ਦੀ ਗੱਲ ਹੋਵੇ, ਵੱਡੀ ਗਿਣਤੀ ਵਿਚ ਲੜਕੀਆਂ ਸਕੂਲਾਂ ਵਿਚ ਪੜ੍ਹਾਈ ਲਈ ਨਹੀਂ ਜਾਂਦੀਆਂ। ਜਿਹਨਾਂ ਕੁਝ ਲੜਕੀਆਂ ਨੂੰ ਸਕੂਲਾਂ ਵਿਚ ਦਾਖਲਾ ਮਿਲ ਵੀ ਜਾਂਦਾ ਹੈ, ਉਹ ਆਪਣੀਆਂ ਘਰੇਲੂ ਮਜਬੂਰੀਆਂ ਤੇ ਆਰਥਿਕ ਤੰਗੀਆਂ ਕਾਰਨ ਆਪਣੀ ਪੜ੍ਹਾਈ ਜਾਰੀ ਨਹੀਂ ਰੱਖ ਸਕਦੀਆਂ। ਇਸੇ ਮੁੱਖ ਕਾਰਨ ਕਰਕੇ ਔਰਤਾਂ ਦੀ ਸਾਖਰਤਾ ਦਰ ਰਸਾਤਲ ਵੱਲ ਜਾ ਰਹੀ ਹੈ। ਉਹਨਾਂ ਵਿਚੋਂ 70 ਫੀਸਦੀ ਤੋਂ ਜ਼ਿਆਦਾ ਔਰਤਾਂ ਅਨਪੜ੍ਹ ਹਨ। ਹੁਣ ਇਹ ਉਮੀਦ ਕੀਤੀ ਜਾਂਦੀ ਹੈ ਕਿ ਕਾਨੂੰਨੀ ਤੌਰ ਤੇ ਲਾਗੂ ਹੋ ਸਕਣ ਵਾਲਾ ’ਸਿੱਖਿਆ ਦਾ ਅਧਿਕਾਰ’ ਔਰਤ ਦੀ ਮਦਦ ਕਰੇਗਾ। ਕੁਝ ਵਰਗਾਂ ਨੂੰ ਕਈ ਪੱਧਰਾਂ ’ਤੇ ਵਿਤਕਰੇ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਸੂਬਿਆਂ ਵਿਚ ਅਨੁਸੂਚਿਤ ਜਨ ਜਾਤੀਆਂ ਲਈ ਰਾਖਵੇਂਕਰਨ ਜਿਹੀਆਂ ਹਾਂ-ਪੱਖੀ ਨੀਤੀਆਂ ਪਹਿਲਾਂ ਹੀ ਮੌਜੂਦ ਹਨ ਅਤੇ ਲੋੜ ਤਾਂ ਸਿਰਫ ਜਾਗਰੂਕਤਾ ਮੁਹਿੰਮ ਚਲਾਉਣ ਦੀ ਹੈ। ਭਾਰਤ ਸਰਕਾਰ ਦੇ ’ਸਰਵ-ਸਿੱਖਿਆ ਅਭਿਆਨ’ ਦੀ ਨੀਤੀ ਨਾਲ ਮੌਜੂਦਾ ਅਧਿਐਨ ਤੇ ਸਰਵੇਖਣ ਇਹ ਦੱਸਦੇ ਹਨ ਕਿ ਸਮੁੱਚੇ ਭਾਰਤ ਵਰਸ਼ ਵਿਚ ਲੜਕੀਆਂ ਦੀ ਪੜ੍ਹਾਈ ਵੱਲ ਰੁਝਾਨ ਵਧਿਆ ਹੈ ਤੇ ਇਹ ਔਰਤ ਨੂੰ ਸਾਖਰ ਕਰਨ ਵੱਲ ਚੰਗੇ ਸੰਕੇਤ ਹਨ। ਇਸ ਜਾਗਰੂਕਤਾ ਅਭਿਆਨ ਰਾਹੀਂ ਔਰਤ ਪ੍ਰਤੀ ਪ੍ਰੰਪਰਾਗਤ ਨਜ਼ਰੀਏ ਨੂੰ ਬਦਲਣਾ ਚਾਹੀਦਾ ਹੈ ਜੋ ਔਰਤ ਨੂੰ ਸਾਖਰ ਕਰਨ ਦੇ ਰਾਹ ਵਿਚ ਰੋੜਾ ਅਟਕਾਉਂਦਾ ਹੈ। ਔਰਤ ਦਾ ਕਿਸੇ ਕਿਸਮ ਦਾ ਸਸ਼ਕਤੀਕਰਨ ਉਦੋਂ ਤੱਕ ਕੋਈ ਮਾਇਨੇ ਨਹੀਂ ਰੱਖਦਾ, ਜਿੰਨਾ ਚਿਰ ਇਹ ਆਮ ਔਰਤਾਂ ਤੱਕ ਨਹੀਂ ਪਹੁੰਚਦਾ ਅਤੇ ਔਰਤਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਨਹੀਂ ਕਰਦਾ।

ਪੁਰਾਤਨ ਸ਼ਾਸਤਰ ਮਨੁੱਖੀ ਜੀਵਨ ਦੇ ਜਿੱਥੇ ਔਰਤ ਤੇ ਮਰਦ ਨੂੰ ਦੋ ਪਹੀਏ ਦੱਸਦੇ ਹਨ, ਉਥੇ ਔਰਤ ਦਾ ਨਾਂ ਆਉਂਦਿਆਂ ਹੀ ਮਨੁੱਖ ਦੀ ਹੋਂਦ ਨੂੰ ਸੰਸਾਰ ਵਿਚ ਲਿਆਉਣ ਵਾਲੀ (ਭਾਵ ਮਨੁੱਖ ਦੀ ਜਨਮਦਾਤੀ) ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਆਂਗਨ ਮੱਲ ਲੈਂਦੀ ਹੈ। ਔਰਤ ਦੀ ਮਹਾਨਤਾ ਨੂੰ ਅੱਜ ਤੋਂ ਕੋਈ ਪੰਜ ਸਦੀਆਂ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ’ਆਸਾ ਦੀ ਵਾਰ’ ਵਿਚ ਇੰਝ ਬਿਆਨ ਕੀਤਾ ਹੈ:

‘ਭੰਡੁ ਮੋਆ ਭੰਡੁ ਭਾਲੀਐ, ਭੰਡਿ ਹੋਵੈ ਵਰਦਾਨ,<br>ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ।

ਭਾਵ ਅਸੀਂ ਉਸ ਔਰਤ ਨੂੰ ਮੰਦਾ ਜਾਂ ਬੁਰਾ ਕਿਉਂ ਆਖਦੇ ਹਾਂ, ਜਿਹੜੀ ਰਾਜੇ ਮਹਾਰਾਜਿਆਂ ਨੂੰ ਜਨਮ ਦਿੰਦੀ ਹੈ। ਇਕ ਵਿਆਹੁਤਾ ਔਰਤ ਦੇ ਮਰਨ ਬਾਅਦ ਅਸੀਂ ਥੋੜ੍ਹੇ ਸਮੇਂ ਲਈ ਵੀ ਸਬਰ ਨਹੀਂ ਕਰ ਸਕਦੇ ਤੇ ਦੂਸਰੇ ਵਿਆਹ ਲਈ ਨਵੀਂ ਔਰਤ ਭਾਲਣੀ ਸ਼ੁਰੂ ਕਰ ਦਿੰਦੇ ਹਾਂ। ਅਕਸਰ ਇਹ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਦੀ ਜਵਾਨ ਔਰਤ ਮਰ ਜਾਂਦੀ ਹੈ ਤਾਂ ਲੋਕ ਅਫਸੋਸ ਕਰਨ ਜਾਂਦੇ ਹਨ ਤੇ ਫੂਹੜੀ ਤੇ ਅਫਸੋਸ ਕਰਦੇ ਸਮੇਂ ਹੀ ਆਖੀ ਜਾਣਗੇ ਕਿ ਮਾੜਾ ਹੋਇਆ ਅਜੇ ਤਾਂ ਉਮਰ ਹੀ ਕੀ ਸੀ, ਵਿਚਾਰੀ ਦੇ ਛੋਟੇ-ਛੋਟੇ ਬੱਚੇ ਸਨ, ਉਹਨਾਂ ਨੂੰ ਕੌਣ ਸੰਭਾਲੇਗਾ, ਚਲੋ ਹੁਣ ਤਾਂ ਤੇਰਾ ਕੋਈ ਨਾ ਕੋਈ ਵਿਆਹ ਦਾ ਜੁਗਾੜ ਕਰਦੇ ਹਾਂ, ਨਾਲੇ ਬੱਚੇ ਸੰਭਾਲੇ ਜਾਣਗੇ ਤੇ ਨਾਲੇ ਕਾਕਾ ਤੇਰੀ ਰੋਟੀ ਪੱਕਣੀ ਹੋ ਜਾਊਗੀ ਆਦਿ-ਆਦਿ ਗੱਲਾਂ ਕਰਦੇ ਹਨ। ਇੱਥੇ ਸੋਚਣ ਵਾਲੀ ਗੱਲ ਇਹ ਹੈ ਕਿ ਅਜੇ ਸੋਗ ਖਤਮ ਨਹੀਂ ਹੋਇਆ ਹੁੰਦਾ ਕਿ ਲੋਕ ਨਵੇਂ ਵਿਆਹ ਲਈ ਔਰਤ ਦੀ ਭਾਲ ਕਰਨ ਦੀ ਗੱਲ ਸ਼ੁਰੂ ਕਰ ਦਿੰਦੇ ਹਨ, ਇਹ ਨਹੀਂ ਸੋਚਦੇ ਕਿ ਅਜੇ ਤਾਂ ਸੋਗ ਵੀ ਖਤਮ ਨਹੀਂ ਹੋਇਆ। ਉਂਝ ਉਹਨਾਂ ਦਾ ਔਰਤ ਬਿਨਾਂ ਨਾ ਗੁਜ਼ਾਰਾ ਹੁੰਦਾ ਹੈ ਤੇ ਨਾ ਹੀ ਉਹ ਮਨੁੱਖ ਆਪਣਾ ਜੀਵਨ ਪੰਧ ਮੁਕਾਅ ਸਕਦਾ ਹੈ। ਇੱਥੇ ਮਨੁੱਖ ਆਪਣੀ ਮਾਨਸਿਕਤਾ ਬਦਲੇ, ਔਰਤ ਨੂੰ ਮਾਨਤਾ ਤੇ ਸਤਿਕਾਰ ਦੇਵੇ ਤੇ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਗੱਲ ਨੂੰ ਆਪਣੇ ਖਾਨੇ ਵਿਚ ਪਾਵੇ ਤੇ ਉਸ ਦਾ ਰੁਤਬਾ ਬਰਾਬਰ ਸਮਝੇ ਕਿ ਉਹ ਮੇਰੇ ਨਾਲੋਂ ਕਿਸੇ ਗੱਲੋਂ ਵੀ ਘੱਟ ਨਹੀਂ ਹੈ, ਸਗੋਂ ਮਨੁੱਖ ਨਾਲੋਂ ਉਹ ਕਿਤੇ ਮਹਾਨ ਹੈ, ਇੰਝ ਕਰਨ ਨਾਲ ਹੀ ਔਰਤ ਦੀ ਹੋਂਦ ਨੂੰ ਸਮਾਜ ਵਿਚ ਮਰਦ ਦੇ ਬਰਾਬਰ ਸਥਾਪਤ ਕੀਤਾ ਜਾ ਸਕਦਾ ਹੈ। ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ, ਔਰਤ ਦਾ ਸਤਿਕਾਰ ਕਰਨ ਲਈ ਲਲਕਾਰਿਆ ਸੀ ਤੇ ਆਪਣੇ ਹੱਕਾਂ ਦੀ ਖਾਤਰ ਤੜਫਦੀ ਔਰਤ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ ਸੀ, ਕਿਉਂਕਿ ਉਸ ਸਮੇਂ ਔਰਤ ਦੀ ਸਮਾਜ ਵਿਚ ਬਹੁਤ ਮੰਦੀ ਹਾਲਤ ਸੀ। ਗੁਰੂ ਜੀ ਦੇ ਇਸ ਕ੍ਰਾਂਤੀਕਾਰੀ ਕਦਮ ਨੂੰ ਦੂਸਰੇ ਗੁਰੂ ਸਾਹਿਬਾਨ ਨੇ ਅੱਗੇ ਤੋਰਿਆ। ਗੁਰੂ ਅਮਰਦਾਸ ਜੀ ਨੇ ’ਸਤੀ ਦੀ ਰਸਮ( ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ’ਖਾਲਸੇ ਦੀ ਮਾਤਾ’ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ। ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ! ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਤੇ ਦੁੱਧ ਧੋਤੇ ਹੋ? ਸੱਚ ਤਾਂ ਇਹ ਹੈ ਕਿ ‘ਅਸੀਂ ਤਾਂ ਔਰਤ ਤੋਂ ਜਨਮ ਲੈ ਕੇ ਔਰਤ ਦੇ ਦੇਣਦਾਰ ਹਾਂ। ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣ ਯੋਗ ਬਣਾਇਆ।’’ ਇਸ ਲਈ ਜਿੰਨਾ ਕੁਦਰਤ ਦੇ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਦੇਖ ਲਿਆ ਹੈ, ਉਹ ਇਸ ਦੇ ਪੁਜਾਰੀ ਬਣ ਗਏ ਹਨ।

ਪੰਜਾਬੀ ਦਾ ਮਹਾਨ ਪਿਤਾਮਾ ਨਾਵਲਕਾਰ ਨਾਨਕ ਸਿੰਘ ਆਪਣੇ ਨਾਵਲ ’ਕੱਟੀ ਪਤੰਗ’ ਵਿਚ ਔਰਤ ਬਾਰੇ ਆਖਦਾ ਹੈ ਕਿ ਅੱਜ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ ਜੋ ਬਚਪਨ ਵਿਚ ਮਾਤਾ-ਪਿਤਾ ਦੀ ਗੁਲਾਮੀ, ਵਿਆਹੀ ਜਾਣ ਤੇ ਪਤੀ ਦੀ ਗੁਲਾਮੀ ਤੇ ਬੁੱਢੇ ਹੋ ਜਾਣ ਤੇ ਫਿਰ ਆਪਣੇ ਧੀਆਂ-ਪੁੱਤਰਾਂ ਦੀ ਗੁਲਾਮੀ ਦਾ ਸਾਹਮਣਾ ਕਰਦੀ ਹੈ।

ਉਸ ਦੀ ਹਾਲਤ ਇਕ ਕੱਟੀ ਹੋਈ ਪਤੰਗ ਵਾਂਗ ਹੈ, ਜਿਸ ਨੂੰ ਕੱਟੀ ਜਾਣ ’ਤੇ ਹਰ ਆਦਮੀ ਲੁੱਟਣ ਲਈ ਦੌੜਦਾ ਹੈ ਤੇ ਉਹ ਨੂੰਟ ਹੋ ਕੇ ਪੁਰਜਾ-ਪੁਰਜਾ ਹੋ ਜਾਂਦੀ ਹੈ। ਪਰ ਇਸ ਦੇ ਉਲਟ ਉਹ ਆਪਣੇ ਅਗਲੇ ਨਾਵਲ ’ਅੱਧ ਖਿੜਿਆ ਫੁੱਲ’ ਵਿਚ ਔਰਤ ਦੀ ਮਹਾਨਤਾ ਦੀ ਗੱਲ ਇਸ ਤਰ੍ਹਾਂ ਕਰਦਾ ਹੈ, ’’ਮੈਂ ਇਸਤਰੀ ਨੂੰ ਏਡੀ ਉਚਤਾ, ਏਡੀ ਵਿਸ਼ਾਲਤਾ ਕਿਵੇਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਸਤੀ ਦੀ ਕਾਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ ਹੇ ਇਸਤਰੀ ਤੂੰ ਕਿਵੇਂ ਪ੍ਰਾਪਤ ਕਰ ਲਿਆ?

ਸ਼ਿਵ ਕੁਮਾਰ ਬਟਾਲਵੀ ਔਰਤ ਦੀ ਮਹਾਨਤਾ ਬਾਰੇ ਇੰਝ ਲਿਖਦਾ ਹੈ, ’’ਗੱਲ ਕੀ ਔਰਤ ਕੁਦਰਤ ਦਾ ਇਕ ਅਜਿਹਾ ਅਦਭੁਤ ਤੇ ਰਹੱਸਮਈ ਕਰਿਸ਼ਮਾ ਹੈ ਜੋ ਆਦਿ ਕਾਲ ਤੋਂ ਹੀ ਸਾਰੇ ਸੰਸਾਰ ਦਾ ਭਾਰ ਚੁੱਕੀ ਫਿਰਦਾ ਹੈ। ਇੰਝ ਜਾਪਦਾ ਹੈ ਜਿਵੇਂ ਧਰਤੀ ਬਲਦ ਦਿਆਂ ਸਿੰਗਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਟਿਕੀ ਹੋਵੇ। ਦੂਜੇ ਬੰਨੇ ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ਤੇ ਨਿਰਭਰ ਕਰਦਾ ਹੈ। ਕਦੇ ਮਾਂ, ਕਦੇ ਭੈਣ, ਕਦੇ ਪਤਨੀ ਦੇ ਰੂਪ ਵਿਚ। ਜ਼ਾਹਿਰ ਹੈ ਔਰਤ, ਮਰਦ ਨੂੰ ਕੁਦਰਤ ਵੱਲੋਂ ਦਿੱਤੀ ਸਭ ਤੋਂ ਸ੍ਰੇਸ਼ਟ ਸੌਗਾਤ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੀ ਇੰਨਾ ਖੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ ਕਿਉਂਕਿ ਧਰਤੀ ’ਤੇ ਜੋ ਕੁਝ ਸੋਹਣਾ ਹੈ ਉਸ ਦੇ ਪਿੱਛੇ ਔਰਤ ਅਵੱਸ਼ ਹੈ।’’ ਸਮਾਜ ਦੇ ਇਸ ਚਿੱਕੜ ਵਿਚ ਔਰਤ ਰੂਪੀ ਕੰਵਲ ਖਿੜਦੇ ਹਨ। ਸਾਡੇ ਭਾਰਤ ਦੇ ਇਤਿਹਾਸ ਵਿਚ ਝਾਂਸੀ ਦੀ ਰਾਣੀ ਅਤੇ ਮਾਈ ਭਾਗੋ ਨੂੰ ਸ਼ਕਤੀ ਦਾ ਸੰਚਾਰ ਕਰਨ ਦਾ ਆਦਰਸ਼ ਮੰਨਦੇ ਹਨ। ਕਿਰਨ ਬੇਦੀ ਨੂੰ ਇਕ ਪ੍ਰਤਿਭਾਸ਼ਾਲੀ, ਬਲਵਾਨ ਤੇ ਇਕ ਸੁਚਾਰੂ ਪ੍ਰਬੰਧਕ, ਪੀ. ਟੀ. ਊਸ਼ਾ ਨੂੰ ਖੇਡ ਮੈਦਾਨ ਦੀ ਝੰਡਾ ਬਰਦਾਰ, ਅੰਮ੍ਰਿਤਾ ਪ੍ਰੀਤਮ, ਡਾ. ਦਲੀਪ ਕੌਰ ਟਿਵਾਣਾ ਤੇ ਲੇਖਿਕਾ ਅਜੀਤ ਕੌਰ ਨੂੰ ਸਾਹਿਤ ਦੀ ਵਿਲੱਖਣ ਹਸਤਾਖਰ, ਕਲਪਨਾ ਚਾਵਲਾ ਸਪੇਸ ਦੀ ਪਹਿਲੀ ਰਾਣੀ, ਲਤਾ ਮੰਗੇਸ਼ਕਰ ਨੂੰ ਸੁਰੀਲੀ ਆਵਾਜ਼ ਦੇ ਸੂਰਜ ਦਾ ਪ੍ਰਤੀਨਿਧ ਰੂਪ ਸਮਝਦੇ ਹਾਂ। ਭਾਵੇਂ ਇਹ

(ਬਾਕੀ ਸਫਾ 25 ਤੇ)

# ਪੰਜਾਬੀ ਫਿਲਮ ਦਰਪਣ

– ਅੰਮ੍ਰਿਤ ਪਵਾਰ



ਦੇਵਕੀ ਅਨੰਦ- ਓਲਡ ਇਜ ਗੋਲਡ

'ਮੇਰੇ ਯਾਰ ਦਾ ਡੋਲ ਚਲਿਆ' ਗੀਤ ਕਿਸੇ ਸਮੇਂ ਦੀ ਹਿੱਟ ਫਿਲਮ 'ਜੀਜਾ ਸਾਲੀ' ਦਾ ਗੀਤ ਬਣ ਹਿੱਟ ਰਿਹਾ ਸੀ। ਇਹ ਦੇਵਕੀ ਅਨੰਦ ਨੇ ਗਾਇਆ ਸੀ ਜੋ ਸੰਗੀਤਕਾਰ ਵਜੋਂ ਤਦ ਚੋਟੀ ਤੇ ਰਹੇ । ਅੱਜ ਕੱਲ ਦੇਵਕੀ ਅਨੰਦ ਸਰਗਰਮ ਹਨ । 'ਸਾਈਂ ਮਹਿਮਾ' ਭਜਨ ਤੇ ਗੀਤਾਂ ਲਈ ਸੰਗੀਤ ਤਿਆਰ ਕਰਦੇ ਹਨ । ਉਹਨਾਂ ਦੇ ਸੰਗੀਤ 'ਚ ਆਸ਼ਾ ਭੌਂਸਲੇ-ਸਾਧਨਾ ਸਰਗਮਰ ਨੇ ਵੀ ਗੀਤ ਗਾਏ ।

ਅਨੂ ਚੌਧਰੀ – ਮਿੱਠੂ ਦਾ ਵਿਆਹ

ਬੀਨੂੰ ਢਿੱਲੋਂ ਤੇ ਜੱਸੀ ਗਿੱਲ ਨਾਲ 'ਫੁੱਫੜ ਜੀ' ਫਿਲਮ ਦੀ ਹੀਰੋਇਨ ਰਹੀ ਅਨੂ ਚੌਧਰੀ ਸਰਗਮ ਹੈ। ਅਨੂ ਹੁਣ ਰਾਜਪਾਲ ਯਾਦਵ ਨਾਲ ਨਜ਼ਰ ਆਏਗੀ । ਫਿਲਮ ਦਾ ਨਾਮ 'ਮਿੱਠੂ ਦਾ ਵਿਆਹ' ਹੈ ਤੇ ਅਨੂ ਇਸ ਦੀ ਹੀਰੋਇਨ ਹੈ । ਅਨੂ ਨੇ ਮਾਡਿਲੰਗ ਦੇ ਨਾਲ- ਨਾਲ ਵੈਬ-ਸੀਰੀਜ 'ਰੰਗ ਬਰੰਗੀ' ਵੀ ਕੀਤੀ ਹੈ ।

ਸਰਗੁਮ ਮਹਿਤਾ – ਕਿੱਥੇ ਹੈ

ਕਰੋਨਾ ਨੇ ਸਭ ਉਲਟ-ਪੁਲਟ ਕੀਤਾ ਹੈ । ਸਰਗੁਨ ਮਹਿਤਾ ਪੂਰੀ ਸਟਾਰ ਸੀ ਪਰ ਹੁਣ ਨਵੇਂ ਸਿਰੇ ਤੋਂ ਸਿਤਾਰੇ ਸੰਘਰਸ਼ ਕਰ ਅੱਗੇ ਆਉਣਗੇ । ਲੋਕ ਕਾਫੀ ਕੁੱਝ ਭੁੱਲ ਜਾਂਦੇ ਹਨ । ਕਿਸਾਨ ਅੰਦੋਲਨ ਕਰੋਨਾ ਤੋਂ ਬਾਅਦ ਚੋਣਾਂ 'ਚ ਰੁੱਝੇ ਲੋਕ ਫਿਰ ਕੈਰੀਅਰ ਸਿਤਾਰਿਆਂ ਦਾ ਬਣਾਉਣਗੇ ਤੇ ਸਰਗੁਨ ਮਹਿਤਾ ਫਿਰ ਹਿੰਮਤ ਮਾਰੇਗੀ ।


ਨਵੀ ਸਿੰਘ – ਫਿਰ ਸਰਗਰਮ

ਵੀਡਿਉ ਨਿਰਦੇਸ਼ਕ ਨਵੀ ਸਿੰਘ ਨੇ ਫਿਰ ਰਫਤਾਰ ਫੜ੍ਹ ਲਈ ਹੈ । ਨਵੇਂ ਕਲਾਕਾਰਾਂ ਦੇ ਐਲਬਮ ਗੀਤ ਦੇ ਨਾਲ-ਨਾਲ ਇਸ ਵਾਰ ਉਹ ਬਲਿਊ ਡਾਇਮੰਗ ਲਈ ਇੱਕ ਸ਼ਾਰਟ ਫਿਲਮ ਡਾਇਰੈਕਟ ਕਰੇਗਾ । ਨਵੀ ਸਿੰਘ ਨਵੀ ਸੋਚ ਦਾ ਨਿਰਦੇਸ਼ਕ ਹੈ ।

ਗੁਰੀ ਸਿੰਘ – ਹਰਜੀਤ ਮੇਰਾ ਨਾਂਅ


ਟਿਕ-ਟਾਕ ਤੇ ਗਈ ਭਾਰਤ ਚੋਂ ਪਰ ਗੁਰੀ ਸਿੰਘ ਰੋਜ਼ਗਾਰ ਦੇ ਗਈ । ਸ਼ੈਰੀ ਮਾਨ ਤੋਂ ਇਲਾਵਾ ਕਈ ਗਾਇਕਾਂ ਦੇ ਵੀਡਿਉ ਕੀਤੇ ਤੇ ਹੁਣ ਕਈ ਲਘੂ ਫਿਲਮਾਂ ਕਰ ਰਿਹਾ ਹੈ । ਹਰਜੀਤ ਸਿੰਘ ਉਸਦਾ ਪੂਰਾ ਨਾਂਅ ਹੈ । ਕਈ ਲਘੂ ਹਾਸਰਾਸ ਸਕਿੱਟਾਂ 'ਚ ਉਸਦੀ ਬੇਗਮ ਉਸ ਨਾਲ ਹੁੰਦੀ ਹੈ।











# ਕਦੇ ਕਾਮੇਡੀਅਨ ਰਹੇ ਯੂਕ੍ਰੇਨ ਦੇ ਰਾਸ਼ਟਰਪਤੀ ਨੂੰ ਆਪਣੇ ਹੀ ਲੋਕਾਂ ਦੇ ਦੇਖਣੇ ਪੈ ਰਹੇ ਹੰਝੂ!

ਰੂਸ ਦੇ ਹਮਲੇ ਦਾ ਸਾਹਮਣਾ ਕਰ ਰਹੇ ਸਾਢੇ ਚਾਰ ਕਰੋੜ ਦੀ ਆਬਾਦੀ ਵਾਲੇ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇ-ਲੇਂਸਕੀ ਦੀ ਕਹਾਣੀ ਦਿਲਚਸਪ ਹੈ, ਜਿਨ੍ਹਾਂ ਨੇ ਰਾਜਨੀਤੀ ਤੋਂ ਨਿਰਾਸ਼ ਯੂਕ੍ਰੇਨ ਦੇ ਲੋਕਾਂ 'ਚ ਨਵੀਂ ਉਮੀਦ ਪੈਦਾ ਕੀਤੀ ਸੀ। ਕਾਮੇਡੀਅਨ ਤੋਂ ਰਾਸ਼ਟਰਪਤੀ ਬਣੇ ਵੋਲੋਦੀਮੀਰ ਜ਼ੇਲੇਂਸਕੀ ਸ਼ਾਂਤੀ ਅਤੇ ਸਾਫ਼-ਸੁਥਰੀ ਰਾਜਨੀਤੀ ਦੇ ਵਾਅਦੇ ਨਾਲ ਰਾਜਨੀਤੀ 'ਚ ਆਏ ਅਤੇ ਆਪਣੀ ਪਾਰਟੀ ਦਾ ਨਾਂ 'ਸਰਵੈਂਟ ਆਫ ਦਿ ਪੀਪੁਲਸ' ਰੱਖਿਆ ਸੀ।

ਕਦੇ ਪੂਰੇ ਦੇਸ਼ ਨੂੰ ਹਸਾ ਕੇ ਉਨ੍ਹਾਂ ਦਾ ਮਨੋਰੰਜਨ ਕਰਨ ਵਾਲੇ ਜ਼ੇਲੇਂਸਕੀ ਨੂੰ ਅੱਜ ਆਪਣੇ ਹੀ ਲੋਕਾਂ ਦੇ ਹੰਝੂ ਦੇਖਣੇ ਪੈ ਰਹੇ ਹਨ। 44 ਸਾਲਾ ਰਾਸ਼ਟਰਪਤੀ ਦੇ ਸਾਹਮਣੇ ਹੁਣ ਆਪਣੇ ਦੇਸ਼ ਨੂੰ ਸੁਰੱਖਿਅਤ ਰੱਖਣ ਅਤੇ ਅੰਤਰ-ਰਾਸ਼ਟਰੀ ਸਮਰਥਨ ਹਾਸਲ ਕਰਨ ਦੀ ਚੁਣੌਤੀ ਹੈ। ਹੁਣ ਯੂਕ੍ਰੇਨ 'ਤੇ ਰੂਸ ਦੇ ਹਮਲੇ ਨੇ ਇਸ ਰਾਸ਼ਟਰੀ ਨੇਤਾ ਨੂੰ ਅੰਤਰਰਾਸ਼ਟਰੀ ਸੰਕਟ ਦੇ ਕੇਂਦਰ 'ਚ ਲਿਆ ਦਿੱਤਾ ਹੈ, ਜਿਸ ਨਾਲ ਫਿਰ ਤੋਂ ਰੂਸ ਦੇ ਨਾਲ ਸੀਤ ਯੁੱਧ ਦੀਆਂ ਯਾਦਾਂ ਤਾਜ਼ਾ ਹੋ ਗਈਆਂ ਹਨ। ਯੂਕ੍ਰੇਨ ਦੇ ਮੱਧ ਸ਼ਹਿਰ ਕਿਰੀਵਈ ਰੀਹ 'ਚ ਯਹੂਦੀ ਪਰਿਵਾਰ 'ਚ ਪੈਦਾ ਹੋਏ ਵੋਲੋਦੀਮੀਰ ਜ਼ੇਲੇਂਸਕੀ ਨੇ ਕੀਵ ਨੈਸ਼ਨਲ ਇਕੋਨੋਮਿਕ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਪਰ ਅਸਲ 'ਚ ਉਹ ਸਫ਼ਲ ਕਾਮੇਡੀ ਦੇ ਖੇਤਰ 'ਚ ਸਫ਼ਲ ਹੋਏ।

**ਫ਼ਿਲਮਾਂ ਵੀ ਬਣਾ ਚੁੱਕੇ ਨੇ ਜ਼ੇਲੇਂਸਕੀ**

ਜਵਾਨੀ ਦੇ ਸਮੇਂ ਉਹ ਰੂਸੀ ਟੀ ਵੀ 'ਤੇ ਕਾਮੇਡੀ ਸ਼ੋਅ 'ਚ ਨਿਯਮਿਤ ਤੌਰ 'ਤੇ ਸ਼ਾਮਲ ਹੋਏ। ਸਾਲ 2003 'ਚ ਉਨ੍ਹਾਂ ਨੇ ਇਕ ਟੀ ਵੀ ਪ੍ਰੋਡਕਸ਼ਨ ਕੰਪਨੀ ਬਣਾਈ, ਜੋ ਉਨ੍ਹਾਂ ਦੀ ਕਾਮੇਡੀ ਟੀਮ 'ਕੇਵਾਰਤਾਲ-95' ਦੇ ਨਾਂ 'ਤੇ ਸੀ। ਉਨ੍ਹਾਂ ਦੀ ਕੰਪਨੀ ਨੇ ਯੂਕ੍ਰੇਨ ਦੇ 1+1 ਨੈੱਟਵਰਕ ਲਈ ਸ਼ੋਅ ਪ੍ਰੋਡਿਊਸ ਕੀਤੇ। ਇਸ ਕੰਪਨੀ ਦੇ ਵਿਵਾਦਿਤ ਅਰਬਪਤੀ ਮਾਲਕ ਇਹੋਰ ਕੋਲੋਮੋਇਸਕੀ ਨੇ ਬਾਅਦ 'ਚ ਰਾਸ਼ਟਰਪਤੀ ਅਹੁਦੇ ਲਈ ਜ਼ੇਲੇਂਸਕੀ ਦੀ ਉਮੀਦਵਾਰੀ ਦਾ ਸਮਰਥਨ ਕੀਤਾ। ਹਾਲਾਂਕਿ , ਸਾਲ 2010 ਦੇ ਦਹਾਕੇ 'ਚ ਟੀਵੀ ਅਤੇ ਫਿਲਮਾਂ 'ਚ ਉਨ੍ਹਾਂ ਦਾ ਕਰੀਅਰ ਵਧੀਆ ਚੱਲ ਰਿਹਾ ਸੀ। ਸਾਲ 2009 'ਚ ਉਨ੍ਹਾਂ ਨੇ 'ਲਵ ਇਨ ਦਿ ਬਿੱਗ ਸਿਟੀ' ਅਤੇ 2012 'ਚ ਜੇਵੇਸਕੀ ਬਨਾਮ ਨੇਪੋਲੀਅਨ ਫਿਲਮਾਂ ਬਣਾਈਆਂ ਸਨ।



**'ਸਰਵੈਂਟ ਆਫ ਦਿ ਪੀਪੁਲਸ'**

2014 ਯੂਕ੍ਰੇਨ ਲਈ ਉਥਲ-ਪੁਥਲ ਦਾ ਸਾਲ ਸੀ। ਕਈ ਮਹੀਨਿਆਂ ਤਕ ਚੱਲੇ ਪ੍ਰਦਰਸ਼ਨਾਂ ਤੋਂ ਬਾਅਦ ਯੂਕ੍ਰੇਨ ਦੇ ਰੂਸ ਸਮਰਥਕ ਰਾਸ਼ਟਰਪਤੀ ਵਿਕਟਰ ਯਾਨੁਕੋਵਿਚ ਨੂੰ ਸੱਤਾ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਰੂਸ ਨੇ ਕ੍ਰੀਮੀਆ 'ਤੇ ਕਬਜ਼ਾ ਕਰ ਲਿਆ ਅਤੇ ਦੇਸ਼ ਦੇ ਪੂਰਬੀ ਹਿੱਸੇ 'ਚ ਵੱਖਵਾਦੀ ਲੜਾਕਿਆਂ ਦਾ ਸਮਰਥਨ ਕੀਤਾ। ਇਨ੍ਹਾਂ ਘਟਨਾਵਾਂ ਤੋਂ ਇਕ ਸਾਲ ਬਾਅਦ 'ਸਰਵੈਂਟ ਆਫ ਦਿ ਪੀਪੁਲਜ਼' ਸੀਰੀਅਲ 1+1 ਨੈੱਟਵਰਕ 'ਤੇ ਪ੍ਰਦਰਸ਼ਿਤ ਹੋਇਆ ਸੀ, ਇਸ 'ਚ ਵਾਸੀਲੀ ਗੋਲੋਬੋਰੋਡਕੋ ਦਾ ਇਕ ਕਿਰਦਾਰ ਵਿਖਾਇਆ ਗਿਆ, ਜਿਸ ਨੇ ਇਕ ਇਤਿਹਾਸ ਦੇ ਅਧਿਆਪਕ ਤੋਂ ਦੇਸ਼ ਦੇ ਰਾਸ਼ਟਰਪਤੀ ਬਣਨ ਤੱਕ ਦਾ ਸਫਰ ਤੈਅ ਕੀਤਾ। ਕਿਰਦਾਰ ਨਿਭਾਅ ਰਹੇ ਜ਼ੇਲੇਂਸਕੀ ਨੇ ਅਸਲ ਜ਼ਿੰਦਗੀ 'ਚ ਇਹ ਕਾਰਨਾਮਾ ਕਰ ਵਿਖਾਇਆ ਅਤੇ ਉਹ 2019 'ਚ ਯੂਕ੍ਰੇਨ ਦੇ ਰਾਸ਼ਟਰਪਤੀ ਬਣੇ। ਜ਼ੇਲੇਂਸਕੀ ਨੇ ਆਪਣੇ ਮੁਕਾਬਲੇਬਾਜ਼ ਰਾਸ਼ਟਰਪਤੀ ਪੇਤਰੋ ਪੋਰੋਸ਼ੇਂਕੋ ਨੂੰ ਚੋਣਾਂ 'ਚ ਹਰਾ ਦਿੱਤਾ। ਪੋਰੋਸ਼ੇਂਕੋ ਉਨ੍ਹਾਂ ਨੂੰ ਗ਼ੈਰ-ਤਜਰਬੇਕਾਰ ਉਮੀਦਵਾਰ ਮੰਨ ਰਹੇ ਸਨ, ਬਾਅਦ 'ਚ ਇਹ ਗ਼ੈਰ-ਤਜਰਬੇਕਾਰੀ ਹੀ ਜ਼ੇਲੇਂਸਕੀ ਦੀ ਤਾਕਤ ਸਾਬਤ ਹੋਈ। ਜੁਲਾਈ 2020 'ਚ ਇਕ ਜੰਗਬੰਦੀ ਜ਼ਰੂਰ ਲਾਗੂ ਹੋਈ ਪਰ ਇੱਕਾ-ਦੁੱਕਾ ਝੜਪਾਂ ਜਾਰੀ ਰਹੀਆਂ। ਉੱਥੇ ਹੀ, ਜ਼ੇਲੇਂਸਕੀ ਨੇ ਹੋਰ ਮਜ਼ਬੂਤੀ ਨਾਲ ਯੂਕ੍ਰੇਨ ਦੇ ਯੂਰਪੀਅਨ ਯੂਨੀਅਨ ਅਤੇ ਫੌਜੀ ਗੰਠਜੋੜ ਨਾਟੋ ਦੀ ਮੈਂਬਰਸ਼ਿਪ ਹਾਸਲ ਕਰਨ ਦੀ ਗੱਲ ਕਹਿਣੀ ਸ਼ੁਰੂ ਕਰ ਦਿੱਤੀ, ਇਸ ਤੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਰਾਜ਼ ਹੋ ਗਏ।

# 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਔਰਤ ਦਾ ਸਨਮਾਨ'

ਬਹੁਤ ਥੋੜ੍ਹੇ ਗਿਣੇ-ਚੁਣੇ ਨਾਂ ਹੀ ਹਨ ਪਰ ਔਰਤ ਜਾਤੀ ਲਈ ਵੱਖ-ਵੱਖ ਖੇਤਰਾਂ ਦੇ ਆਦਰਸ਼ ਅਤੇ ਮੀਲ-ਪੱਥਰ ਹਨ। ਇਹਨਾਂ ਦਾ ਜੀਵਨ ਅਤੇ ਪ੍ਰਾਪਤੀਆਂ ਅਬਲਾ ਨੂੰ ਸਬਲਾ ਤੇ ਨਿਰਬਲ ਨੂੰ ਬਲਵਾਨ ਬਣਨ ਦੀ ਪ੍ਰੇਰਨਾ ਦਿੰਦੀਆਂ ਹਨ।

ਜੀਵਨ ਦਾ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ ਆਮ ਤੌਰ ਤੇ ਇਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿਚ ਜ਼ਿਕਰ ਆਉਂਦਾ ਹੈ, ''ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀਂ ਹੈ।'' ਇਸ ਲਈ ਪਤੀ ਨੂੰ ਆਪਣੀ ਪਤਨੀ ਨਾਲ ਇਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸਬੰਧ ਵਿਚ ਪਾਦਰੀ ਪਿਊਡਰ ਹੈਮਵਰਗ ਦਾ ਇਹ ਕਥਨ ਕਾਬਲ-ਏ-ਗੌਰ ਹੈ: ''ਇਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ ਉਹ ਹੈ ਉਹਨਾਂ ਦੀ ਮਾਂ ਨਾਲ ਅਥਾਹ ਪਿਆਰ।''

ਕਬੀਰ ਦਾਸ ਜੀ ਦਾ ਨਿਮਨ-ਲਿਖਤ ਦੋਹਾ ਔਰਤ ਦੀ ਵੇਦਨਾ ਬੜੇ ਸਪਸ਼ਟ ਰੂਪ ਵਿਚ ਪ੍ਰਗਟ ਕਰਦਾ ਹੈ:-

"ਵਾਹ! ਵਾਹ! ਰੇ ਅਬਲਾ ਨਾਰੀ,  
ਤੇਰੇ ਆਂਚਲ ਮੇਂ ਹੈ ਦੂਧ ਆਖੋਂ ਮੇਂ ਪਾਨੀ।''

ਪੰਜਾਬੀ ਦੇ ਮਸ਼ਹੂਰ ਪ੍ਰਗਤੀਵਾਦੀ ਸਮਾਜਵਾਦੀ ਸ਼ਾਇਰ ਪ੍ਰੋ: ਮੋਹਣ ਸਿੰਘ ਜੀ ਆਪਣੀ ਪਤਨੀ ਬਸੰਤ ਕੌਰ ਦੀ ਮੌਤ ਬਾਅਦ ਆਪਣੀ ਮਸ਼ਹੂਰ ਕਵਿਤਾ 'ਬਸੰਤ' ਵਿਚ ਔਰਤ ਦੀ ਮਹਾਨਤਾ ਤੇ ਉਸ ਤੋਂ ਲਈ ਪ੍ਰੇਰਨਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

''ਮੋਹਨ ਕਿੰਝ ਬਣਦਾ ਤੂੰ ਸ਼ਾਇਰ,  
ਜੇਕਰ ਮੈਂ ਨਾ ਮਰਦੀ।''

ਪ੍ਰੋ: ਮੋਹਨ ਸਿੰਘ ਜੀ ਦੀ ਇਕ ਕਵਿਤਾ ਵਿਚ ਹੋਰ ਮਾਂ ਦੀ ਮਹਾਨਤਾ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

ਮਾਂ ਵਰਗਾ ਘਣਛਾਵਾਂ ਬੂਟਾ, ਮੈਨੂੰ ਕਿਧਰੇ ਨਜ਼ਰ ਨਾ ਆਵੇ।  
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ।  
ਬਾਕੀ ਕੁੱਲ ਦੁਨੀਆਂ ਦੇ ਬੂਟੇ, ਜੜ੍ਹ ਸੁੱਕਿਆਂ ਸੁੱਕ ਜਾਂਦੇ।  
ਐਪਰ ਫੁੱਲਾਂ ਦੇ ਮੁਰਝਾਇਆ, ਇਹ ਬੂਟਾ ਸੁੱਕ ਜਾਵੇ।

ਵਾਰਿਸ ਸ਼ਾਹ ਪੰਜਾਬੀ ਦਾ ਸਿਰਮੌਰ ਕਵੀ ਹੈ, ਭਾਵੇਂ ਉਹ ਔਰਤ ਦੀ ਨਿੰਦਿਆ ਬੜੇ ਕੜੇ ਸ਼ਬਦਾਂ ਵਿਚ ਕਰਦਾ ਹੈ ਪਰ ਉਹ ਪੰਜਾਬੀ ਦੀ ਸ਼ਾਹਕਾਰ ਰਚਨਾ 'ਹੀਰ' ਨੂੰ 'ਭਾਗਭਰੀ' ਦੇ ਵਿਯੋਗ ਤੋਂ ਪ੍ਰੇਰਨਾ ਲੈ ਕੇ ਹੀ ਲਿਖ ਸਕਿਆ ਸੀ, ਕਿਉਂਕਿ ਭਾਗਭਰੀ ਨਾਲ ਉਸਦਾ ਰੋਮਾਂਸ ਚਲਦਾ ਸੀ। ਸ਼ਿਵ ਕੁਮਾਰ ਬਟਾਲਵੀ ਦੀ ਵਿਯੋਗ ਵਿਚੋਂ ਹੀ 'ਬਿਰਹੋਂ ਦਾ ਸੁਲਤਾਨ' ਬਣ ਸਕਿਆ ਸੀ। ਅੰਮ੍ਰਿਤਾ ਪ੍ਰੀਤਮ ਬੜੀ ਵੱਡੀ ਪੱਧਰ ਤੇ ਔਰਤ ਦੀ ਵੇਦਨਾ ਤੇ ਉਸ ਦੀ ਹੋਂਦ ਨੂੰ ਸ਼ਾਹਕਾਰ ਕਰਨ ਲਈ ਆਪਣੀ ਆਵਾਜ਼ ਨੂੰ ਆਪਣੀ ਬਹੁਤ ਹੀ ਪ੍ਰਸਿੱਧ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਵਿਚ ਭਾਰਤ ਦੇ ਹੋਏ ਬਟਵਾਰੇ ਸਮੇਂ ਔਰਤ ਦੀ ਹੋਈ ਦੁਰਗਤੀ ਬਾਰੇ ਆਪਣੀ ਆਵਾਜ਼ ਇਸ ਤਰ੍ਹਾਂ ਬੁਲੰਦ ਕਰਦੀ ਹੈ:

ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਸ ਸ਼ਾਹ ਨੂੰ ਕਹਿਣ।  
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ-ਲਿਖ ਮਾਰੇ ਵੈਣ।  
ਉਠ ਦਰਦਵੰਦਾਂ ਦਿਆ ਦਰਦੀਆ  
ਉਠ ਤੱਕ ਆਪਣਾ ਪੰਜਾਬ।

ਹੁਣ ਤੱਕ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਚੁੱਕਾ ਹੈ ਕਿ ਔਰਤ ਪ੍ਰਤੀ ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ ਤਰਫ਼ਦਾਰੀ ਤੇ ਵਕਾਲਤ ਕਰਦੇ ਹਨ- ਪਰ ਔਰਤ ਪ੍ਰਤੀ ਹਰ ਵਿਰੋਧੀ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਇਸ ਲਈ ਔਰਤ ਨੂੰ ਵੀ ਆਪਣੀ ਸੋਚ ਵਿਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ ਤਾਂ ਜੋ ਕੋਈ ਇਹ ਨਾ ਕਹਿ ਸਕੇ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ। ਕੇਵਲ ਉਹ ਸਮਾਜ ਹੀ ਸਭਿਅਤ ਅਖਵਾਉਣ ਦਾ ਹੱਕ ਰੱਖਦਾ ਹੈ, ਜਿਸ ਵਿਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿਚ ਪੰਡਤ ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ ''ਕਿਸੇ ਕੌਮ ਵਿਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿਚੋਂ ਇਕ ਹੈ।'' ਅਰਸਤੂ ਕਹਿੰਦਾ ਹੈ "ਔਰਤ ਦੀ ਉਨਤੀ ਅਤੇ ਗਿਰਾਵਟ ਤੇ ਹੀ, ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ ਕਰਦੀ ਹੈ।'' ਨਿਰਸੰਦੇਹ ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ ਕਿ, 'ਸੰਦਲੀ ਪੌਣਾਂ ਝੂੱਲਦੀਆਂ, ਜਿੱਥੇ ਨਾਰੀ ਦਾ ਸਨਮਾਨ।'

ਔਰਤ ਜਾਤੀ ਦੀਆਂ ਸਮੱਸਿਆਵਾਂ ਦਾ ਅਧਿਐਨ ਤੇ ਚਿੰਤਨ ਕਰਨਾ ਬੜਾ ਜ਼ਰੂਰੀ ਹੈ ਤਾਂ ਜੋ ਇਸ ਦਾ ਕੋਈ ਸਾਰਥਕ ਤੇ ਵਿਗਿਆਨਕ ਹੱਲ ਲੱਭਿਆ ਜਾ ਸਕੇ। ਔਰਤ ਨੂੰ ਨਿਰੋਲ ਵਸਤੂ ਜਾਂ ਪਦਾਰਥ ਨਾ ਸਮਝਦਿਆਂ ਹੋਇਆਂ ਉਸ ਨਾਲ ਸੁਖਾਵਾਂ ਤੇ ਸੁਹਿਰਦਤਾ ਵਾਲਾ ਵਿਵਹਾਰ ਕਰੀਏ। ਮੇਰੇ ਸਾਥੀਓ ਆਓ!

ਉਸ ਨੂੰ ਪੀੜਾਂ, ਕਸਕਾਂ, ਚਸਕਾਂ, ਹਉਕਿਆਂ-ਹਾਵਿਆਂ ਦੀ ਤ੍ਰਾਸਦੀ ਤੋਂ ਮੁਕਤੀ ਤੇ ਆਜ਼ਾਦੀ ਦਿਵਾਉਣ ਲਈ ਹਰ ਹੀਲਾ ਅਪਣਾਈਏ। ਇਸ ਲਈ ਸਾਨੂੰ ਭਾਵੇਂ ਕਿਸੇ ਲੰਮੇ ਸੰਘਰਸ਼ ਦਾ ਹੀ ਕਿਉਂ ਨਾ ਰਾਹ ਅਪਣਾਉਣਾ ਪਵੇ। ਜਨਮ-ਪੂਰਵ ਤੋਂ ਮਰਨ ਤੱਕ ਉਸ ਨੂੰ ਭਰੂਣ ਹੱਤਿਆ, ਬਲਾਤਕਾਰ, ਦਾਜ, ਵੇਸ਼ਵਾਪਣ, ਨਾ-ਬਰਾਬਰੀ, ਪਤੀ ਦਾ ਜ਼ੁਲਮ, ਅਸੁਰੱਖਿਆ ਤੇ ਅਨਪੜ੍ਹਤਾ ਆਦਿਕ ਅਨੇਕਾਂ ਗੰਭੀਰ ਸਮੱਸਿਆਵਾਂ 'ਚੋਂ ਗੁਜ਼ਰਨਾ ਪੈਂਦਾ ਹੈ। ਫਿਰ ਵੀ ਉਹ ਸਮਾਜ ਵਿਚ ਵਿੱਚਰ ਰਹੀ ਹੈ।

ਉਹ ਅਬਲਾ ਨਹੀਂ ਹੈ, ਕਮਜ਼ੋਰ ਨਹੀਂ ਹੈ, ਸਗੋਂ ਬਹੁਤ ਬਲਵਾਨ ਹੈ ਜੋ ਮਨੁੱਖੀ ਸ਼ਕਤੀ ਲਈ ਪ੍ਰੇਰਨਾ ਸਰੋਤ ਬਣ ਕੇ ਉਸ ਦੇ ਵਿਅਕਤਿਤਵ ਨੂੰ ਸਨਮਾਨਿਤ ਕਰਦੀ ਹੈ। ਇਸ ਲਈ ਔਰਤ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਾਡੇ ਸਮਾਜ ਨੂੰ ਹਰ ਹੀਲਾ ਵਰਤਣਾ ਪਵੇਗਾ ਤੇ ਆਪਣੀ ਸੋਚ ਨੂੰ ਬਦਲਣਾ ਪਵੇਗਾ ਤਾਂ ਹੀ ਔਰਤ ਆਪਣੀ ਸੁਤੰਤਰ ਸੋਚ ਰੱਖ ਕੇ ਸਮਾਜ ਵਿਚ ਬਰਾਬਰੀ ਦਾ ਰੁਤਬਾ ਪ੍ਰਾਪਤ ਕਰ ਸਕਦੀ ਹੈ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop